
NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

## ਅੱਜ ਨਾਮਾ

ਛਿੜਿਆ ਭੇੜ ਈਰਾਨ-ਅਮਰੀਕਨਾਂ ਦਾ,
ਦੋਵੇਂ ਆਖਦੇ ਅਸੀਂ ਨਹੀਂ ਘੱਟ ਮਿੱਤਰ।
ਜਿਹੜਾ ਬੋਲਦਾ, ਏਹੀ ਉਹ ਕਹੀ ਜਾਵੇ,
ਦਿਆਂਗੇ ਦੂਜਿਆਂ ਦੇ ਕੱਢ ਵੱਟ ਮਿੱਤਰ।
ਵਾਛੜ ਹੋਈ ਆਕਾਸ਼ ਨੂੰ ਜਦੋਂ ਪਹਿਲੀ,
ਯੂਕਰੇਨੀਆਂ ਨੂੰ ਪਈ ਆ ਸੱਟ ਮਿੱਤਰ।
ਗਏ ਜਹਾਜ਼ ਤੋਂ ਅੱਗੇ ਸੀ ਅੱਗ ਵਰ੍ਹਦੀ,
ਹੋਇਆ ਮੋੜ ਨਾ ਓਸ ਤੋਂ ਕੱਟ ਮਿੱਤਰ।
ਜਿਹੜੇ ਲੋਕ ਨਾ ਜੰਗ ਦਾ ਰੰਗ ਜਾਣਣ,
ਦਿੱਤੇ ਮੌਤ ਦੀ ਝੋਲੀ ਸੀ ਸੁੱਟ ਮਿੱਤਰ।
ਆਢਾ ਸਾਨ੍ਹਾਂ ਦਾ ਲੱਗਾ ਵਿਗੜਿਆਂ ਦਾ,
ਦਿੱਤੀ ਜੜ੍ਹ ਹੈ ਕਿਸੇ ਦੀ ਪੁੱਟ ਮਿੱਤਰ।

**ਤੀਸ ਮਾਰ ਖਾਂ**

## ਈਰਾਨ ਵੱਲੋਂ ਅਮਰੀਕੀ ਫ਼ੌਜੀ ਟਿਕਾਣਿਆਂ ਉੱਤੇ ਹਮਲੇ ਦੌਰਾਨ 80 ਲੋਕਾਂ ਦੀ ਮੌਤ ਦਾ ਦਾਅਵਾ



ਵਾਸ਼ਿੰਗਟਨ, 8 ਜਨਵਰੀ, (ਪੋਸਟ ਬਿਊਰੋ)- ਇਰਾਕ ਵਿੱਚ ਅਮਰੀਕੀ ਫ਼ੌਜੀ ਅੱਡੇ ਉੱਤੇ ਹਮਲੇ ਦੇ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ 'ਆਲ ਇਜ਼ ਵੈੱਲ' ਵਾਲੇ ਟਵੀਟ ਉੱਤੇ ਈਰਾਨੀ ਮੀਡੀਆ ਨੇ ਵਿਅੰਗ ਕਰਦੇ ਹੋਏ ਇਸ ਤੋਂ ਉਲਟ ਇਹ ਦਾਅਵਾ ਕੀਤਾ ਕਿ ਇਸ ਹਮਲੇ ਵਿੱਚ ਅਮਰੀਕੀ ਪਾਸੇ 80 ਮੌਤਾਂ ਹੋਈਆਂ ਹਨ।

ਈਰਾਨੀ ਦੇ ਸਰਕਾਰੀ ਟੈਲੀਵਿਜ਼ਨ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ 'ਆਲ ਇਜ਼ ਵੈੱਲ' ਦਾ ਬਿਆਨ ਈਰਾਨ ਦੇ ਹਮਲੇ ਨੂੰ ਘੱਟ ਦਿਖਾਉਣ ਦੀ ਕੋਸ਼ਿਸ਼ ਹੈ। ਇਸ ਤੋਂ ਪਹਿਲਾਂ ਈਰਾਨੀ ਮੀਡੀਆ ਦੇ ਵੱਲੋਂ ਸਮਾਚਾਰ ਏਜੰਸੀ ਨੇ ਜਾਣਕਾਰੀ ਦਿੱਤੀ ਕਿ ਇਰਾਕ ਵਿੱਚ ਅਮਰੀਕੀ ਫ਼ੌਜੀ ਅੱਡਿਆਂ ਉੱਤੇ ਹਮਲੇ ਵਿੱਚ 80 ਲੋਕਾਂ ਦੀ ਮੌਤ ਹੋ ਗਈ ਹੈ, ਪਰ ਇਸ ਦੀ ਬਾਕਾਇਦਾ ਪੁਸ਼ਟੀ ਨਹੀਂ ਕੀਤੀ ਗਈ। ਈਰਾਨ ਵੱਲੋਂ ਇਰਾਕ ਵਿੱਚ ਦੋ ਅਮਰੀਕੀ ਫ਼ੌਜੀ ਅੱਡਿਆਂ ਉੱਤੇ ਮਿਜ਼ਾਈਲ ਹਮਲੇ ਪਿੱਛੋਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਹਿਲੇ ਟਵੀਟ ਵਿੱਚ ਲਿਖਿਆ ਕਿ 'ਆਲ ਇਜ਼ ਵੈੱਲ', ਅਤੇ ਇਸ ਦੇ ਨਾਲ ਇਹ ਵੀ ਕਿਹਾ ਸੀ ਕਿ ਮ੍ਰਿਤਕਾਂ ਦੇ ਪਰਿਵਾਰਾਂ ਅਤੇ ਜ਼ਖ਼ਮੀਆਂ ਦੀ ਮਦਦ ਕੀਤੀ ਜਾਵੇ। ਸਾਡੇ ਕੋਲ ਦੁਨੀਆ ਦੀ ਸਭ ਤੋਂ ਤਾਕਤਵਰ ਤੇ ਸੂਝਵਾਨ ਫ਼ੌਜ ਹੈ।

## ਏਅਰਲਾਈਨਾਂ ਨੂੰ ਈਰਾਨੀ ਖੇਤਰ ਵਿੱਚ ਦੀ ਉਡਾਣ ਤੋਂ ਬਚਣ ਦੀ ਸਲਾਹ ਜਾਰੀ

ਨਵੀਂ ਦਿੱਲੀ, 8 ਜਨਵਰੀ, (ਪੋਸਟ ਬਿਊਰੋ)- ਮੱਧ ਪੂਰਬੀ ਖੇਤਰ ਵਿੱਚ ਅਮਰੀਕਾ-ਈਰਾਨ ਦੇ ਤਣਾਅ ਨੂੰ ਦੇਖਦੇ ਹੋਏ ਭਾਰਤ ਦੇ ਡਾਇਰੈਕਟਰ ਜਨਰਲ ਸਿਵਲ ਏਵੀਏਸ਼ਨ (ਡੀ ਜੀ ਸੀ ਏ) ਨੇ ਸਾਰੀਆਂ ਏਅਰਲਾਈਨਸ ਨੂੰ ਯਾਤਰੀਆਂ ਦੀ ਪੂਰੀ ਸੁਰੱਖਿਆ ਲਈ ਉਡਾਣਾਂ ਦੇ ਰਸਤੇ ਬਦਲਣ ਦੇ ਨਿਰਦੇਸ਼ ਦਿੱਤੇ ਹਨ।

ਅੱਜ ਏਅਰਲਾਈਨਸ ਨੂੰ ਦਿੱਤੇ ਗਏ ਆਦੇਸ਼ ਵਿੱਚ ਕਿਹਾ ਗਿਆ ਹੈ ਕਿ 'ਮੱਧ ਪੂਰਬ ਦੇ ਤਣਾਅ ਨੂੰ ਦੇਖਦੇ ਹੋਏ ਸਾਰੇ ਏਅਰ ਆਪਰੇਟਰਾਂ ਨੂੰ ਯੋਗ ਸਾਵਧਾਨੀ ਵਰਤਣ ਦਾ ਨਿਰਦੇਸ਼ ਦਿੱਤਾ ਜਾਂਦਾ ਹੈ।' ਇਸ ਵਿੱਚ ਯਾਤਰੀਆਂ ਦੀ ਪੂਰੀ ਤਰ੍ਹਾਂ ਸੁਰੱਖਿਆ ਯਕੀਨੀ ਕਰਨ ਲਈ ਉਨ੍ਹਾਂ ਦੀਆਂ ਉਡਾਣਾਂ ਨੂੰ ਮੁੜ ਯੋਜਨਾ ਬੱਧ ਕਰਨਾ ਸ਼ਾਮਲ ਹੈ।'

ਇਸ ਤੋਂ ਪਹਿਲਾਂ ਬੁੱਧਵਾਰ ਨੂੰ ਡੀ ਜੀ ਸੀ ਏ ਨੇ ਏਅਰਲਾਈਨਸ ਨੂੰ ਈਰਾਨ, ਇਰਾਕ, ਓਮਾਨ ਦੀ ਖਾੜੀ, ਫਰਾਂਸ ਦੀ ਖਾੜੀ ਦੇ ਜਲ ਖੇਤਰ ਵਿੱਚ ਸਾਵਧਾਨ ਰਹਿਣ ਲਈ ਕਿਹਾ ਸੀ। ਈਰਾਨ ਵਿੱਚ ਤਹਿਰਾਨ ਨੇੜੇ ਇਕ ਯੂਕ੍ਰੇਨੀ ਜਹਾਜ਼ ਦੇ ਹਾਦਸਾ ਗ੍ਰਸਤ ਹੋਣ ਅਤੇ 176 ਲੋਕਾਂ ਦੇ ਮਾਰੇ ਜਾਣ ਤੋਂ ਬਾਅਦ ਏਅਰਲਾਈਨਸ ਨੂੰ ਸਾਵਧਾਨੀ ਵਰਤਣ ਲਈ ਕਿਹਾ ਹੈ। ਸਿਵਲ ਹਵਾਬਾਜੀ ਦੇ ਡਾਇਰੈਕਟਰ ਜਨਰਲ (ਡੀ ਜੀ ਸੀ ਏ) ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਕ ਬੈਠਕ ਸੱਦੀ ਗਈ ਸੀ ਅਤੇ ਏਅਰਲਾਈਨਸ ਨੂੰ ਸੰਵੇਦਨਸ਼ੀਲ ਸਥਿਤੀ ਬਾਰੇ ਚੌਕਸ ਰਹਿਣ ਨੂੰ ਕਿਹਾ ਗਿਆ ਹੈ।

ਇਸ ਤੋਂ ਪਹਿਲਾਂ ਯੂ ਐੱਸ ਫੈਡਰਲ ਏਵੀਏਸ਼ਨ ਐਡਮਿਨਿਸਟਰੇਸ਼ਨ ਨੇ ਸਾਰੀਆਂ ਅਮਰੀਕੀ ਏਅਰਲਾਈਨਸ ਨੂੰ ਇਰਾਕ, ਈਰਾਨ ਅਤੇ ਇਸ ਦੇ ਨੇੜਲੀ ਖਾੜੀ ਅਤੇ ਓਮਾਨ ਦੀ ਖਾੜੀ ਦੇ ਸਮੁੰਦਰੀ ਇਲਾਕੇ ਵਿੱਚ ਤਣਾਅ ਦੀ ਸਥਿਤੀ ਦੇ ਕਾਰਨ ਉਸ ਪਾਸੇ ਤੋਂ ਲਾਂਭੇ ਰਹਿਣ ਨੂੰ ਕਿਹਾ ਹੈ। ਤਾਜ਼ਾ ਸਥਿਤੀ ਵਿੱਚ ਸਿੰਘਾਪੁਰ ਸਮੇਤ ਕਈ ਹੋਰ ਦੇਸ਼ਾਂ ਨੇ ਵੀ ਆਪਣੇ ਹਵਾਈ ਸੇਵਾ ਦੇਣ ਵਾਲੇ ਅਦਾਰਿਆਂ ਨੂੰ ਇਸ ਖੇਤਰ ਤੋਂ ਪਾਸੇ ਰਹਿਣ ਨੂੰ ਕਹਿ ਦਿੱਤਾ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

## ਜਵਾਬੀ ਕਾਰਵਾਈ ਦੀ ਧਮਕੀ ਦੇਂਦੇ ਟਰੰਪ ਨੇ ਈਰਾਨ ਨੂੰ 'ਮਹਾਨ ਦੇਸ਼' ਵੀ ਕਹਿ ਦਿੱਤਾ



ਵਾਸ਼ਿੰਗਟਨ, 8 ਜਨਵਰੀ, (ਪੋਸਟ ਬਿਊਰੋ)- ਬੁੱਧਵਾਰ ਨੂੰ ਈਰਾਨ ਵੱਲੋਂ ਕੀਤੇ ਗਏ ਹਮਲੇ ਪਿੱਛੋਂ ਵ੍ਹਾਈਟ ਹਾਊਸ ਵਿੱਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਨ ਲਈ 30 ਮਿੰਟ ਦੇਰੀ ਨਾਲ ਪਹੁੰਚੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਉੱਤੇ ਜਦੋਂ ਪੂਰੀ ਦੁਨੀਆ ਦੀਆਂ ਨਜ਼ਰਾਂ ਸਨ, ਕਿਉਂਕਿ ਲੋਕਾਂ ਨੂੰ ਸ਼ੱਕ ਸੀ ਕਿ ਸ਼ਾਇਦ ਉਹ ਈਰਾਨ ਨਾਲ ਸਿੱਧੀ ਜੰਗ ਛੇੜਨ ਦਾ ਐਲਾਨ ਕਰ ਕੇ ਤੀਜੇ ਵਿਸ਼ਵ ਯੁੱਧ ਦੇ ਹਾਲਾਤ ਦਾ ਮੁੱਢ ਨਾ ਬੰਨ੍ਹ ਦੇਣਗੇ, ਓਦੋਂ ਟਰੰਪ ਨੇ ਭਾਸ਼ਣ ਦੇ ਆਰੰਭ ਵਿੱਚ ਈਰਾਨ ਨੂੰ ਇੱਕ ਵਾਰ ਫਿਰ ਸ਼ਾਂਤੀ ਦੀ ਅਪੀਲ ਕਰ ਕੇ ਉਸ ਨੂੰ 'ਮਹਾਨ ਦੇਸ਼' ਵੀ ਕਹਿ ਦਿੱਤਾ।

ਡੋਨਾਲਡ ਟਰੰਪ ਨੇ ਭਾਸ਼ਣ ਸ਼ੁਰੂ ਕਰਦਿਆਂ ਕਿਹਾ ਕਿ 'ਮੈਂ ਜਦੋਂ ਦਾ ਅਮਰੀਕੀ ਰਾਸ਼ਟਰਪਤੀ ਬਣਿਆ ਹਾਂ, ਉਦੋਂ ਤੋਂ ਈਰਾਨ ਕੋਲ ਇਕ ਵੀ ਐਟਮੀ ਹਥਿਆਰ ਨਹੀਂ ਹੈ।' ਉਨ੍ਹਾਂ ਕਿਹਾ ਕਿ ਅਮਰੀਕਾ ਦੇ ਲੋਕ ਖੁਸ਼ ਤੇ ਮਾਣ ਮਹਿਸੂਸ ਕਰ ਰਹੇ ਹਨ ਤੇ ਈਰਾਨ ਵੱਲੋਂ ਕੀਤੇ ਗਏ ਹਮਲੇ ਵਿੱਚ ਕਿਸੇ ਅਮਰੀਕੀ ਦਾ ਕੋਈ ਨੁਕਸਾਨ ਨਹੀਂ ਹੋਇਆ, ਸਾਡੇ ਸਭ ਫੌਜੀ ਸੁਰੱਖਿਅਤ ਹਨ, ਬੱਸ ਫੌਜੀ ਕੈਂਪਾਂ ਨੂੰ ਥੋੜ੍ਹਾ ਨੁਕਸਾਨ ਹੋਇਆ ਹੈ। ਰਾਸ਼ਟਰਪਤੀ ਨੇ ਕਿਹਾ ਕਿ ਸਾਡੇ ਫੌਜੀ ਹਰ ਸਥਿਤੀ ਦੇ ਨਾਲ ਨਜਿੱਠਣ ਲਈ ਤਿਆਰ ਹਨ, ਮੈਂ ਉਨ੍ਹਾਂ ਫੌਜੀਆਂ ਨੂੰ ਸਲਾਮ ਕਰਦਾ ਹਾਂ, ਜਿਨ੍ਹਾਂ ਨੇ ਇਸ ਸਖਤ ਸਮੇਂ ਦਾ ਸਾਹਮਣਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਡੀ ਫੌਜ ਨੇ ਸਭ ਤੋਂ ਵੱਡੇ ਅੱਤਵਾਦੀ ਕਾਸਿਮ ਸੁਲੇਮਾਨੀ ਨੂੰ ਮਾਰ ਦਿੱਤਾ, ਉਹ ਕੁਦਸ ਫੋਰਸ ਦਾ ਮੁਖੀ ਸੀ ਅਤੇ ਆਪਣੀਆਂ ਗਲਤੀਆਂ ਕਾਰਨ ਮਾਰਿਆ ਗਿਆ। ਉਸ ਨੇ ਹਿਜ਼ਬੁੱਲਾ ਅੱਤਵਾਦੀ ਗਰੁੱਪ ਤੇ ਕਈ ਹੋਰਨਾਂ ਅੱਤਵਾਦੀਆਂ ਨੂੰ ਸਿਖਲਾਈ ਦਿੱਤੀ ਅਤੇ ਕਈ ਮਾਸੂਮ ਲੋਕਾਂ ਨੂੰ ਮਾਰਿਆ ਸੀ। ਸੁਲੇਮਾਨੀ ਨੇ ਸੜਕਾਂ ਉੱਤੇ ਬੰਬਾਂ ਦਾ ਜਾਲ ਵਿਛਾ ਕੇ ਅਮਰੀਕੀ ਫੌਜ ਦੇ ਹਜ਼ਾਰਾਂ ਜਵਾਨਾਂ ਦਾ ਕਤਲ ਕੀਤਾ ਸੀ। ਟਰੰਪ ਨੇ ਕਿਹਾ ਕਿ ਸੁਲੇਮਾਨੀ ਨੇ ਬਗਦਾਦ ਦੀ ਸਾਡੀ ਅੰਬੈਸੀ ਉੱਤੇ ਹਮਲਾ ਕਰਨ ਦੀ ਗੱਲ ਕਹੀ ਸੀ, ਪਰ ਉਸ ਨੂੰ ਸਾਡੀ ਫੌਜ ਨੇ ਪਹਿਲਾਂ ਹੀ ਮਾਰ ਦਿੱਤਾ। ਸੁਲੇਮਾਨੀ ਦੀ ਮੌਤ ਅੱਤਵਾਦੀ ਗਰੁੱਪਾਂ ਅਤੇ ਅੱਤਵਾਦੀਆਂ ਲਈ ਸੁਨੇਹਾ ਦੇ ਗਈ ਹੈ ਕਿ ਜੇ ਉਹ ਲੋਕਾਂ ਨੂੰ ਮਾਰਨ ਅਤੇ ਸਾਡੇ ਦੇਸ਼ ਦੇ ਖਿਲਾਫ ਕੋਈ ਕਾਰਵਾਈ ਕਰਨ ਦੀ ਸੋਚਣਗੇ ਤਾਂ ਉਨ੍ਹਾਂ ਦਾ ਹਸ਼ਰ ਸੁਲੇਮਾਨੀ ਤੋਂ ਵੀ ਮਾੜਾ ਹੋਵੇਗਾ।

ਇਸ ਮੌਕੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਈਰਾਨ ਇਕ ਮਹਾਨ ਦੇਸ਼ ਹੈ, ਮੈਨੂੰ ਆਸ ਹੈ ਕਿ ਈਰਾਨ ਅਮਨ ਲਈ ਹੱਥ ਵਧਾਵੇਗਾ। ਮੈਂ ਨਾਟੋ ਨੂੰ ਵੀ ਅਪੀਲ ਕਰਨੀ ਚਾਹੁੰਦਾ ਹਾਂ ਕਿ ਉਹ ਮਿਡਲ ਈਸਟ ਨੂੰ ਆਪਣਾ ਕੁਝ ਸਮਾਂ ਦੇਵੇ। ਪਿਛਲੇ 3 ਸਾਲਾਂ ਤੋਂ ਮੇਰੇ ਕਾਰਜਕਾਲ ਵਿੱਚ ਅਮਰੀਕਾ ਦੀ ਅਰਥ ਵਿਵਸਥਾ ਟਾਪ ਉੱਤੇ ਹੈ ਤੇ ਸਾਡਾ ਦੇਸ਼ ਦੁਨੀਆ ਦਾ ਤੇਲ ਤੇ ਕੁਦਰਤੀ ਗੈਸ ਪੈਦਾ ਕਰਨ ਵਿੱਚ ਪਹਿਲਾ ਦੇਸ਼ ਬਣ ਗਿਆ ਹੈ, ਅਸੀਂ ਆਤਮ-ਨਿਰਭਰ ਹੋ ਗਏ ਹਾਂ ਤੇ ਸਾਨੂੰ ਮਿਡਲ ਈਸਟ ਦੇਸ਼ਾਂ ਤੋਂ ਤੇਲ ਦੀ ਕੋਈ ਲੋੜ ਨਹੀਂ। ਸਾਡੀ ਫੌਜ ਪਹਿਲਾਂ ਤੋਂ ਕਿਤੇ ਵੱਧ ਤਾਕਤਵਰ ਹੋ ਗਈ ਹੈ ਤੇ ਸਾਡੀ ਫੌਜ ਦੀਆਂ ਤਾਕਤਵਰ ਮਿਜ਼ਾਈਲਾਂ ਸਾਡੇ ਦੁਸ਼ਮਣਾਂ ਨੂੰ ਸਕਿੰਟਾਂ ਵਿੱਚ ਮਾਰ ਸਕਦੀਆਂ ਹਨ। ਇਸ ਤੋਂ ਪਹਿਲਾਂ ਸਾਡੀ ਫੌਜ ਨੇ ਅੱਤਵਾਦੀ ਅਲ ਬਗਦਾਦੀ ਨੂੰ ਮਾਰਿਆ ਸੀ ਅਤੇ ਮੇਰੇ ਕਾਰਜਕਾਲ ਵਿੱਚ ਕਰੀਬ 10,000 ਅੱਤਵਾਦੀਆਂ ਨੂੰ ਮਾਰਿਆ ਗਿਆ ਹੈ। ਟਰੰਪ ਨੇ ਕਿ ਆਈ ਐੱਸ ਆਈ ਐੱਸ ਈਰਾਨ ਦਾ ਦੁਸ਼ਮਣ ਹੈ, ਮੈਂ ਚਾਹੁੰਦਾ ਹਾਂ ਕਿ ਈਰਾਨ ਸਾਡੇ ਨਾਲ ਮਿਲ ਕੇ ਅੱਤਵਾਦ ਨੂੰ ਖਤਮ ਕਰਨ ਲਈ ਕੰਮ ਕਰੇ। ਮੈਂ ਈਰਾਨ ਦੇ ਲੋਕਾਂ ਅਤੇ ਉਨ੍ਹਾਂ ਦੇ ਲੀਡਰਾਂ ਨੂੰ ਉਨ੍ਹਾਂ ਦੇ ਚੰਗੇ ਭਵਿੱਖ ਲਈ ਸੋਚ ਰਿਹਾ ਹਾਂ ਅਤੇ ਈਰਾਨ ਨਾਲ ਸ਼ਾਂਤੀ ਵਾਲੇ ਸੰਬੰਧ ਕਾਇਮ ਕਰਨਾ ਚਾਹੁੰਦਾ ਹਾਂ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਟੋਰੀ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ ਮੈਕੇਅ



ਓਟਵਾ, 8 ਜਨਵਰੀ (ਪੋਸਟ ਬਿਊਰੋ) : ਉਘੇ ਸਾਬਕਾ ਕੰਜ਼ਰਵੇਟਿਵ ਆਗੂ ਪੀਟਰ ਮੈਕੇਅ ਦਾ ਕਹਿਣਾ ਹੈ ਕਿ ਉਹ ਕੰਜ਼ਰਵੇਟਿਵ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਤੋਂ ਇਨਕਾਰ ਨਹੀਂ ਕਰ ਰਹੇ ਸਗੋਂ ਬੜੀ ਗੰਭੀਰਤਾ ਨਾਲ ਇਸ ਬਾਰੇ ਵਿਚਾਰ ਕਰ ਰਹੇ ਹਨ।

ਇਸ ਇੰਟਰਵਿਊ ਵਿੱਚ ਮੈਕੇਅ ਨੇ ਆਖਿਆ ਕਿ ਉਹ ਲੰਮੇਂ ਸਮੇਂ ਤੋਂ ਜਨਤਕ ਜ਼ਿੰਦਗੀ ਵਿੱਚ ਉਲਝੇ ਹੋਏ ਹਨ ਤੇ ਕਈ ਵਾਰੀ ਉਨ੍ਹਾਂ ਨੂੰ ਇਸ ਦੀ ਬਹੁਤ ਯਾਦ ਆਉਂਦੀ ਹੈ ਤੇ ਕਈ ਵਾਰੀ ਉਨ੍ਹਾਂ ਨੂੰ ਇੰਜ ਲੱਗਦਾ ਹੈ ਕਿ ਜਿੱਥੇ ਉਹ ਇਸ ਸਮੇਂ ਹਨ ਉੱਥੇ ਉਹ ਖੁਸ਼ ਹਨ। ਉਨ੍ਹਾਂ ਆਖਿਆ ਕਿ ਕੰਜ਼ਰਵੇਟਿਵ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣਾ ਹੈ ਜਾਂ ਨਹੀਂ ਇਸ ਬਾਰੇ ਨੇੜ ਭਵਿੱਖ ਵਿੱਚ ਉਹ ਜਲਦੀ ਫੈਸਲਾ ਕਰ ਲੈਣਗੇ।

ਉੱਘੇ ਟੋਰੀ ਆਗੂ ਕੋਲ 1997 ਤੋਂ 2015 ਤੱਕ ਹਾਊਸ ਆਫ ਕਾਮਨਜ਼ ਵਿੱਚ ਨੋਵਾ ਸਕੋਸ਼ੀਆ ਦੀ ਸੀਟ ਸੀ ਜਦੋਂ ਉਨ੍ਹਾਂ ਸਿਆਸਤ ਤੋਂ ਸੰਨਿਆਸ ਲੈਣ ਦਾ ਫੈਸਲਾ ਕੀਤਾ ਸੀ। ਉਨ੍ਹਾਂ ਕਈ ਕੈਬਨਿਟ ਅਹੁਦਿਆਂ ਉੱਤੇ ਕੰਮ ਕੀਤਾ ਜਿਵੇਂ ਕਿ ਨਿਆਂ ਮੰਤਰੀ, ਕੌਮੀ ਰੱਖਿਆ ਮੰਤਰੀ ਤੇ ਵਿਦੇਸ਼ ਮੰਤਰੀ ਆਦਿ। ਜਦੋਂ ਵੀ ਕੰਜ਼ਰਵੇਟਿਵ ਲੀਡਰਸ਼ਿਪ ਦੀ ਚਰਚਾ ਚੱਲਦੀ ਹੈ ਤਾਂ ਮੈਕੇਅ ਦਾ ਨਾਂ ਸਹਿਜ ਸੁਭਾਅ ਹੀ ਸਾਹਮਣੇ ਆ ਜਾਂਦਾ ਹੈ। ਅਹੁਦਾ ਛੱਡ ਰਹੇ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਵੱਲੋਂ ਆਪਣੇ ਇਸ ਫੈਸਲੇ ਬਾਰੇ ਐਲਾਨ ਕਰਨ ਤੋਂ ਬਾਅਦ ਵੀ ਇੱਕ ਵਾਰੀ ਫਿਰ ਮੈਕੇਅ ਦਾ ਨਾਂ ਸਾਹਮਣੇ ਆਇਆ।

ਇਸ ਬਾਰੇ ਪਹਿਲਾਂ ਵੀ ਇਹ ਕਨਸੋਆਂ ਸਨ ਕਿ ਮੈਕੇਅ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਦਾ ਮਨ ਬਣਾ ਰਹੇ ਹਨ। ਇਸ ਸਮੇਂ ਇਸ ਦੌੜ ਲਈ ਬਹੁਤ ਘਟ ਉਮੀਦਵਾਰ ਸਾਹਮਣੇ ਆਏ ਹਨ। ਕੰਜ਼ਰਵੇਟਿਵ ਐਮਪੀ ਪਿਏਰੇ ਪੋਇਲੀਵਰ ਤੇ ਐਰਿਨ ਓਟੂਲੇ ਨੇ ਵੀ ਇਸ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਦਾ ਮਨ ਬਣਾਇਆ ਹੈ। ਇਨ੍ਹਾਂ ਤੋਂ ਇਲਾਵਾ ਗੈਰਚੁਣੇ ਹੋਏ ਕੰਜ਼ਰਵੇਟਿਵ ਆਰਗੇਨਾਈਜ਼ਰ ਬ੍ਰਾਇਨ ਬਰੂਲੌਂਟੇ ਵੀ ਆਪਣੀ ਲੀਡਰਸ਼ਿਪ ਕੈਂਪੇਨ ਲਾਂਚ ਕਰ ਚੁੱਕੇ ਹਨ। ਸਾਬਕਾ ਕੰਜ਼ਰਵੇਟਿਵ ਅੰਤਰਿਮ ਆਗੂ ਰੋਨਾ ਐਂਬਰੋਜ਼ ਦੇ ਵੀ ਇਸ ਪਿੜ ਵਿੱਚ ਨਿੱਤਰਨ ਦੀ ਸੰਭਾਵਨਾ ਹੈ। ਸਾਬਕਾ ਕਿਊਬਿਕ ਪ੍ਰੀਮੀਅਰ ਜੀਨ ਚਾਰੈਸਟ ਦੇ ਵੀ ਇਸ ਦੌੜ ਵਿੱਚ ਹਿੱਸਾ ਲੈਣ ਦੀ ਚਰਚਾ ਹੈ।

UK TRUCK TRAINING CENTRE
ukttc
PCC #179958
Registered as a Private Careers College
We help in Written Test & in Finding Jobs
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
NEW LOCATION !!! 225 Sheldon Dr Unit 18, Cambridge Call Jitpal Singh Deol 647-204-1936
Kuldip Singh Grewal
647.894.8590
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Gurjot Singh Grewal 437.224.8500

We Provide services:
• Corporation Registration
• Corporation Tax Returns
• Personal Tax Retruns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਓਟਵਾ 'ਚ ਚੱਲੀ ਗੋਲੀ, ਇੱਕ ਹਲਾਕ, ਤਿੰਨ ਜ਼ਖ਼ਮੀ

ਓਟਵਾ, 8 ਜਨਵਰੀ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਡਾਊਨਟਾਊਨ ਓਟਵਾ ਵਿੱਚ ਚੱਲੀ ਗੋਲੀ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਤਿੰਨ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਓਟਵਾ ਪੁਲਿਸ ਨੇ ਦਿੱਤੀ।

ਮੌਕੇ ਦਾ ਮੁਆਇਨਾ ਕਰ ਰਹੇ ਐਕਟਿੰਗ ਇੰਸਪੈਕਟਰ ਫਰੈਂਕੋਇਸ ਦਾਓਸਤ ਨੇ ਆਖਿਆ ਕਿ ਪੁਲਿਸ ਦਾ ਮੰਨਣਾ ਹੈ ਕਿ ਇਹ ਹਮਲਾ ਕਿਸੇ ਨੂੰ ਨਿਸ਼ਾਨਾ ਬਣਾਉਣ ਲਈ ਕੀਤਾ ਗਿਆ ਤੇ ਸਿਟੀ ਵਿੱਚ ਕੋਈ ਵੀ ਐਕਟਿਵ ਸ਼ੂਟਰ ਮੌਜੂਦ ਨਹੀਂ ਸੀ। ਇਸ ਤੋਂ ਉਲਟ ਪਾਰਲੀਆਮੈਂਟ ਹਿੱਲ ਨੇੜਲੇ ਇਲਾਕੇ ਨੂੰ ਗਾਰਡ ਕਰਨ ਵਾਲੀ ਪਾਰਲੀਆਮੈਂਟਰੀ ਪ੍ਰੋਟੈਕਟਿਵ ਸਰਵਿਸ ਵੱਲੋਂ ਚੇਤਾਵਨੀ ਦਿੱਤੀ ਗਈ ਸੀ। ਇਸ ਘਟਨਾ ਤੋਂ ਬਾਅਦ ਜਾਰੀ ਕੀਤੇ ਗਏ ਬਿਆਨ ਅਨੁਸਾਰ ਨਾ ਤਾਂ ਪੁਲਿਸ ਨੇ ਕਿਸੇ ਨੂੰ ਹਿਰਾਸਤ ਵਿੱਚ ਲਿਆ ਹੈ ਤੇ ਨਾ ਹੀ ਉਨ੍ਹਾਂ ਕੋਲ ਕਿਸੇ ਅਜਿਹੇ ਵਿਅਕਤੀ ਦਾ ਵੇਰਵਾ ਹੀ ਹੈ ਜਿਸ ਦੀ ਉਨ੍ਹਾਂ ਵੱਲੋਂ ਭਾਲ ਕੀਤੀ ਜਾ ਰਹੀ ਹੈ। ਬਿਆਨ ਵਿੱਚ ਆਖਿਆ ਗਿਆ ਹੈ ਕਿ



ਜਾਂਚਕਾਰ ਇਸ ਗੱਲ ਨੂੰ ਲੈ ਕੇ ਸੰਤੁਸ਼ਟ ਹਨ ਕਿ ਇਸ ਘਟਨਾ ਨਾਲ ਨੈਸ਼ਨਲ ਸਕਿਉਰਿਟੀ ਨੂੰ ਕੋਈ ਖਤਰਾ ਨਹੀਂ ਸੀ।

ਬੁੱਧਵਾਰ ਸਵੇਰੇ 7:30 ਵਜੇ ਕਈ ਗੋਲੀਆਂ ਚੱਲਣ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਪੁਲਿਸ ਨੂੰ ਓਟਵਾ ਦੇ ਸੈਂਟਰਟਾਊਨ ਇਲਾਕੇ ਦੀ ਗਿੱਲਮੋਰ ਸਟਰੀਟ ਉੱਤੇ ਸਥਿਤ ਇਮਾਰਤ ਵਿੱਚ ਸੱਦਿਆ ਗਿਆ। ਓਟਵਾ ਪੈਰਾਮੈਡਿਕਸ ਸਰਵਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇੱਕ ਵਿਅਕਤੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਤੇ ਤਿੰਨ ਹੋਰਨਾਂ ਨੂੰ ਗੋਲੀਆਂ ਲੱਗਣ ਕਾਰਨ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਇਸ ਇਲਾਕੇ ਵਿੱਚ ਰਹਿਣ ਵਾਲੇ ਮਾਰਕ ਇਗਨਾਤੇਵ ਨੇ ਆਖਿਆ ਕਿ ਜਿਸ ਘਰ ਵਿੱਚ ਗੋਲੀਆਂ ਚੱਲੀਆਂ ਉਹ ਏਅਰਬੀਐਨਬੀ ਦਾ ਹੈ ਤੇ ਦੋ ਮੰਜ਼ਿਲਾਂ ਉੱਤੇ ਫਲੈਟ ਹਨ। ਉਸ ਨੇ ਦੱਸਿਆ ਕਿ ਗੋਲੀ ਪਹਿਲੀ ਮੰਜ਼ਿਲ ਦੇ ਫਲੈਟ ਵਿੱਚ ਚੱਲੀ। ਉਸ ਨੇ ਦੇਖਿਆ ਕਿ ਉਸ ਘਰ ਵਿੱਚੋਂ ਦੋ ਵਿਅਕਤੀਆਂ ਨੂੰ ਸਟ੍ਰੈਚਰ ਉੱਤੇ ਪਾ ਕੇ ਲਿਜਾਇਆ ਗਿਆ। ਇੱਕ ਦੀ ਲੱਤ ਵਿੱਚ ਗੋਲੀ ਲੱਗੀ ਸੀ ਤੇ ਦੂਜੇ ਦੀ ਬਾਂਹ ਉੱਤੇ ਗੋਲੀ ਲੱਗੀ ਸੀ। ਜ਼ਖ਼ਮੀਆਂ ਵਿੱਚੋਂ ਇੱਕ ਨੇ ਪੁਲਿਸ ਨੂੰ ਦੱਸਿਆ ਕਿ ਉਹ 20 ਸਾਲਾਂ ਦਾ ਹੈ।

ਇੱਥੇ ਗੁਆਂਢ ਵਿੱਚ ਹੀ ਰਹਿਣ ਵਾਲੀ ਗ੍ਰਿਫਿਥਜ਼ ਨੇ ਦੱਸਿਆ ਕਿ ਇਹ ਗੋਲੀਕਾਂਡ ਗੈਂਗ ਨਾਲ ਸਬੰਧਤ ਲੱਗਦਾ ਹੈ। ਉਸ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਮਈ ਵਿੱਚ ਵੀ ਇੱਥੇ ਗੋਲੀ ਚੱਲੀ ਸੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਉਨ੍ਹਾਂ ਵੱਲੋਂ ਓਟਵਾ ਦੇ ਮੇਅਰ ਜਿੰਮ ਵਾਟਸਨ ਨਾਲ ਇਸ ਗੋਲੀਕਾਂਡ ਤੇ ਇਸ ਮਾਮਲੇ ਦੀ ਜਾਂਚ ਬਾਰੇ ਗੱਲ ਕੀਤੀ ਗਈ ਹੈ। ਟਰੂਡੋ ਨੇ ਬੁੱਧਵਾਰ ਨੂੰ ਟਵਿੱਟਰ ਉੱਤੇ ਆਖਿਆ ਕਿ ਇਸ ਘਟਨਾ ਵਿੱਚ ਪ੍ਰਭਾਵਿਤ ਲੋਕਾਂ ਲਈ ਉਹ ਫਿਕਰਮੰਦ ਹਨ ਤੇ ਆਸ ਕਰਦੇ ਹਨ ਕਿ ਹਾਦਸੇ ਵਿੱਚ ਜ਼ਖ਼ਮੀ ਹੋਏ ਸਾਰੇ ਲੋਕ ਜਲਦ ਸਿਹਤਯਾਬ ਹੋ ਜਾਣ। ਉਨ੍ਹਾਂ ਤੁਰੰਤ ਮੌਕੇ ਉਤੇ ਪਹੁੰਚਣ ਵਾਲੇ ਪੈਰਾਮੈਡਿਕਸ ਤੇ ਪੁਲਿਸ ਕਰਮਚਾਰੀਆਂ ਦਾ ਧੰਨਵਾਦ ਵੀ ਕੀਤਾ।


# ਪਾਕਿਸਤਾਨੀ ਅਫ਼ਸਰਾਂ ਨੇ ਪਹਿਲੀ ਵਾਰ ਸਈਦ ਦੇ ਖ਼ਿਲਾਫ ਗਵਾਹੀ ਦਰਜ ਕਰਾਈ

ਲਾਹੌਰ, 8 ਜਨਵਰੀ, (ਪੋਸਟ ਬਿਊਰੋ)- ਅੱਤਵਾਦੀ ਸੰਗਠਨਾਂ ਨੂੰ ਫੰਡਿੰਗ ਕਰਵਾਉਣ ਦੇ ਕੇਸ ਵਿੱਚ ਮੁੰਬਈ ਅੱਤਵਾਦੀ ਹਮਲੇ ਦੇ ਮਾਸਟਰ ਮਾਈਂਡ ਹਾਫਿਜ਼ ਸਈਦ ਅਤੇ ਉਸ ਦੇ ਸਾਥੀਆਂ ਦੇ ਖ਼ਿਲਾਫ਼ ਮਾਲ ਮਹਿਕਮੇ ਦੇ ਅਧਿਕਾਰੀਆਂ ਸਮੇਤ ਛੇ ਜਣਿਆਂ ਨੇ ਅੱਜ ਪਹਿਲੀ ਵਾਰੀ ਅਦਾਲਤ ਵਿੱਚ ਗਵਾਹੀ ਦਿੱਤੀ ਹੈ। ਸਰਕਾਰੀ ਪੱਖ ਨੇ ਅਦਾਲਤ ਵਿੱਚ ਇਨ੍ਹਾਂ ਲੋਕਾਂ ਨੂੰ ਗਵਾਹ ਦੇ ਤੌਰ ਉੱਤੇ ਪੇਸ਼ ਕੀਤਾ ਸੀ, ਜਿੱਥੇ ਉਨ੍ਹਾਂ ਨੇ ਗਵਾਹੀ ਦਰਜ ਕਰਾਈ ਹੈ।

ਲਾਹੌਰ ਦੀ ਅੱਤਵਾਦ ਵਿਰੋਧੀ ਅਦਾਲਤ ਨੇ 11 ਦਸੰਬਰ ਨੂੰ ਹਾਫਿਜ਼ ਸਈਦ ਤੇ ਉਸ ਦੇ ਨੇੜਲੇ ਹਾਫਿਜ਼ ਅਬਦੁੱਲ ਸਲਾਮ, ਮੁਹੰਮਦ ਅਸ਼ਰਫ ਤੇ ਜ਼ਫਰ ਇਕਬਾਲ ਦੇ ਖ਼ਿਲਾਫ਼ ਅੱਤਵਾਦੀਆਂ ਨੂੰ ਫੰਡਿੰਗ ਦੇ ਕੇਸ ਵਿੱਚ ਦੋਸ਼ ਤੈਅ ਕੀਤੇ ਸਨ। ਅਦਾਲਤ ਵਿੱਚ

*** ਛੇ ਹੋਰਨਾਂ ਵਿਅਕਤੀਆਂ ਨੇ ਵੀ ਗਵਾਹੀ ਦਿੱਤੀ**

ਮਾਲ ਅਧਿਕਾਰੀਆਂ ਸਣੇ ਛੇ ਜਣਿਆਂ ਨੇ ਚਾਰ ਦੋਸ਼ੀਆਂ ਖ਼ਿਲਾਫ਼ ਗਵਾਹੀ ਦਿੱਤੀ ਹੈ। ਮਾਲੀ ਅਧਿਕਾਰੀਆਂ ਨੇ ਅਦਾਲਤ ਵਿੱਚ ਉਹ ਦਸਤਾਵੇਜ਼ ਵੀ ਪੇਸ਼ ਕੀਤੇ, ਜਿਨ੍ਹਾਂ ਤੋਂ ਉਨ੍ਹਾਂ ਦੇ ਬਿਆਨ ਦੀ ਪੁਸ਼ਟੀ ਹੁੰਦੀ ਹੈ। ਇਹ ਦਸਤਾਵੇਜ਼ ਹਾਫਿਜ਼ ਸਈਦ ਦੀ ਪਾਬੰਦੀ ਸ਼ੁਦਾ ਜਥੇਬੰਦੀ ਜਮਾਤ-ਉਦ-ਦਾਅਵਾ ਦੇ ਕੇਂਦਰਾਂ, ਸਹਿਯੋਗੀ ਸੰਗਠਨਾਂ ਅਤੇ ਲਾਹੌਰ ਦੀਆਂ ਮਸਜਿਦਾਂ ਨਾਲ ਸਬੰਧਤ ਹਨ, ਜਿਨ੍ਹਾਂ ਰਾਹੀਂ ਪੈਸੇ ਦਾ ਲੈਣ-ਦੇਣ ਕੀਤਾ ਜਾਂਦਾ ਸੀ। ਪਾਕਿਸਤਾਨ ਦੀ ਪੰਜਾਬ ਪੁਲਿਸ ਦੇ ਅੱਤਵਾਦ ਵਿਰੋਧੀ ਵਿਭਾਗ ਨੇ ਉਨ੍ਹਾਂ ਗਵਾਹਾਂ ਨੂੰ ਵੀ ਪੇਸ਼ ਕੀਤਾ, ਜਿਨ੍ਹਾਂ ਨੇ ਧਨ ਉਗਰਾਹੀ ਦੇ ਤਰੀਕਿਆਂ ਬਾਰੇ ਦੱਸਿਆ ਤੇ ਕਿਹਾ ਕਿ



ਬਾਅਦ ਵਿੱਚ ਇਕੱਠੀ ਰਕਮ ਅੱਤਵਾਦੀ ਟੋਲਿਆਂ ਨੂੰ ਦੇ ਦਿੱਤੀ ਜਾਂਦੀ ਸੀ। ਗਵਾਹੀ ਮੌਕੇ ਹਾਫਿਜ਼ ਸਈਦ ਅਤੇ ਉਸ ਦੇ ਸਾਥੀਆਂ ਦੇ ਵਕੀਲਾਂ ਨੇ ਗਵਾਹਾਂ ਨੂੰ ਸਵਾਲ ਵੀ ਪੁੱਛੇ। ਇਹ ਪ੍ਰਕਿਰਿਆ ਕਈ ਘੰਟੇ ਚੱਲੀ। ਇਸ ਤੋਂ ਬਾਅਦ ਜੱਜ ਅਰਸ਼ਦ ਹੁਸੈਨ ਭੱਟਾ ਨੇ ਅਦਾਲਤ ਮੁਲਤਵੀ ਕਰ ਦਿੱਤੀ। ਸੁਣਵਾਈ ਦੌਰਾਨ ਸਈਦ ਤੇ ਉਸ ਦੇ ਸਾਥੀ ਵੀ ਅਦਾਲਤ ਵਿੱਚ ਮੌਜੂਦ ਸਨ ਅਤੇ ਇਸ ਦੌਰਾਨ ਅਦਾਲਤ ਵਿੱਚ ਕਰੜੀ ਸੁਰੱਖਿਆ ਵਿਵਸਥਾ ਕੀਤੀ ਗਈ ਸੀ।

ਵਰਨਣ ਯੋਗ ਹੈ ਕਿ ਅੱਤਵਾਦ ਰੋਕੂ ਵਿਭਾਗ ਨੇ ਸਈਦ ਤੇ ਉਸ ਦੇ ਸਾਥੀਆਂ ਦੇ ਖ਼ਿਲਾਫ਼ ਵੱਖ-ਵੱਖ ਸ਼ਹਿਰਾਂ ਵਿੱਚ 23 ਕੇਸ ਦਰਜ ਕੀਤੇ ਸਨ, ਜਿਨ੍ਹਾਂ ਪਿੱਛੋਂ 17 ਜੁਲਾਈ ਨੂੰ ਸਈਦ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਮੰਨਿਆ ਜਾਂਦਾ ਹੈ ਕਿ ਜਮਾਤ-ਉਦ-ਦਾਅਵਾ ਅੱਤਵਾਦੀ ਸੰਗਠਨ ਉਸ ਲਸ਼ਕਰ-ਏ-ਤੋਇਬਾ ਲਈ ਪੈਸੇ ਦਾ ਪ੍ਰਬੰਧ ਕਰਦਾ ਸੀ, ਜਿਸ ਨੇ ਸਾਲ 2008 ਦਾ ਮੁੰਬਈ ਹਮਲਾ ਕਰਾਇਆ ਸੀ, ਜਿਸ ਵਿੱਚ ਛੇ ਅਮਰੀਕੀ ਨਾਗਰਿਕਾਂ ਸਣੇ 166 ਲੋਕ ਮਾਰੇ ਗਏ ਸਨ।

# ਭਾਰਤੀ ਫੌਜ ਦੇ ਸਾਬਕਾ ਮੁਖੀ ਜਨਰਲ ਚੌਧਰੀ ਦਾ ਹੈਰਾਨੀ ਵਾਲਾ ਬਿਆਨ

*** ਤਖ਼ਤਾ ਪਲਟ ਦੇ ਡਰ ਕਾਰਨ ਸੀ ਡੀ ਐੱਸ ਨਹੀਂ ਸੀ ਬਣਾਇਆ ਗਿਆ**

ਕੋਲਕਾਤਾ, 8 ਜਨਵਰੀ, (ਪੋਸਟ ਬਿਊਰੋ)- ਭਾਰਤੀ ਫੌਜ ਵਿੱਚ ਚੀਫ ਆਫ਼ ਡਿਫੈਂਸ ਸਟਾਫ਼ (ਸੀ ਡੀ ਐੱਸ) ਬਣਾਏ ਜਾਣ ਦੇ ਫੈਸਲੇ ਨੂੰ ਫੌਜ ਦੇ ਸਾਬਕਾ ਮੁਖੀ ਜਨਰਲ ਸ਼ੰਕਰ ਰਾਏ ਚੌਧਰੀ ਨੇ ਸਵਾਗਤ ਯੋਗ ਅਤੇ ਇਤਿਹਾਸਕ ਮੰਨਿਆ ਹੈ। ਉਨ੍ਹਾਂ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਤਖ਼ਤਾ ਪਲਟਣ ਦੇ ਡਰ ਕਾਰਨ ਇਹ ਨਹੀਂ ਸੀ ਬਣਾਇਆ।

ਅੱਜ ਬੁੱਧਵਾਰ ਨੂੰ ਕੋਲਕਾਤਾ ਵਿੱਚ ਜਨਰਲ ਸ਼ੰਕਰ ਰਾਏ ਚੌਧਰੀ ਨੇ ਕਿਹਾ ਕਿ ਦੇਸ਼ ਵਿੱਚ ਸੀ ਡੀ ਐੱਸ ਬਣਾਉਣ ਦੀ ਮੰਗ ਲੰਮੇ ਸਮੇਂ ਤੋਂ ਹੋ ਰਹੀ ਹੈ ਅਤੇ



ਲੋੜ ਇਸ ਗੱਲ ਦੀ ਸੀ ਕਿ ਜ਼ਮੀਨੀ ਫੌਜ, ਨੇਵੀ ਅਤੇ ਹਵਾਈ ਫ਼ੌਜ ਇਕ ਛੱਤ ਦੇ ਹੇਠਾਂ ਆ ਜਾਣ, ਪਰ ਸਮੱਸਿਆ ਸਿਆਸੀ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਦੇ ਪਿੱਛੇ ਓਦੋਂ ਦੀਆਂ ਸਰਕਾਰਾਂ ਦੇ ਦਿਲਾਂ ਵਿੱਚ ਸਮਾਇਆ ਹੋਇਆ ਤਖ਼ਤਾ ਪਲਟਣ ਦਾ ਡਰ ਸੀ। ਸਿਆਸੀ ਆਗੂਆਂ ਨੂੰ ਸ਼ੱਕ ਸੀ ਕਿ ਤਿੰਨੇ ਫੌਜਾਂ: ਜ਼ਮੀਨੀ ਫ਼ੌਜ, ਨੇਵੀ ਅਤੇ ਹਵਾਈ ਫ਼ੌਜ ਇਕੋ ਛੱਤ ਹੇਠ ਆ ਗਈਆਂ ਤਾਂ ਤਖ਼ਤਾ ਪਲਟ ਨਾ ਹੋ ਜਾਵੇ, ਏਸੇ ਲਈ ਏਸੇ ਸਾਲਾਂ ਤਕ ਦੇਸ਼ ਵਿੱਚ ਸੀ ਡੀ ਐੱਸ ਦਾ ਅਹੁਦਾ ਨਹੀਂ ਬਣਾਇਆ ਗਿਆ ਸੀ।

ਵਰਨਣ ਯੋਗ ਹੈ ਕਿ 31 ਦਸੰਬਰ ਨੂੰ ਜਨਰਲ ਬਿਪਿਨ ਰਾਵਤ ਭਾਰਤੀ ਫ਼ੌਜ ਮੁਖੀ ਦੇ ਅਹੁਦੇ ਤੇ ਸੇਵਾ ਮੁਕਤ ਹੋਏ ਸਨ ਅਤੇ ਇਕ ਜਨਵਰੀ ਨੂੰ ਉਨ੍ਹਾਂ ਨੇ ਦੇਸ਼ ਦੇ ਪਹਿਲੇ ਸੀ ਡੀ ਐੱਸ ਦਾ ਅਹੁਦਾ ਸੰਭਾਲਿਆ ਹੈ। ਫੌਜ ਦੇ ਸਾਬਕਾ ਮੁਖੀ ਨੇ ਕਿਹਾ ਕਿ ਤਿੰਨੇ ਫ਼ੌਜਾਂ ਦੇ ਚੰਗੇ ਤਾਲਮੇਲ ਲਈ ਸੀ ਡੀ ਐੱਸ ਦਾ ਅਹੁਦਾ ਬੜਾ ਮਹੱਤਵ ਪੂਰਨ ਹੈ। ਜਨਰਲ ਰਾਏ ਚੌਧਰੀ ਨੇ ਪਹਿਲੇ ਸੀ ਡੀ ਐੱਸ ਦੇ ਰੂਪ ਵਿੱਚ ਜਨਰਲ ਬਿਪਿਨ ਰਾਵਤ ਦੀ ਨਿਯੁਕਤੀ ਉੱਤੇ ਕਿਹਾ ਕਿ ਉਹ ਬੜੇ ਅਨੁਭਵੀ ਹਨ। ਏਨੇ ਸਾਲਾਂ ਤਕ ਉਨ੍ਹਾਂ ਨੇ ਭਾਰਤੀ ਫ਼ੌਜ ਨੂੰ ਸੇਵਾਵਾਂ ਦਿੱਤੀਆਂ ਹਨ। ਜਨਰਲ ਚੌਧਰੀ ਨੇ ਭਰੋਸਾ ਪ੍ਰਗਟਾਇਆ ਕਿ ਉਹ ਤਿੰਨੇ ਫ਼ੌਜਾਂ ਦੀਆਂ ਲੋੜਾਂ ਅਨੁਸਾਰ ਯੋਗ ਫ਼ੈਸਲੇ ਲੈਣਗੇ।

# ਕਾਲੇ ਧਨ ਦਾ ਮਾਮਲਾ: ਭਾਰਤ ਦੇ ਕਈ ਟਰੱਸਟ ਜਾਂਚ ਦੇ ਘੇਰੇ ਵਿੱਚ ਆਏ

ਨਵੀਂ ਦਿੱਲੀ, 8 ਜਨਵਰੀ (ਪੋਸਟ ਬਿਊਰੋ)- ਸਵਿਸ ਬੈਂਕ 'ਚ ਕਾਲਾ ਧਨ ਰੱਖਣ ਲਈ ਲੋਕ ਆਪਣੇ ਨਾਂਅ ਦੇ ਨਾਲ ਵੱਖ-ਵੱਖ ਟਰੱਸਟਾਂ ਦੇ ਨਾਂਅ 'ਤੇ ਵੀ ਖਾਤਾ ਖੁੱਲ੍ਹਵਾ ਲੈਂਦੇ ਹਨ। ਭਾਰਤ ਤੇ ਸਵਿੱਟਜ਼ਰਲੈਂਡ ਦੇ ਟੈਕਸ ਅਧਿਕਾਰੀਆਂ ਨੇ ਅਜਿਹੇ ਟਰੱਸਟਾਂ ਦੀ ਪਛਾਣ ਕੀਤੀ ਅਤੇ ਉਨ੍ਹਾਂ ਨੂੰ ਸਵਿੱਟਜ਼ਰਲੈਂਡ ਦੀਆਂ ਟੈਕਸ ਅਥਾਰਟੀਆਂ ਨੇ ਨੋਟਿਸ ਭੇਜੇ ਹਨ। ਏਹੀ ਨਹੀਂ, ਸਵਿੱਟਜ਼ਰਲੈਂਡ ਦੇ ਟੈਕਸ ਅਧਿਕਾਰੀ ਇਨ੍ਹਾਂ ਦੀਆਂ ਸੂਚਨਾਵਾਂ ਭਾਰਤ ਨਾਲ ਸਾਂਝੀਆਂ ਵੀ ਕਰ ਰਹੇ ਹਨ।

ਵਰਨਣ ਯੋਗ ਹੈ ਕਿ ਸਵਿੱਟਜ਼ਰਲੈਂਡ ਗਜ਼ਟ ਵਿੱਚ ਪਿਛਲੇ ਇੱਕ ਮਹੀਨੇ ਦੌਰਾਨ ਛਾਪੇ ਗਏ ਨੋਟਿਸਾਂ ਵਿੱਚ ਕੁਝ ਕਾਰੋਬਾਰੀਆਂ ਸਮੇਤ ਅਜਿਹੇ ਕਈ ਵਿਅਕਤੀਆਂ, ਕੇਮੈਨ ਆਈਲੈਂਡਸ ਸਥਿਤ ਟਰੱਸਟਾਂ ਤੇ ਕੰਪਨੀਆਂ ਨੂੰ ਕਿਹਾ ਗਿਆ ਹੈ ਕਿ ਜੇ ਉਹ ਭਾਰਤ ਨਾਲ ਬੈਂਕ ਸੂਚਨਾਵਾਂ ਸਾਂਝੀਆਂ ਕਰਨ ਖਿਲਾਫ ਅਪੀਲ ਕਰਨਾ ਚਾਹੁੰਦੇ ਹਨ ਤਾਂ ਉਹ ਆਪਣੇ ਨੁਮਾਇੰਦੇ ਨਾਮਜਦ ਕਰਨ। ਕੇਮੈਨ ਆਈਲੈਂਡਸ, ਪਨਾਮਾ ਤੇ ਬ੍ਰਿਟਿਸ਼ ਵਰਜਿਨ ਆਈਲੈਂਡ ਆਦਿ ਥਾਵਾਂ ਉੱਤੇ ਬਣਾਏ ਗਏ ਟਰੱਸਟਾਂ ਨੂੰ ਆਮ ਤੌਰ 'ਤੇ ਚੋਰੀ ਦਾ ਰਾਹ ਮੰਨਿਆ ਜਾਂਦਾ ਹੈ। ਇਨ੍ਹਾਂ ਨੋਟਿਸਾਂ 'ਚ ਜਿਨ੍ਹਾਂ ਕਾਰੋਬਾਰੀਆਂ ਦਾ ਨਾਂਅ ਸ਼ਾਮਲ ਹੈ ਉਨ੍ਹਾਂ 'ਚ ਅਤਲ ਪੁੰਜ, ਗੌਤਮ ਖੇਤਾਨ, ਸਤੀਸ਼ ਕਾਲਰਾ, ਵਿਨੋਦ ਕੁਮਾਰ ਕੰਨਾ, ਦੁੱਲਾਭਾਈ ਕੁੰਵਰਜੀ ਵਾਘੇਲਾ, ਰੀਵਾਬੇਨ ਦੁੱਲਾਭਾਈ ਕੁੰਵਰਜੀ ਵਾਘੇਲਾ ਅਤੇ ਬਲਵੰਤ ਕੁਮਾਰ ਦੁੱਲਾਭਾਈ ਵਾਘੇਲਾ ਸ਼ਾਮਲ ਹਨ। ਕੁਝ ਮਾਮਲਿਆਂ ਵਿੱਚ ਨੋਟਿਸ ਵਿੱਚ ਉਨ੍ਹਾਂ ਦਾ ਨਾਂਅ ਵੀ ਹੈ ਜਿਨ੍ਹਾਂ ਦਾ ਦਿਹਾਂਤ ਹੋ ਚੁੱਕਿਆ ਹੈ। ਇਸ ਹਾਲਤ ਵਿੱਚ ਉਨ੍ਹਾਂ ਵਾਰਸਾਂ ਨੂੰ ਨੋਟਿਸ ਦਾ ਜਵਾਬ ਦੇਣ ਨੂੰ ਕਿਹਾ ਗਿਆ ਹੈ। ਇਨ੍ਹਾਂ ਨੋਟਿਸਾਂ 'ਚ ਕੇਮੈਨ ਆਈਲੈਂਡਸ ਦੇ ਜਿਨ੍ਹਾਂ ਟਰੱਸਟਾਂ ਦਾ ਨਾਂਅ ਹੈ ਉਨ੍ਹਾਂ 'ਚ ਦਿ-ਪੀ ਦੇਵੀ ਚਿਲਡਰਨਸ ਟਰੱਸਟ, ਦਿ ਵਿਨੋਦ ਟਰੱਸਟ ਤੇ ਦਿ ਅਗਰਵਾਲ ਫੈਮਿਲੀ ਟਰੱਸਟ ਸ਼ਾਮਲ ਹਨ।

ਕਾਲਾ ਧਨ ਅਤੇ ਟੈਕਸ ਚੋਰਾਂ ਦੇ ਪਨਾਹਗਾਹ ਦੇ ਅਕਸ ਤੋਂ ਪ੍ਰੇਸ਼ਾਨ ਸਵਿੱਟਜ਼ਰਲੈਂਡ ਸਰਕਾਰ ਨੇ ਆਪਣੇ ਦੇਸ਼ ਦੇ ਅਕਸ ਨੂੰ ਬਦਲਣ ਲਈ ਬੀਤੇ ਕੁਝ ਸਾਲਾਂ ਵਿੱਚ ਕਈ ਸੁਧਾਰ ਕੀਤੇ ਹਨ। ਉਹ ਇਸ ਸੰਬੰਧੀ ਸਮਝੌਤੇ ਤਹਿਤ ਵੱਖ-ਵੱਖ ਦੇਸ਼ਾਂ ਨਾਲ ਬੈਂਕਿੰਗ ਸੂਚਨਾਵਾਂ ਸਾਂਝੀਆਂ ਕਰਨ ਲੱਗੇ ਹਨ। ਏਹੀ ਨਹੀਂ ਉਸ ਨੇ ਸੂਚਨਾਵਾਂ ਸਾਂਝੀਆਂ ਕਰਨ ਦੀ ਪ੍ਰਕਿਰਿਆ ਵੀ ਤੇਜ਼ ਕੀਤੀ ਹੈ। ਕਾਲੇ ਧਨ ਦਾ ਮਾਮਲਾ ਭਾਰਤ 'ਚ ਕਾਫੀ ਸੰਵੇਦਨਸ਼ੀਲ ਹੈ। ਸਵਿੱਟਜ਼ਰਲੈਂਡ ਨੇ ਮਾਰਚ ਤੋਂ ਅੱਜ ਤੱਕ ਕਰੀਬ 3500 ਭਾਰਤੀ ਖਾਤੇਦਾਰਾਂ ਨੂੰ ਨੋਟਿਸ ਜਾਰੀ ਕੀਤਾ ਹੈ। ਟੈਕਸ ਚੋਰੀ ਦੇ ਮਾਮਲੇ ਵਿੱਚ ਕਦਮ ਚੁੱਕਣ ਦੇ ਆਲਮੀ ਪੱਧਰ 'ਤੇ ਸਮਝੌਤੇ ਤੋਂ ਬਾਅਦ ਉਸ ਨੇ ਭਾਰਤ ਸਰਕਾਰ ਨਾਲ ਵੀ ਸਮਝੌਤਾ ਕੀਤਾ ਤੇ ਇਸੇ ਤਹਿਤ ਉਸ ਨੇ ਖਾਤੇਦਾਰਾਂ ਦੀਆਂ ਜਾਣਕਾਰੀਆਂ ਦੇਣੀਆਂ ਸ਼ੁਰੂ ਕੀਤੀਆਂ ਹਨ।

# ਮਜ਼ਦੂਰ ਯੂਨੀਅਨਾਂ ਦੀ ਹੜਤਾਲ ਦਾ ਕਈ ਰਾਜਾਂ ਵਿਚ ਵੱਡਾ ਅਸਰ

*** ਪੰਜਾਬ ਵਿੱਚ ਰਲਿਆ-ਮਿਲਿਆ ਅਸਰ ਵੇਖਿਆ ਗਿਆ**



ਨਵੀਂ ਦਿੱਲੀ, 8 ਜਨਵਰੀ, (ਪੋਸਟ ਬਿਊਰੋ)- ਭਾਰਤ ਦੀਆਂ ਕੇਂਦਰੀ ਟਰੇਡ ਯੂਨੀਅਨਾਂ ਦੀ ਹੜਤਾਲ ਕਾਰਨ ਅੱਜ ਇਸ ਦੇਸ਼ ਦੇ ਕਈ ਰਾਜਾਂ ਵਿਚ ਆਮ ਜਨਜੀਵਨ ਠੱਪ ਹੋ ਗਿਆ। ਹੜਤਾਲ ਦਾ ਬਹੁਤਾ ਅਸਰ ਕਈ ਕਿਸਮ ਦੀਆਂ ਬੈਂਕਿੰਗ ਤੇ ਆਵਾਜਾਈ ਸੇਵਾਵਾਂ ਉੱਤੇ ਪਿਆ, ਪਰ ਹੋਰ ਕਾਰਬਾਰ ਆਮ ਕਰ ਕੇ ਚੱਲਦੇ ਰਹੇ।

ਅੱਜ ਖੱਬੇ ਪੱਖੀ ਪਾਰਟੀਆਂ ਦੀ ਸਰਕਾਰ ਵਾਲੇ ਕੇਰਲਾ ਅਤੇ ਕੁਝ ਹੋਰ ਰਾਜਾਂ: ਜਿਵੇਂ ਆਸਾਮ, ਬੰਗਾਲ ਵਿਚ ਸੜਕ ਤੇ ਰੇਲ ਸੇਵਾਵਾਂ ਹੜਤਾਲ ਦੇ ਸੱਦੇ ਤੋਂ ਕਾਫੀ ਪ੍ਰਭਾਵਤ ਰਹੀਆਂ। ਯੂਨੀਅਨਾਂ ਨੇ ਕੇਂਦਰ ਸਰਕਾਰ ਦੀ ਆਰਥਕ ਨੀਤੀਆਂ ਨੂੰ ਮਜ਼ਦੂਰ ਤੇ ਲੋਕ ਵਿਰੋਧੀ ਕਹਿ ਕੇ ਇਸ ਹੜਤਾਲ ਦਾ ਇਹ ਸੱਦਾ ਦਿਤਾ ਸੀ। ਤ੍ਰਿਪੁਰਾ ਵਰਗੇ ਰਾਜਾਂ ਵਿਚ ਬੈਂਕਾਂ ਤੇ ਵਿੱਤੀ ਸੰਸਥਾਵਾਂ ਦੀਆਂ ਕਈ ਬਰਾਂਚਾਂ ਆਮ ਤੌਰ ਉੱਤੇ ਬੰਦ ਰਹੀਆਂ। ਬਾਕੀ ਸਾਰੇ ਭਾਰਤ ਵਿੱਚ ਵੀ ਟਰੇਡ ਯੂਨੀਅਨਾਂ ਨੇ ਥਾਂ-ਥਾਂ ਧਰਨੇ ਪ੍ਰਦਰਸ਼ਨ ਕੀਤੇ। ਇਸ ਦੌਰਾਨ ਟਰੇਡ ਯੂਨੀਅਨਾਂ ਨੇ ਦਾਅਵਾ ਕੀਤਾ ਕਿ ਹੜਤਾਲ ਵਿਚ ਲਗਭਗ 25 ਕਰੋੜ ਲੋਕ ਸ਼ਾਮਲ ਹੋਏ ਹੋ ਸਕਦੇ ਹਨ, ਪਰ ਸਰਕਾਰ ਦਾ ਦਾਅਵਾ ਹੈ ਕਿ ਦੇਸ਼ ਵਿਚ ਕਿਤੇ ਵੀ ਜ਼ਰੂਰੀ ਸੇਵਾਵਾਂ ਉੱਤੇ ਅਸਰ ਪੈਣ ਦੀ ਕੋਈ ਖ਼ਬਰ ਨਹੀਂ ਹੈ, ਉਂਜ ਪੱਛਮੀ ਬੰਗਾਲ ਵਿੱਚ ਰੇਲ ਆਵਾਜਾਈ ਪ੍ਰਭਾਵਤ ਹੋਈ ਹੈ।

ਹੜਤਾਲ ਦੌਰਾਨ ਕੇਰਲਾ ਵਿਚ ਸਰਕਾਰੀ ਅਤੇ ਨਿਜੀ ਬੱਸਾਂ ਸੜਕਾਂ ਉੱਤੇ ਨਹੀਂ ਆਈਆਂ। ਥਿਰੂਵਨੰਤਪੁਰਮ ਵਿਚ ਸਰਕਾਰ ਦੀਆਂ ਸ਼ਹਿਰੀ ਅਤੇ ਲੰਮੀ ਦੂਰੀ ਦੇ ਰੂਟਾਂ ਦੀਆਂ ਬੱਸ ਸੇਵਾਵਾਂ ਬੰਦ ਰਹੀਆਂ। ਸੜਕਾਂ ਉੱਤੇ ਵਾਹਨਾਂ ਅਤੇ ਆਟੋ ਰਿਕਸ਼ਾ ਦੀ ਆਵਾਜਾਈ ਵੀ ਘੱਟ ਹੀ ਸੀ। ਪਛਮੀ ਬੰਗਾਲ ਦੇ ਕਈ ਹਿੱਸਿਆਂ ਵਿਚ ਸੜਕ ਅਤੇ ਰੇਲ ਆਵਾਜਾਈ ਪ੍ਰਭਾਵਤ ਰਹੀ। ਹੜਤਾਲ ਸਮਰਥਕਾਂ ਨੇ ਰਾਜ ਦੇ ਕੁਝ ਹਿੱਸਿਆਂ ਵਿਚ ਰੈਲੀਆਂ ਕੱਢ ਕੇ ਰੇਲ ਪਟੜੀਆਂ ਜਾਮ ਕਰ ਦਿਤੀਆਂ। ਪੁਲਿਸ ਨੇ ਫ਼ੌਰੀ ਤੌਰ ਉੱਤੇ ਵਾਹਨਾਂ ਦੀ ਆਵਾਜਾਈ ਯਕੀਨੀ ਕਰਨ ਲਈ ਉਨ੍ਹਾਂ ਨੂੰ ਪਟੜੀਆਂ ਤੋਂ ਹਟਾ ਦਿੱਤਾ।

ਇਸ ਬੰਦ ਦਾ ਪੰਜਾਬ ਵਿੱਚ ਵੀ ਚੋਖਾ ਅਸਰ ਦਿਖਾਈ ਦਿੱਤਾ, ਪਰ ਬਾਜ਼ਾਰ ਆਮ ਵਾਂਗ ਖੁੱਲ੍ਹੇ ਰਹੇ। ਸਰਕਾਰੀ ਅਤੇ ਪ੍ਰਾਈਵੇਟ ਬੱਸਾਂ ਕੁਝ ਇਲਾਕਿਆਂ ਵਿੱਚ









# ਕੈਨੇਡਾ 'ਚ ਪੰਜਾਬੀ ਵਿਦਿਆਰਥੀਆਂ ਦਾ ਸਵਾਗਤ, ਬਸ਼ਰਤੇ ਬੱਚੇ ਪੜ੍ਹਨ ਲਈ ਅਤੇ ਸਹੀ ਤਰੀਕੇ ਨਾਲ ਹੀ ਆਉਣ : ਸੁੱਖ ਧਾਲੀਵਾਲ

## ਪੰਜਾਬ ਪਹੁੰਚੇ ਸੁੱਖ ਧਾਲੀਵਾਲ ਦਾ ਗੈਰ ਸਰਕਾਰੀ ਸੰਸਥਾ ਕਿਰਤ ਸੇਵਾ ਵੱਲੋਂ ਵਿਸ਼ੇਸ਼ ਸਨਮਾਨ




ਲੁਧਿਆਣਾ, 8 ਜਨਵਰੀ (ਗਿਆਨ ਸਿੰਘ): ਕੈਨੇਡਾ ਵਿੱਚ ਚੌਥੀ ਵਾਰ ਸੰਸਦ ਮੈਂਬਰ ਬਣੇ ਸੁਖਮਿੰਦਰ ਸਿੰਘ ਸੁੱਖ ਧਾਲੀਵਾਲ ਪੰਜਾਬ ਦੌਰੇ 'ਤੇ ਆਏ ਹੋਏ ਹਨ। ਅੱਜ ਗੈਰ ਸਰਕਾਰੀ ਸੰਸਥਾ ਕਿਰਤ ਸੇਵਾ ਵੱਲੋਂ ਉਨਾਂ ਦਾ ਵਿਸ਼ੇਸ਼ ਸਨਮਾਨ ਸਥਾਨਕ ਯੂ. ਸੀ. ਪੀ. ਐੱਮ. ਏ. ਦਫ਼ਤਰ ਵਿਖੇ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਜ਼ਿਲਾ ਲੋਕ ਸੰਪਰਕ ਅਫ਼ਸਰ ਪ੍ਰਭਦੀਪ ਸਿੰਘ ਨਥੋਵਾਲ, ਪ੍ਰਵਾਸੀ ਪੰਜਾਬੀ ਕ੍ਰਿਪਾਲ ਸਿੰਘ ਮਾਂਗਟ ਤੇ ਸੁਰਿੰਦਰਪਾਲ ਸਿੰਘ ਮਾਹਲ (ਸੀ. ਆਰ), ਦਰਸ਼ਨ ਸਿੰਘ ਮੱਕੜ, ਕਿਰਤ ਸੇਵਾ ਦੇ ਪ੍ਰਧਾਨ . ਮਨਜੀਤ ਸਿੰਘ ਖਾਲਸਾ, ਸੀਸੂ ਦੇ ਪ੍ਰਧਾਨ ਉਪਕਾਰ ਸਿੰਘ ਅਹੂਜਾ ਅਤੇ ਹੋਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਇਸ ਮੌਕੇ ਰੱਖੇ ਸਮਾਗਮ ਨੂੰ ਸੰਬੋਧਨ ਕਰਦਿਆਂ ਸੁੱਖ ਧਾਲੀਵਾਲ ਨੇ ਕਿਹਾ ਕਿ ਕੈਨੇਡਾ ਇੱਕ ਅਮਨ ਪਸੰਦ ਅਤੇ ਕਿਰਤ ਕਰਨ ਵਾਲੇ ਲੋਕਾਂ ਦਾ ਦੇਸ਼ ਹੈ। ਇਸ ਦੇਸ਼ ਵਿੱਚ ਕਿਰਤ ਕਰਕੇ ਨਾਮ ਬਣਾਉਣ ਵਾਲੇ ਲੋਕਾਂ ਦੀ ਕਦਰ ਵੀ ਪੈਂਦੀ ਹੈ। ਪਿਛਲੇ ਸਮੇਂ ਦੌਰਾਨ ਪੰਜਾਬੀਆਂ ਵਿਦਿਆਰਥੀਆਂ ਦੀ ਆਮਦ ਵਿੱਚ ਆਈ ਭਾਰੀ ਬੜਤ ਬਾਰੇ ਉਨਾਂ ਕਿਹਾ ਕਿ ਕੈਨੇਡਾ ਪੜਨ ਆਉਣ ਵਾਲੇ ਪੰਜਾਬੀ ਵਿਦਿਆਰਥੀਆਂ ਦਾ ਉਹ ਸਵਾਗਤ ਕਰਦੇ ਹਨ ਬਸ਼ਰਤੇ ਵਿਦਿਆਰਥੀ ਸਹੀ ਮਾਅਨਿਆਂ ਵਿੱਚ ਪੜਾਈ ਕਰਨ ਅਤੇ ਕਾਨੂੰਨੀ ਰਸਤਾ ਅਖ਼ਤਿਆਰ ਕਰਕੇ ਹੀ ਕੈਨੇਡਾ ਆਉਣ। ਪੜਾਈ ਕਰਕੇ ਪੀ. ਆਰ. ਲੈਣ ਦਾ ਯਤਨ ਕਰਨ ਵਾਲੇ ਵਿਦਿਆਰਥੀਆਂ ਨੂੰ ਕਿਸੇ ਵੀ ਤਰਾਂ ਦੀ ਕੋਈ ਮੁਸ਼ਕਿਲ ਦਾ ਸਾਹਮਣਾ ਨਹੀ ਕਰਨਾ ਪੈਂਦਾ।

ਉਨਾਂ ਕੈਨੇਡਾ ਵਿੱਚ ਪੰਜਾਬੀ ਵਿਦਿਆਰਥੀਆਂ ਦੇ ਸੋਸ਼ਣ ਬਾਰੇ ਕਿਹਾ ਕਿ ਇਸ ਲਈ ਕਿਸੇ ਹੱਦ ਤੱਕ ਸਾਡੇ ਵਿਦਿਆਰਥੀ ਹੀ ਜਿੰਮੇਵਾਰ ਹਨ। ਉਨਾਂ ਕਿਹਾ ਕਿ ਵਿਦਿਆਰਥੀ ਕੈਨੇਡਾ ਜਾਂਦੇ ਤਾਂ ਪੜਨ ਹਨ ਪਰ ਉਹ ਪੜਾਈ ਨੂੰ ਪਿੱਛੇ ਰੱਖ ਕੇ ਗੈਰਕਾਨੂੰਨੀ ਤਰੀਕੇ ਨਾਲ ਨਿਰਧਾਰਤ ਸਮੇਂ ਤੋਂ ਜਿਆਦਾ ਕੰਮ ਕਰਦੇ ਹਨ। ਜੇਕਰ ਉਹ ਨਿਰਧਾਰਤ ਸਮਾਂ ਹੀ ਕੰਮ ਕਰਨ ਉਹ ਤਾਂ ਵੀ ਆਪਣਾ ਗੁਜ਼ਾਰਾ ਵਧੀਆ ਤਰੀਕੇ ਨਾਲ ਕਰ ਸਕਦੇ ਹਨ। ਉਨਾਂ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਬੱਚਿਆਂ ਨੂੰ ਪੜਾਈ ਲਈ ਭੇਜਣ ਉਪਰੰਤ ਉਨਾਂ ਤੋਂ ਉਦੋਂ ਤੱਕ ਡਾਲਰਾਂ ਦੀ ਮੰਗ ਨਾ ਕਰਨ ਜਦੋਂ ਤੱਕ ਉਨਾਂ ਦੀ ਪੜਾਈ ਮੁਕੰਮਲ ਨਹੀਂ ਹੁੰਦੀ। ਇਸ ਨਾਲ ਵਿਦਿਆਰਥੀਆਂ ਦਾ ਸੋਸ਼ਣ ਵੱਡੇ ਪੱਧਰ 'ਤੇ ਰੁਕ ਸਕਦਾ ਹੈ।

ਇਸ ਮੌਕੇ ਵੱਡੀ ਗਿਣਤੀ ਵਿੱਚ ਇਕੱਤਰ ਸ਼ਹਿਰ ਦੀਆਂ ਸਨਅਤੀ ਸਖਸ਼ੀਅਤਾਂ ਦੀ ਸ਼ਲਾਘਾ ਕਰਦਿਆਂ ਸੁੱਖ ਧਾਲੀਵਾਲ ਨੇ ਕਿਹਾ ਕਿ ਅੱਜ ਲੁਧਿਆਣਾ ਕਰਕੇ ਪੂਰੇ ਪੰਜਾਬ ਦਾ ਨਾਮ ਅੰਤਰਰਾਸ਼ਟਰੀ ਪੱਧਰ 'ਤੇ ਵਿਚ-ਾਰਿਆ ਜਾਂਦਾ ਹੈ। ਉਨਾਂ ਸ਼ਹਿਰ ਦੀਆਂ ਸਨਅਤੀ ਇਕਾਈਆਂ ਅਤੇ ਜਥੇਬੰਦੀਆਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਵੱਲੋਂ ਵਿਕਸਤ ਕੀਤੀਆਂ ਜਾ ਰਹੀਆਂ ਨਵੀਆਂ ਤਕਨੀਕਾਂ ਦੇ ਪਸਾਰ ਅਤੇ ਆਪਣੇ ਵਪਾਰ ਨੂੰ ਅੰਤਰਰਾਸ਼ਟਰੀ ਪੱਧਰ ਤੱਕ ਫੈਲਾਉਣ ਲਈ ਅੱਗੇ ਆਉਣ। ਉਨਾਂ ਕਿਹਾ ਕਿ ਗੈਰਕਾਨੂੰਨੀ ਤਰੀਕੇ ਨਾਲ ਪ੍ਰਵਾਸ ਨੂੰ ਲੋਕਾਂ ਦੇ ਸਹਿਯੋਗ ਨਾਲ ਹੀ ਨੱਥ ਪਾਈ ਜਾ ਸਕਦੀ ਹੈ।

ਸਮਾਗਮ ਨੂੰ ਸੰਬੋਧਨ ਕਰਦਿਆਂ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਜਿੱਥੇ ਸੁੱਖ ਧਾਲੀਵਾਲ ਅਤੇ ਹੋਰ ਪ੍ਰਮੁੱਖ ਸਖ਼ਸ਼ੀਅਤਾਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਸੁੱਖ ਧਾਲੀਵਾਲ ਨੇ ਹਮੇਸ਼ਾਂ ਦੀ ਆਪਣੀਆਂ ਜੜਾਂ ਨਾਲ ਜੁੜੇ ਰਹਿਣ ਨੂੰ ਤਰਜੀਹ ਦਿੱਤੀ। ਇਸ ਮੌਕੇ ਉਨਾਂ ਸੁੱਖ ਧਾਲੀਵਾਲ ਦੇ ਕੈਨੇਡਾ ਜਾਣ ਅਤੇ ਉਥੇ ਕੀਤੇ ਸੰਘਰਸ਼ ਦੀ ਦਾਸਤਾਨ ਵੀ ਦੱਸੀ। ਭਾਈ ਗਰੇਵਾਲ ਨੇ ਪ੍ਰਵਾਸੀ ਪੰਜਾਬੀਆਂ ਨੂੰ ਸਿੱਖੀ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਝੰਡਾ ਬੁਲੰਦ ਕਰਨ ਦਾ ਸੱਦਾ ਦਿੱਤਾ।

ਸਮਾਗਮ ਨੂੰ ਸੰਬੋਧਨ ਕਰਦਿਆਂ ਸਮਾਗਮ ਦੇ ਆਯੋਜਨ ਕਰਤਾ ਮਨਜੀਤ ਸਿੰਘ ਖਾਲਸਾ ਨੇ ਪ੍ਰਵਾਸੀ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਵਿਦੇਸ਼ਾਂ ਵਿੱਚ ਪੜਾਈ ਕਰਨ ਵਾਲੇ ਪੰਜਾਬੀਆਂ ਵਿਦਿਆਰਥੀਆਂ ਦੀ ਬਾਂਹ ਫੜਨੀ ਯਕੀਨੀ ਬਣਾਉਣ। ਉਨਾਂ ਕਿਰਤ ਸੇਵਾ ਬਾਰੇ ਵਿਚਾਰ ਦਿੰਦਿਆਂ ਦੱਸਿਆ ਕਿ ਇਸ ਸੰਸਥਾ ਵੱਲੋਂ ਦੁਨਿਆਵੀ ਦਾਨਾਂ ਤੋਂ ਹਟ ਕੇ ਲੋੜਵੰਦਾਂ ਨੂੰ ਕਿਰਤ ਨਾਲ ਜੋੜਿਆ ਜਾਂਦਾ ਹੈ। ਉਨਾਂ ਕਿਹਾ ਕਿ ਸੰਸਥਾ ਵੱਲੋਂ ਜਿੱਥੇ ਨੌਜਵਾਨਾਂ ਨੂੰ ਕਿਰਤ ਦੇ ਕਾਬਿਲ ਕੀਤਾ ਜਾਂਦਾ ਹੈ ਉਥੇ ਹੀ ਉਨਾਂ ਨੂੰ ਆਪਣਾ ਕਾਰੋਬਾਰ ਜਾਂ ਕੰਮ ਸ਼ੁਰੂ ਕਰਨ ਲਈ ਆਰਥਿਕ ਮਦਦ ਵੀ ਮੁਹੱਈਆ ਕਰਵਾਈ ਜਾਂਦੀ ਹੈ।

ਇਸ ਮੌਕੇ ਹਰਪਾਲ ਸਿੰਘ ਨਿਮਾਣਾ ਨੇ ਸਟੇਜ ਸਕੱਤਰ ਦੀ ਭੂਮਿਕਾ ਅਦਾ ਕੀਤੀ। ਇਸ ਮੌਕੇ ਪ੍ਰਧਾਨ ਡੀ. ਐੱਸ. ਚਾਵਲਾ, ਕੁਲਵੰਤ ਸਿੰਘ, ਤਰੁਣਜੀਤ ਸਿੰਘ, ਐੱਚ. ਐੱਸ. ਬੈਂਸ, ਅਵਤਾਰ ਸਿੰਘ ਭੋਗਲ, ਕੁਲਵਿੰਦਰ ਸਿੰਘ ਬੈਨੀਪਾਲ, ਗੁਰਦੀਪ ਸਿੰਘ, . ਗੁਰਪ੍ਰੀਤ ਸਿੰਘ, ਰਾਜਿੰਦਰ ਸਿੰਘ ਸਰਹਾਲੀ, ਨਵਜੋਤ ਸਿੰਘ, ਦਲਜੀਤ ਸਿੰਘ ਬੇਦੀ ਯੂ. ਕੇ., ਹਰਸਿਮਰਨ ਸਿੰਘ ਲੱਕੀ, ਮਨਜਿੰਦਰ ਸਿੰਘ ਸਚਦੇਵਾ, ਪਰਮਿੰਦਰ ਸਿੰਘ ਜੱਟਪੁਰੀ, ਕੁਲਤਾਰ ਸਿੰਘ ਲਾਲੀ ਅਤੇ ਹੋਰ ਹਾਜ਼ਰ ਸਨ।

# 10 ਸਾਲ ਪਹਿਲਾਂ ਦੋ ਨੌਜਵਾਨਾਂ ਨੂੰ ਕੁੱਟਣ ਵਾਲੇ ਪੰਜ ਪੁਲਸੀਆਂ ਨੂੰ ਇੱਕ-ਇੱਕ ਸਾਲ ਕੈਦ

ਖਮਾਣੋਂ, 8 ਜਨਵਰੀ (ਪੋਸਟ ਬਿਊਰੋ)- 2011 ਵਿੱਚ ਦੋ ਨੌਜਵਾਨਾਂ ਨਾਲ ਮਾਰਕੁੱਟ ਦੇ ਮਾਮਲੇ ਵਿੱਚ ਅਦਾਲਤ ਨੇ ਪੰਜ ਪੁਲਸ ਮੁਲਾਜ਼ਮਾਂ ਨੂੰ ਇੱਕ ਇੱਕ ਸਾਲ ਸਜ਼ਾ ਸੁਣਾਈ ਅਤੇ ਇੱਕ-ਇੱਕ ਹਜ਼ਾਰ ਦਾ ਜੁਰਮਾਨਾ ਲਾਇਆ ਹੈ।

ਐਡਵੋਕੇਟ ਚਰਨਜੀਤ ਸਿੰਘ ਨੇ ਦੱਸਿਆ ਕਿ 2011 ਪਿੰਡ ਮੰਢੇਰਾ ਦੇ ਸੁਖਦੇਵ ਸਿੰਘ ਤੇ ਹਰਪ੍ਰੀਤ ਸਿੰਘ ਜੋ ਬੂਟਾ ਸਿੰਘ ਦੇ ਬੇਟੇ ਹਨ ਤੇ ਸਰੂਪ ਸਿੰਘ ਦੇ ਬੇਟੇ ਸਤਨਾਮ ਸਿੰਘ ਤਿੰਨੇ ਲੜਕੇ ਕੰਮ ਲਈ ਜਾ ਰਹੇ ਸਨ। ਸੂਆ ਖਮਾਣੋਂ ਨੇੜੇ ਪੁਲਸ ਨਾਕਾ ਲੱਗਾ ਹੋਇਆ ਸੀ, ਜਿੱਥੇ ਪੁਲਸ ਨੇ ਉਨ੍ਹਾਂ ਨੂੰ ਰੋਕਿਆ। ਬੂਟਾ ਸਿੰਘ ਦਾ ਨਾਂਅ ਪਤਾ ਲੱਗਣ ਉੱਤੇ ਪੁਲਸ ਨੇ ਸੁਖਦੇਵ ਸਿੰਘ ਅਤੇ ਹਰਪ੍ਰੀਤ ਦੇ ਨਾਲ ਕੁੱਟਮਾਰ ਕੀਤੀ ਕਿਉਂਕਿ ਪੁਲਸ ਦੀ ਬੂਟਾ ਸਿੰਘ ਨਾਲ ਕੋਈ ਪੁਰਾਣੀ ਰੰਜਿਸ਼ ਸੀ। ਇਸ ਦੇ ਚਲਦੇ ਇਨ੍ਹਾਂ ਨੂੰ ਥਾਣੇ ਲੈ ਗਏ। ਉਨ੍ਹਾਂ ਦੱਸਿਆ ਕਿ ਥਾਣੇ ਵਿੱਚ ਸੁਖਬੀਰ ਸਿੰਘ ਵਧੀਕ ਐੱਸ ਐੱਚ ਓ ਨੇ ਵੀ ਮਾਰਕੁੱਟ ਕੀਤੀ ਅਤੇ ਕੇਸ ਦਰਜ ਕਰ ਕੇ ਜੇਲ੍ਹ ਭੇਜ ਦਿੱਤਾ। ਜ਼ਮਾਨਤ 'ਤੇ ਰਿਹਾਅ ਹੋਣ ਪਿੱਛੋਂ ਸੁਖਦੇਵ ਸਿੰਘ ਨੇ ਪੁਲਸ ਵਾਲਿਆਂ ਦੇ ਖਿਲਾਫ ਕੇਸ ਦਾਇਰ ਕੀਤਾ ਤਾਂ ਅਦਾਲਤ ਨੇ 14 ਦਸੰਬਰ 2019 ਨੂੰ ਫੈਸਲਾ ਸੁਣਾਇਆ ਤੇ ਸੁਖਬੀਰ ਸਿੰਘ ਸਬ ਇੰਸਪੈਕਟਰ, ਮਨੋਹਰ ਸਿੰਘ ਏ ਐੱਸ ਆਈ, ਸਵਰਨ ਸਿੰਘ ਹੈੱਡ ਕਾਂਸਟੇਬਲ, ਨਵਦੀਪ ਸਿੰਘ ਅਤੇ ਸ਼ਮਸ਼ੇਰ ਕਾਂਸਟੇਬਲ ਨੂੰ ਇੱਕ-ਇੱਕ ਸਾਲ ਸਜ਼ਾ ਤੇ ਇੱਕ-ਇੱਕ ਹਜ਼ਾਰ ਦਾ ਜੁਰਮਾਨਾ ਕੀਤਾ ਅਤੇ ਸੁਖਦੇਵ ਸਿੰਘ, ਹਰਪ੍ਰੀਤ ਅਤੇ ਸਤਨਾਮ ਨੂੰ ਬਰੀ ਕਰ ਦਿੱਤਾ। ਬੂਟਾ ਸਿੰਘ ਨੇ ਦੱਸਿਆ ਕਿ 2004 ਵਿੱਚ ਪਿੰਡ ਵਿੱਚ ਕਤਲ ਹੋਇਆ ਸੀ ਜਿਸ ਨੂੰ ਲੈ ਕੇ ਪੁਲਸ ਨੇ ਨਾਜਾਇਜ਼ ਤੌਰ 'ਤੇ ਟਾਰਚਰ ਕੀਤਾ, ਕੁਝ ਨਾ ਮਿਲਿਆ ਤਾਂ ਮੈਨੂੰ ਛੱਡਣਾ ਪਿਆ।


ਬਰਾੜ ਗਰਾਜ ਡੋਰ




ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7


# ਜੇਐੱਨਯੂ ਵਿਦਿਆਰਥੀਆਂ 'ਤੇ ਹਮਲੇ ਵਿਰੁਧ ਐਸਡੀਐਫ ਵੱਲੋਂ ਰੋਸ ਧਰਨਾ




ਲੁਧਿਆਣਾ, 8 ਜਨਵਰੀ (ਗਿਆਨ ਸਿੰਘ): ਅੱਜ ਵਿਦਿਆਰਥੀਆਂ ਦੀ ਸਰਗਰਮ ਸਟੂਡੈਂਟਸ ਜੱਥੇਬੰਦੀ ਸਟੂਡੈਂਟਸ ਡੈਮੋਕ੍ਰੈਟਿਕ ਫੈਡਰੇਸ਼ਨ ਐਸਡੀਐਫ ਵੱਲੋਂ ਦਿੱਲੀ ਵਿਖੇ ਜੇਐਨਯੂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਤੇ ਨਕਾਬਪੋਸ਼ ਗੁੰਡਿਆਂ ਵੱਲੋਂ ਕੀਤੇ ਹਮਲੇ ਸਬੰਧੀ ਲੁਧਿਆਣਾ ਵਿਖੇ ਐੱਸਡੀਐਫ ਦੀ ਪੰਜਾਬ ਇਕਾਈ ਵੱਲੋਂ ਕੌਮੀ ਪ੍ਰਧਾਨ ਸ੍ਰ ਜਸਪ੍ਰੀਤ ਸਿੰਘ ਹੌਬੀ ਦੀ ਅਗਵਾਈ ਹੇਠ ਸਥਾਨਕ ਭਾਈ ਬਾਲਾ ਚੌਕ ਵਿਖੇ ਸੈਂਕੜੇ ਸਾਥੀਆਂ ਨਾਲ ਬੈਠ ਕੇ ਮੋਮਬੱਤੀਆਂ ਅਤੇ ਕਾਲੀਆਂ ਪੱਟੀਆਂ ਨਾਲ ਸ਼ਾਂਤਮਈ ਰੋਸ ਕੀਤਾ ਗਿਆ ਅਤੇ ਵਿਦਿਆਰਥੀਆਂ ਤੇ ਹੋਏ ਹਮਲੇ ਸਬੰਧੀ ਭਾਰਤ ਸਰਕਾਰ ਅਤੇ ਪੁਲਿਸ ਦੀ ਅਸਫਲਤਾ ਦੱਸੀ ਗਈ। ਸ੍ਰ ਹੌਬੀ ਨੇ ਕਿਹਾ ਕਿ ਕੁਝ ਤੱਤ ਸਾਹਮਣੇ ਆਉਣ ਤੋਂ ਬਾਅਦ ਇਹ ਲੱਗਦਾ ਹੈ ਕਿ ਇਹ ਹਮਲਾ ਸਿਆਸੀ ਪਾਰਟੀਆਂ ਦੀ ਕਥਿਤ ਸ਼ਹਿ ਤੇ ਹੋਇਆ ਹੈ। ਉਨ੍ਹਾਂ ਸਿੱਧੇ ਤੌਰ ਤੇ ਕਿਸੇ ਵੀ ਪਾਰਟੀ ਦਾ ਨਾਂ ਲਏ ਬਿਨਾ ਇਸ਼ਾਰਾ ਕਰਦਿਆਂ ਇਹ ਕਿਹਾ ਕਿ ਮੌਜੂਦਾ ਭਾਰਤ ਸਰਕਾਰ ਦਾ ਵੀ ਕਿਤੇ ਨਾ ਕਿਤੇ ਇਸ ਮਾਮਲੇ ਵਿੱਚ ਰੋਲ ਗੈਰਜ਼ੁੰਮੇਵਾਰਨਾ ਲੱਗਦਾ ਹੈ। ਉਨ੍ਹਾਂ ਕਿਹਾ ਕਿ ਬਹੁਤ ਦੁੱਖ ਦੀ ਗੱਲ ਹੈ ਕਿ ਵਿਦਿਆਰਥੀ ਜੋ ਕਿ ਕਿਸੇ ਵੀ ਸੂਬੇ ਜਾਂ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਉਨ੍ਹਾਂ ਨੂੰ ਸਿਆਸੀ ਪਾਰਟੀਆਂ ਤੇ ਨੇਤਾ ਅਪਣੇ ਲਾਹੇ ਲੈਣ ਲਈ ਗਲਤ ਤਰੀਕੇ ਨਾਲ ਇਸਤੇਮਾਲ ਕਰਦੇ ਹਨ ਅਤੇ ਵਿਦਿਆਰਥੀ ਵਰਗ ਹਮੇਸ਼ਾਂ ਸਿਆਸਤ ਦੀ ਭੇਂਟ ਚੜ੍ਹਦਾ ਹੈ। ਸ੍ਰ ਹੌਬੀ ਨੇ ਕੇਂਦਰ ਸਰਕਾਰ ਤੋਂ ਇਹ ਵੀ ਮੰਗ ਕੀਤੀ ਕਿ ਵਿਦਿਅਕ ਅਦਾਰਿਆਂ ਵਿੱਚ ਵਪਾਰੀਕਰਣ ਅਤੇ ਸਿਆਸੀਕਰਣ ਨੂੰ ਮੁਕੰਮਲ ਬੰਦ ਕਰਨਾ ਚਾਹੀਦਾ ਹੈ ਅਤੇ ਵਿਦਿਆਰਥੀਆਂ ਨੂੰ ਵਧਦੀਆਂ ਫੀਸਾਂ ਵਰਗੇ ਅਤੇ ਹੋਰ ਵਿਦਿਅਕ ਮੁੱਦਿਆਂ ਤੇ ਬੋਲਣ ਲਈ ਪੂਰਾ ਹੱਕ ਹੋਣਾ ਚਾਹੀਦਾ ਹੈ ਕਿਓਂਕਿ ਸਾਡਾ ਦੇਸ਼ ਅਤੇ ਹਰ ਵਰਗ ਲੋਕ ਤੰਤਰ ਅਧੀਨ ਦੇਸ਼ ਹੈ ਤੇ ਹਰੇਕ ਨੂੰ ਬੋਲਣ ਦਾ ਪੂਰਾ ਹੱਕ ਹੈ। ਸ੍ਰ ਹੌਬੀ ਨੇ ਕੇਂਦਰ ਸਰਕਾਰ ਅਤੇ ਪੁਲਿਸ ਦੇ ਲਾਪਰਵਾਹੀ ਵਾਲੇ ਰਵੱਈਏ ਅਤੇ ਯੂਨੀਵਰਸਿਟੀ ਦੀ ਮੌਜੂਦਾ ਪ੍ਰਧਾਨ ਆਈਸ਼ਾ ਘੋਸ਼ ਤੇ ਮੁਕੱਦਮਾ ਦਰਜ ਕਰਨ ਦੀ ਨਿੰਦਾ ਕਰਦਿਆਂ ਪੀੜਤ ਵਿਦਿਆਰਥੀਆਂ ਨਾਲ ਡੱਟ ਕੇ ਖੜ੍ਹੇ ਹੋਣ ਦੀ ਗੱਲ ਕਹੀ ਅਤੇ ਅਪਣੀ ਜੱਥੇਬੰਦੀ ਦਾ ਇਹ ਫਰਜ਼ ਦੱਸਿਆ ਅਤੇ ਸਾਰੇ ਵਿਦਿਆਰਥੀਆਂ ਨੂੰ ਐਸਡੀਐਫ ਵੱਲੋਂ ਇੱਕ ਪਲੇਟਫਾਰਮ ਤੇ ਇਕੱਠੇ ਹੋਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਜਿਹੜੀ ਤਾਕਤ ਵਿਦਿਆਰਥੀਆਂ ਦੀ ਆਵਾਜ਼ ਨੂੰ ਬੰਦ ਕਰਨ ਦੀ ਕੋਸ਼ਿਸ਼ ਕਰੇਗੀ ਸਾਡੇ ਵੱਲੋਂ ਉਸ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਸਾਰੇ ਦੋਸ਼ੀਆਂ ਨੂੰ ਜਲਦੀ ਫੜ ਕੇ ਸਜ਼ਾ ਦੇਣੀ ਚਾਹੀਦੀ ਹੈ ਅਤੇ ਪੀੜਤਾਂ ਨੂੰ ਰਾਹਤ ਦਿਵਾਉਣੀ ਚਾਹੀਦੀ ਹੈ। ਇਸ ਮੌਕੇ ਉਨ੍ਹਾਂ ਨਾਲ ਜੱਥੇਬੰਦੀ ਦੇ ਕਈ ਉਚ ਅਹੁਦੇਦਾਰ ਅਤੇ ਵਰਕਰ ਹਾਜਰ ਸਨ।

# ਮਿਆਰੀ ਸਿੱਖਿਆ ਰਾਹੀਂ ਵਿਦਿਆਰਥੀਆਂ ਦਾ ਕੀਤਾ ਜਾਵੇ ਸਰਵਪੱਖੀ ਵਿਕਾਸ : ਦੀਪਤੀ ਉੱਪਲ



ਕਪੂਰਥਲਾ, 8 ਜਨਵਰੀ (ਗਿਆਨ ਸਿੰਘ); ਜ਼ਿਲ੍ਹਾ ਸਿੱਖਿਆ ਵਿਕਾਸ ਕਮੇਟੀ ਅਤੇ ਮਿਡ-ਡੇ-ਮੀਲ ਸਟੇਅਰਿੰਗ-ਕਮ-ਮੋਨੀਟਰਿੰਗ ਕਮੇਟੀ ਦੀ ਮੀਟਿੰਗ ਡਿਪਟੀ ਕਮਿਸ਼ਨਰ ਦੀਪਤੀ ਉੱਪਲ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹੋਈ। ਇਸ ਦੌਰਾਨ ਸਿੱਖਿਆ ਵਿਭਾਗ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਦਿਆਂ ਦੀਪਤੀ ਉੱਪਲ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾ ਕੇ ਉਨ੍ਹਾਂ ਦਾ ਸਰਵਪੱਖੀ ਵਿਕਾਸ ਕਰਨਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਸਿੱਖਿਆ ਅਧਿਕਾਰੀਆਂ ਨੂੰ ਕਿਹਾ ਕਿ ਸਕੂਲਾਂ ਦੀ ਦਿੱਖ ਵਧੀਆ ਬਣਾਉਣ ਦੇ ਨਾਲ-ਨਾਲ ਸਿੱਖਿਆ ਦਾ ਮਿਆਰ ਹੋਰ ਉੱਚਾ ਚੁੱਕਣ ਲਈ ਉਪਰਾਲੇ ਕੀਤੇ ਜਾਣ ਅਤੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਦੀ ਪਹਿਚਾਣ ਕਰਕੇ ਉਨ੍ਹਾਂ ਦੇ ਹੁਨਰ ਨੂੰ ਹੋਰ ਨਿਖਾਰਿਆ ਜਾਵੇ। ਉਨ੍ਹਾਂ ਕਿਹਾ ਕਿ ਖਾਸ ਕਰਕੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਅਤੇ ਉਨ੍ਹਾਂ ਦੀ ਸਕੂਲ ਤੱਕ ਸੁਖਾਵੀਂ ਪਹੁੰਚ ਤੋਂ ਇਲਾਵਾ ਹੋਰ ਲੋੜੀਂਦੀਆਂ ਸਹੂਲਤਾਂ ਅਤੇ ਸਹਾਇਤਾ ਉਪਕਰਣ ਮੁਹੱਈਆ ਕਰਵਾਉਣੇ ਯਕੀਨੀ ਜਾਣ। ਉਨ੍ਹਾਂ ਕਿਹਾ ਕਿ ਅਜਿਹੇ ਬੱਚਿਆਂ ਦੀ ਸਹਾਇਤਾ ਲਈ ਲੋੜੀਂਦੇ ਵਲੰਟੀਅਰ ਤਾਇਨਾਤ ਕਰ ਕੇ ਉਨ੍ਹਾਂ ਨੂੰ ਰੌਚਿਕ ਅਤੇ ਢੁਕਵੀਂ ਸਕੂਲੀ ਸਿੱਖਿਆ ਪ੍ਰਦਾਨ ਕੀਤੀ ਜਾਵੇ। ਉਨ੍ਹਾਂ ਹਦਾਇਤ ਕੀਤੀ ਕਿ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਸੰਤੁਲਿਤ ਅਤੇ ਪੌਸ਼ਟਿਕ ਖਾਣਾ ਮੁਹੱਈਆ ਕਰਵਾਇਆ ਜਾਵੇ ਅਤੇ ਖਾਣੇ ਦੀ ਗੁਣਵੱਤਾ ਦੀ ਲਗਾਤਾਰ ਚੈਕਿੰਗ ਕੀਤੀ ਜਾਵੇ। ਇਸ ਦੌਰਾਨ ਉਨ੍ਹਾਂ ਸਕੂਲਾਂ ਅੰਦਰ ਚੱਲ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ ਵੀ ਕੀਤੀ।

ਇਸ ਮੌਕੇ ਸਿੱਖਿਆ ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹੇ ਵਿਚ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰਾਜੈਕਟ ਦਾ ਸੰਚਾਲਨ ਜ਼ਿਲ੍ਹਾ ਅਤੇ ਬਲਾਕ ਪੱਧਰ 'ਤੇ ਤਜ਼ਰਬੇਕਾਰ ਅਧਿਆਪਕਾਂ ਵੱਲੋਂ ਕੀਤਾ ਜਾ ਰਿਹਾ ਹੈ ਅਤੇ ਵਿਭਾਗ ਮਿਆਰੀ ਸਿੱਖਿਆ ਨੂੰ ਯੋਜਨਾਬੱਧ ਤਕਨੀਕ ਰਾਹੀਂ ਪ੍ਰਫੁੱਲਤ ਕਰਨ ਲਈ ਯਤਨਸ਼ੀਲ ਹੈ।

# ਡੀ.ਸੀ. ਨੇ ਖੁੱਲ੍ਹੇ ਦਰਬਾਰ 'ਚ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ



ਫਰੀਦਕੋਟ, 8 ਜਨਵਰੀ (ਗਿਆਨ ਸਿੰਘ): ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਿਲਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਕੁਮਾਰ ਸੌਰਭ ਰਾਜ ਦੀ ਪ੍ਰਧਾਨਗੀ ਹੇਠ ਨਵੇਂ ਸਾਲ 2020 ਦੇ ਦੂਜੇ ਬੁੱਧਵਾਰ ਨੂੰ ਸਥਾਨਕ ਅਸ਼ੋਕਾ ਚੱਕਰ ਹਾਲ ਵਿੱਚ ਲੋਕਾਂ ਦੀਆਂ ਵੱਖ ਵੱਖ ਸਰਕਾਰੀ ਵਿਭਾਗਾਂ ਨਾਲ ਸਬੰਧਤ ਸ਼ਿਕਾਇਤਾਂ ਪ੍ਰਾਪਤ ਕਰਨ ਅਤੇ ਉਨਾਂ ਦੇ ਨਿਪਟਾਰੇ ਲਈ ਖੁੱਲ੍ਹੇ ਦਰਬਾਰ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ 20 ਦੇ ਕਰੀਬ ਸ਼ਿਕਾਇਤਕਰਤਾ/ਆਮ ਲੋਕਾਂ ਵੱਲੋਂ ਆਪਣੀਆਂ ਮੁਸ਼ਕਿਲਾਂ ਦੇ ਹੱਲ ਲਈ ਅਰਜੀਆਂ ਪੇਸ਼ ਕੀਤੀਆਂ ਗਈਆਂ ਜਿਨਾਂ ਵਿੱਚ ਡੀ.ਸੀ. ਦਫਤਰ, ਪੁਲਿਸ ਵਿਭਾਗ, ਮੰਡੀ ਬੋਰਡ, ਨਗਰ ਕੌਂਸਿਲਾਂ, ਮਾਲ ਵਿਭਾਗ, ਮਗਨਰੇਗਾ, ਬਿਜਲੀ ਬੋਰਡ, ਸੀਵਰੇਜ ਬੋਰਡ, ਖੇਤੀਬਾੜੀ, ਰੋਂਜ਼ਗਾਰ ਵਿਭਾਗ, ਵਣ ਵਿਭਾਗ, ਸਹਿਕਾਰਤਾ ਵਿਭਾਗ, ਸਿਹਤ ਵਿਭਾਗ ਅਤੇ ਜਨ ਸਿਹਤ ਵਿਭਾਗ ਆਦਿ ਨਾਲ ਸਬੰਧਤ ਸ਼ਿਕਾਇਤਾਂ ਪ੍ਰਾਪਤ ਹੋਈਆਂ । ਜਿਨਾਂ ਨੂੰ ਮੀਟਿੰਗ ਦੌਰਾਨ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸੌਂਪ ਦਿੱਤਾ ਗਿਆ । ਇਸ ਮੌਕੇ ਡਿਪਟੀ ਕਮਿਸ਼ਨਰ ਕੁਮਾਰ ਸੌਰਭ ਰਾਜ ਨੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਮੀਟਿੰਗ ਦੌਰਾਨ ਪ੍ਰਾਪਤ ਹੋਈਆਂ ਸ਼ਿਕਾਇਤਾਂ ਨੂੰ ਮਿੱਥੇ ਸਮੇਂ ਵਿੱਚ ਹੱਲ ਕਰਕੇ ਇਸ ਸਬੰਧੀ ਪ੍ਰਾਰਥੀ ਅਤੇ ਡੀ.ਸੀ. ਦਫਤਰ ਨੂੰ ਲਿਖਤੀ ਤੌਰ ਤੇ ਸੂਚਿਤ ਕੀਤਾ ਜਾਵੇ । ਉਨਾਂ ਇਸ ਮੌਕੇ ਪਿਛਲੇ ਖੁੱਲੇ ਦਰਬਾਰ ਦੀਆਂ ਬਕਾਇਆ ਪਈਆਂ ਅਰਜੀਆਂ ਸਬੰਧੀ ਵੀ ਵਿਸਥਾਰ ਸਹਿਤ ਜਾਣਕਾਰੀ ਹਾਸਲ ਕੀਤੀ ਅਤੇ ਸਬੰਧਤ ਵਿਭਾਗਾਂ ਨੂੰ ਇਸ ਸਬੰਧੀ ਤੁਰੰਤ ਕਾਰਵਾਈ ਦੇ ਆਦੇਸ਼ ਦਿੱਤੇ।

ਇਸ ਮੀਟਿੰਗ ਵਿੱਚ ਮਾਸਟਰ ਬਲਦੇਵ ਸਿੰਘ ਐਮ.ਐਲ.ਏ. ਜੈਤੋਂ, ਜਯੋਤੀ ਸਿੰਘ ਚੇਅਰਪਰਸਨ ਰੈੱਡ ਕਰਾਸ ਹਸਪਤਾਲ ਭਲਾਈ ਸ਼ਾਖਾ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਐਚ.ਐਸ ਸਰ੍ਹਾਂ, ਐਸ.ਡੀ.ਐਮ. ਫਰੀਦਕੋਟ ਪਰਮਦੀਪ ਸਿੰਘ, ਡਾ. ਮਨਦੀਪ ਕੌਰ ਐਸ.ਡੀ.ਐਮ. ਜੈਤੋ/ਕੋਟਕਪੂਰਾ, ਜਿਲ੍ਹਾ ਮਾਲ ਅਫਸਰ ਅਵਤਾਰ ਸਿੰਘ, ਡਾ. ਚੰਦਰ ਸ਼ੇਖਰ ਐਸ.ਐਮ.ਓ., ਜਿਲ੍ਹਾ ਮੰਡੀ ਅਫਸਰ ਮਨਜੀਤ ਸਿੰਘ, ਡੀ.ਡੀ.ਪੀ.ਓ. ਬਲਜੀਤ ਕੌਰ, ਤਹਿਸੀਲਦਾਰ ਫਰੀਦਕੋਟ ਪਰਮਜੀਤ ਸਿੰਘ ਬਰਾੜ, ਤਹਿਸੀਲਦਾਰ ਜੈਤੋ ਮੈਡਮ ਲਵਪ੍ਰੀਤ ਕੌਰ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।


KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਅਮਰੀਕਾ ਅਤੇ ਇਰਾਨ ਦੇ ਦੰਗਲ ਵਿੱਚ ਕੈਨੇਡਾ ਦੀ ਸਥਿਤੀ

ਅਮਰੀਕਾ ਦੁਆਰਾ ਇਰਾਨ ਦੇ ਚੋਟੀ ਦੇ ਜਰਨੈਲ ਕਾਸੇਮ ਸੋਲੇਮਾਨੀ ਦੀ ਡਰੋਨ ਨਾਲ ਕੀਤੀ ਹੱਤਿਆ ਤੋਂ ਬਾਅਦ ਇਰਾਨ ਵੱਲੋਂ ਇਰਾਕ ਵਿੱਚ ਅਮਰੀਕੀ ਫੌਜ ਦੇ ਦੋ ਬੇਸਾਂ ਉੱਤੇ ਕੀਤੇ ਮਿਜ਼ਾਇਲ ਹਮਲਿਆਂ ਤੋਂ ਬਾਅਦ ਸਮੁੱਚੇ ਵਿਸ਼ਵ ਖਾਸ ਕਰਕੇ ਮੱਧ ਪੂਰਬ ਵਿੱਚ ਸਥਿਤੀ ਕਸੂਤੀ ਬਣ ਚੁੱਕੀ ਹੈ। ਇਰਾਕ ਦੀ ਨਾਮਨਿ-ਹਾਦ ਇਰਾਨ ਪੱਖੀ ਸ਼ੀਆ ਬਹੁ-ਗਿਣਤੀ ਵਾਲੀ ਪਾਰਲੀਮੈਂਟ ਨੇ ਅਮਰੀਕੀ ਫੌਜਾਂ ਸਮੇਤ ਸਮੂਹ ਅੰਤਰਰਾਸ਼ਟਰੀ ਫੌਜਾਂ ਨੂੰ ਚਲੇ ਜਾਣ ਦਾ ਮਤਾ ਪਾਸ ਕਰ ਦਿੱਤਾ ਹੈ। ਉੱਥੇ ਪੈਦਾ ਹੋਏ ਤਿੜਕੇ ਹਾਲਾਤਾਂ ਵਿੱਚ ਇਰਾਕ ਦੀਆਂ ਸੁਰੱਖਿਆ ਏਜੰਸੀਆਂ ਨੂੰ ਸਿਖਲਾਈ ਦੇਣ ਲਈ ਤਾਇਤਾਨ ਕੀਤੇ 500 ਦੇ ਕਰੀਬ ਕੈਨੇਡੀਅਨ ਫੌਜੀ ਇੱਕਦਮ ਔਖੀ ਸਥਿਤੀ ਵਿੱਚ ਫਸ ਗਏ ਜਾਪਦੇ ਹਨ। ਵਰਨਣਯੋਗ ਹੈ ਕਿ ਇਰਾਕ ਵਿੱਚ ਨਾਟੋ ਫੌਜਾਂ ਦੇ ਸਿਖਲਾਈ ਪ੍ਰੋਗਰਾਮ ਦੀ ਅਗਵਾਈ ਇਸ ਵਕਤ ਕੈਨੇਡਾ ਵੱਲੋਂ ਕੀਤੀ ਜਾ ਰਹੀ ਹੈ।

ਜਿੱਥੇ ਤੱਕ ਮਾਰੇ ਗਏ ਜਰਨੈਲ ਕਾਸੇਮ ਸੁਲੇਮਾਨੀ ਦਾ ਸੁਆਲ ਹੈ, ਉਹ ਇਰਾਨ ਲਈ ਜਿਉਂਦਾ ਲੱਖ ਦਾ ਅਤੇ ਮਰਿਆ ਸਵਾ ਲੱਖ ਵਰਗਾ ਸਾਬਤ ਹੋ ਰਿਹਾ ਹੈ ਕਿਉਂਕਿ ਉਸਦੀ ਮੌਤ ਨੇ ਇਰਾਨ ਨੂੰ ਇੱਕ ਹੀਰੋ ਬਖ਼ਸ਼ ਦਿੱਤਾ ਹੈ। ਉਹ ਕਿਹੜੀ ਫੌਜੀ ਦਖਲਅੰਦਾਜ਼ੀ ਸੀ ਜੋ ਇਰਾਨ ਨੇ ਬਗਦਾਦ ਤੋਂ ਲੈ ਕੇ ਸੀਰੀਆ, ਯਮਨ, ਲਿਬਨਾਨ ਜਾਂ ਹੋਰ ਮੱਧ ਪੂਰਬ ਦੇਸ਼ਾਂ ਵਿੱਚ ਸੁਲੇਮਾਨੀ ਦੇ ਸ਼ਾਤਰ ਦਿਮਾਗ ਦੇ ਸਹਾਰੇ ਨਹੀਂ ਕੀਤੀ। 2003 ਤੋਂ ਬਾਅਦ ਕਿੰਨੇ ਹੀ ਅਪਰੇਸ਼ਨ ਇਸ ਬਦਨਾਮ ਜਰਨੈਲ ਦੀ ਰਹਿਨੁਮਾਈ ਤਹਿਤ ਸ਼ੀਆ ਕੱਟੜਪਸੰਦਾਂ ਨੇ ਕੀਤੇ ਜਿਹਨਾਂ ਵਿੱਚ ਸੈਂਕੜੇ ਅਮਰੀਕੀ ਫੌਜੀਆਂ ਦੀਆਂ ਜਾਨਾਂ ਗਈਆਂ। ਵੈਸੇ ਪੁੰਨ ਖੱਟਣ ਤਾਂ ਅਮਰੀਕੀ ਫੌਜਾਂ ਵਿੱਚ ਮੱਧ ਪੂਰਬ ਨਹੀਂ ਗਈਆਂ ਹੋਈਆਂ ਸਗੋਂ ਸਾਊਦੀ ਅਰਬੀਆ ਵਰਗੀਆਂ ਵੱਡੀਆਂ ਸੁੰਨੀ ਤਾਕਤਾਂ ਨਾਲ ਹੱਥ ਮਿਲਾ ਕੇ ਉੱਥੇ ਚੱਲ ਰਹੀ ਭਰਾ ਮਾਰ ਜੰਗ ਨੂੰ ਹੋਰ ਸੰਗੀਨ ਬਣਾਉਂਦੀਆਂ ਹਨ। ਦੁਖਦਾਈ ਗੱਲ ਇਹ ਹੈ ਕਿ ਅੱਜ ਇਰਾਨ ਅਤੇ ਅਮਰੀਕਾ ਦੋਵਾਂ ਮੁਲਕਾਂ ਦੀ ਲੀਡਰਸ਼ਿੱਪ ਅਜਿਹੇ ਦੋ ਲੋਕਾਂ ਟਰੰਪ ਅਤੇ ਖਾਮੇਨੀ ਦੇ ਹੱਥ ਹੈ ਜਿਹਨਾਂ ਦੇ ਹੱਥਾਂ ਨਾਲੋਂ ਜ਼ੁਬਾਨ ਤੇਜ਼ ਚੱਲਦੀ ਹੈ।

ਡੌਨਾਲਡ ਟਰੰਪ ਵੱਲੋਂ ਦਹਾਕਿਆਂ ਤੋਂ ਖਤਰਨਾਕ ਮੰਨੇ ਜਾ ਰਹੇ ਕੱਟੜ ਸੋਚ ਵਾਲੇ ਕਾਸੇਮ ਸੁਲੇਮਾਨੀ ਨੂੰ ਮਾਰਨ ਦਾ ਸਮਾਂ ਉਵੇਂ ਹੀ ਮਾੜੇ ਢੰਗ ਨਾਲ ਚੁਣਿਆ ਗਿਆ ਜਿਵੇਂ ਉਸਨੇ ਪੈਰਿਸ ਦੀ ਕਲਾਈਮੇਟ ਰਖਵਾਲੀ ਦੀ ਸੰਧੀ ਤੋਂ ਅਮਰੀਕਾ ਨੂੰ ਅਚਾਨਕ ਬਾਹਰ ਕੱਢਣ ਵੇਲੇ ਕੀਤਾ ਸੀ ਜਾਂ ਫੇਰ ਟਰਾਂਸ ਪੈਸਫਿਕ ਭਾਈਵਾਲੀ ਟਰੇਡ ਡੀਲ ਅਤੇ ਇਰਾਨ ਨਾਲ ਨਿਊਕਲੀਅਰ ਸਮਝੌਤੇ ਨੂੰ ਤਾਰੋਪੀਡ ਕੀਤਾ ਸੀ। ਦੂਜੇ ਪਾਸੇ ਇਰਾਨ ਦੇ ਸੁਪਰੀਮੋ ਸਯੀਅਦ ਅਲੀ ਹੋਸੈਨੀ ਖਾਮੇਨੀ ਉਹ ਇਨਸਾਨ ਹੈ ਜਿਸਨੇ ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਜਨਤਕ ਐਲਾਨ ਕੀਤਾ ਸੀ ਕਿ ਉਹ ਸੋਚ ਵਿੱਚ ਨਰਮੀ, ਕੱਟੜਪੁਣੇ ਤੋਂ ਦੂਰ ਜਾਣ ਵਾਲੇ ਸਾਰੇ ਰਸਤਿਆਂ ਅਤੇ ਅਮਰੀਕਾ ਦੇ ਨਾਲ ਨਾਲ ਖੁੱਲੀ ਸੋਚ ਦੇ ਸਿਧਾਂਤਾਂ ਨੂੰ ਸਦਾ ਲਈ ਖਤਮ ਕਰ ਦੇਵੇਗਾ। ਦਿਮਾਗ ਵਿੱਚ ਠੰਡਕ ਦੇ ਲਿਹਾਜ ਨਾਲ ਸ਼ਾਇਦ ਹੀ ਕੋਈ ਬੈਰੋਮੀਟਰ ਬਣਿਆ ਹੋਵੇਗਾ ਜੋ ਨਾਪ ਸਕੇ ਕਿ ਟਰੰਪ ਅਤੇ ਖਾਮੇਨੀ ਵਿੱਚੋਂ ਠਰੰਮਾਂ ਕਿਸ ਕੋਲ ਮੌਜੂਦ ਹੈ? ਇਹਨਾਂ ਦੋਵਾਂ ਕੋਲ ਆਪੋ ਆਪਣੇ ਮੁਲਕ ਦੇ ਰਾਸ਼ਟਰਪਤੀ ਹੋਣ ਨਾਤੇ ਬੇਪਨਾਹ ਤਾਕਤਾਂ ਹਨ ਪਰ ਇੱਕ ਫਰਕ ਹੈ। ਟਰੰਪ ਨੂੰ ਕਿਸੇ ਹੱਦ ਤੱਕ ਨਕੇਲ ਪਾਉਣ ਲਈ ਵਿਰੋਧੀ ਧਿਰ ਡੈਮੋਕਰੇਟ ਹਨ ਅਤੇ ਅਮਰੀਕਨ ਪਬਲਿਕ ਜੰਗ ਨੂੰ ਦਿਲੋਂ ਪਸੰਦ ਨਹੀਂ ਕਰਦੀ। ਇਸਦੇ ਉਲਟ ਇਰਾਨ ਵਿੱਚ ਜੇ ਕੋਈ ਹੁਕਮ ਚੱਲਦਾ ਹੈ ਤਾਂ ਸਿਰਫ਼ ਅਤੇ ਸਿਰਫ਼ ਖਾਮੇਨੀ ਦਾ ਅਤੇ ਇਰਾਨੀ ਬਹੁ-ਗਿਣਤੀ ਜਨਤਾ ਵੀ ਇੱਕ ਜਨੂੰਨ ਦੀ ਕੈਦ ਹੈ ਜੋ ਕਿਸੇ ਵੀ ਤਰਾਂ ਦੇ ਜੋਖ਼ਮ ਨੂੰ ਵੱਡਾ ਨਹੀਂ ਮੰਨਦੀ।

ਇਸ ਸਥਿਤੀ ਵਿੱਚ ਸੋਚਣਾ ਬਣਦਾ ਹੈ ਕਿ ਕੈਨੇਡਾ ਕੋਲ ਕੀ ਵਿਕਲਪ ਹਨ ਅਤੇ ਸਾਡੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਗਲੇ ਦਿਨਾਂ ਵਿੱਚ ਕੈਨੇਡਾ ਦੀ ਅੰਤਰਰਾਸ਼ਟਰੀ ਨੀਤੀ ਦੀ ਕਿਵੇਂ ਅਗਵਾਈ ਕਰਦੇ ਹਨ। ਬੇਸ਼ੱਕ ਸਾਡੀ ਫੌਜ ਦੇ ਮੁਖੀ ਜਨਰਲ ਜੋਨਾਥਨ ਵੇਂਸ ਨੇ ਕੈਨੇਡੀਅਨ ਫੌਜੀਆਂ ਨੂੰ ਇਰਾਕ ਚੋਂ ਕੱਢ ਕੇ ਕੁਵੇਤ ਲਿਜਾਣ ਦੀ ਪ੍ਰਕਿਰਿਆ ਆਰੰਭ ਕਰ ਦਿੱਤੀ ਹੈ ਪਰ ਕੀ ਅਸੀਂ ਸੱਚ ਮੁੱਚ ਇਰਾਕ ਨੂੰ ਨਿੱਹਥਾ ਛੱਡ ਕੇ ਆ ਜਾਵਾਂਗੇ? ਦੂਜੇ ਪਾਸੇ ਟਰੰਪ ਨਾਟੋ ਫੌਜਾਂ ਦੀ ਨਫ਼ਰੀ ਨੂੰ ਹੋਰ ਵਧਾਉਣ ਦੀਆਂ ਗੱਲਾਂ ਕਰ ਰਿਹਾ ਹੈ। ਕਿੰਨੇ ਕੁ ਕੈਨੇਡੀਅਨ ਹੋਣਗੇ ਜੋ ਆਪਣੇ ਧੀਆਂ ਪੁੱਤਰਾਂ ਨੂੰ ਦੂਰ ਦੁਰਾਡੇ ਦੀ ਜੰਗ ਦੇ ਮੁਹਾਜ਼ ਵਿੱਚ ਝੋਕਣਾ ਪਸੰਦ ਕਰਨਗੇ? 2003 ਵਿੱਚ ਇਰਾਕ ਉੱਤੇ ਅਮਰੀਕੀ ਹਮਲੇ ਦਾ ਦੋ ਤਿਹਾਈ ਕੈਨੇਡੀਅਨਾਂ ਨੇ ਵਿਰੋਧ ਕੀਤਾ ਸੀ। ਉਸ ਵੇਲੇ ਵੀ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਰੀਪਬਲੀਕਨ ਸੀ ਅਤੇ ਕੈਨੇਡੀਅਨ ਪ੍ਰਧਾਨ ਮੰਤਰੀ ਜਾਨ ਕਰੈਚੀਅਨ ਲਿਬਰਲ ਸੀ। ਅੱਜ ਵੀ ਟਰੰਪ -ਟਰੂਡੋ ਦੇ ਸਮੀਕਰਣ ਉਹੀ ਹਨ। ਇਹਨਾਂ ਸਮੀਕਰਣਾਂ ਦੇ ਸੱਚ ਤੋਂ ਵੱਡਾ ਸੱਚ ਇਹ ਹੈ ਕਿ ਜੰਗ ਵਿੱਚ ਮਰਨ ਵਾਲਾ ਨਾ ਰੀਪਬਲੀਕਨ ਹੁੰਦਾ ਹੈ ਅਤੇ ਨਾ ਹੀ ਲਿਬਰਲ। ਮਰਨ ਵਾਲੇ ਸ਼ੀਆ, ਸੁੰਨੀ ਜਾਂ ਹੋਰ ਵੀ ਨਹੀਂ ਹੁੰਦੇ ਸਗੋਂ ਇਨਸਾਨ ਹੁੰਦੇ ਹਨ। ਉਹ ਇਨਸਾਨ ਜਿਹਨਾਂ ਦੀ ਰਖਵਾਲੀ ਦੇ ਨਾਮ ਉੱਤੇ ਲੀਡਰਾਂ ਦੀਆਂ ਚੁਣੀਆਂ ਗਲਤ ਪਹਿਲਤਾਵਾਂ ਕਾਰਣ ਹੋਣ ਵਾਲੀ ਕਤਲੋਗਾਰਤ ਤੋਂ ਜੇ ਬਚਾਅ ਹੋ ਜਾਵੇ ਤਾਂ ਚੰਗਾ ਹੈ।

## ਲੋਹੜੀ ਮੇਲੇ ਦੀਆਂ ਤਿਆਰੀਆਂ ਮੁਕੰਮਲ



ਲੁਧਿਆਣਾ, 8 ਜਨਵਰੀ (ਗਿਆਨ ਸਿੰਘ): ਮਾਲਵਾ ਸੱਭਿਆਚਾਰਕ ਮੰਚ ਪੰਜਾਬ ਵੱਲੋਂ ਲੋਹੜੀ ਮੇਲੇ ਦਾ ਆਯੋਜਨ 9 ਜਨਵਰੀ ਨੂੰ ਪੰਜਾਬੀ ਭਵਨ ਵਿਖੇ ਕੀਤਾ ਜਾ ਰਿਹਾ ਹੈ । ਇਸ ਸਬੰਧੀ ਤਿਆਰੀਆਂ ਮੁਕੰਮਲ ਹੋ ਗਈਆਂ ਹਨ । ਇਹ ਜਾਣਕਾਰੀ ਦਿੰਦਿਆਂ ਹੋਇਆਂ ਮੰਚ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਅਤੇ ਪ੍ਰਧਾਨ ਰਾਜੀਵ ਕੁਮਾਰ ਲਵਲੀ ਨੇ ਦੱਸਿਆ ਕਿ ਲੋਹੜੀ ਮੇਲੇ ਦੀ ਸ਼ੁਰੂਆਤ 9 ਜਨਵਰੀ ਨੂੰ ਸਮਾਜਿਕ ਬੁਰਾਈਆਂ ਨਸ਼ੇ, ਭਰੂਣ ਹੱਤਿਆ, ਪ੍ਰਦੂਸ਼ਣ ਅਤੇ ਟ੍ਰੈਫਿਕ ਸਮੱਸਿਆ ਆਦਿ ਮੁੱਦਿਆਂ ਤੇ ਆਧਾਰਿਤ ਸੈਮੀਨਾਰ ਨਾਲ ਹੋਵੇਗੀ। ਇਸ ਸੈਮੀਨਾਰ ਨੂੰ ਪ੍ਰਮੁੱਖ ਤੌਰ ਤੇ ਪ੍ਰੋ: ਗੁਰਭਜਨ ਸਿੰਘ ਗਿੱਲ, ਡਾ. ਜਗਤਾਰ ਸਿੰਘ ਧੀਮਾਨ, ਸੰਦੀਪ ਬਹਿਲ, ਏ.ਸੀ.ਪੀ. ਗੁਰਦੇਵ ਸਿੰਘ ਟ੍ਰੈਫਿਕ ਅਤੇ ਆਰ.ਐਸ. ਖੋਖਰ ਹੋਣਗੇ । ਬਾਵਾ ਅਤੇ ਲਵਲੀ ਨੇ ਦੱਸਿਆ ਕਿ 11 ਜਨਵਰੀ ਨੂੰ ਗਾਇਕੀ ਦੇ ਖੁੱਲ੍ਹੇ ਅਖਾੜੇ ਦੀ ਸ਼ੁਰੂਆਤ ਸੂਫੀ ਗਾਇਕ ਕੰਵਰ ਗਰੇਵਾਲ ਕਰਣਗੇ । ਇਸਦੇ ਨਾਲ ਹੀ ਪੰਜਾਬ ਭਰ ਦੇ ਲੋਕ ਗਾਇਕ ਅਤੇ ਕਾਮੇਡੀ ਕਲਾਕਾਰ ਆਪਣੀ ਕਲਾਕਾਰੀ ਦੀ ਪੇਸ਼ਕਾਰੀ ਨਾਲ ਦਰਸ਼ਕਾਂ ਦਾ ਭਰਪੂਰ ਮੰਨੋਰਜਨ ਕਰਨਗੇ । ਜਦਕਿ ਸਟੇਜ ਸੰਚਾਲਨ ਦੀ ਭੂਮਿਕਾ ਸਰਬਜੀਤ ਸਿੰਘ ਵਿਰਦੀ ਕਰਨਗੇ ।

## ਰੈੱਡ ਕਰਾਸ ਸੁਸਾਇਟੀ ਦੀ ਕਾਰਜਕਾਰੀ ਕਮੇਟੀ ਮੀਟਿੰਗ: ਜਲਦ ਹੀ ਦੁਬਾਰਾ ਸ਼ੁਰੂ ਕੀਤੀ ਜਾਵੇਗੀ ਸਾਂਝੀ ਰਸੋਈ : ਡੀ.ਸੀ

ਮੋਗਾ, 8 ਜਨਵਰੀ (ਗਿਆਨ ਸਿੰਘ): ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਸੰਦੀਪ ਹੰਸ ਵੱਲੋਂ ਅੱਜ ਜ਼ਿਲ੍ਹਾ ਰੈੱਡ ਕਰਾਸ ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ ਡਿਪਟੀ ਕਮਿਸ਼ਨਰ ਮੀਟਿੰਗ ਹਾਲ ਵਿਖੇ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗਰੀਬਾਂ ਨੂੰ ਸਸਤਾ ਭੋਜਨ ਮੁਹੱਈਆ ਕਰਵਾਉਣ ਲਈ ਨਗਰ ਨਿਗਮ ਵਿਖੇ ਸ਼ੁਰੂ ਕੀਤੀ ਗਈ ਸਾਂਝੀ ਰਸੋਈ ਨੂੰ ਜਲਦ ਹੀ ਦੁਬਾਰਾ ਚਾਲੂ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਸਾਂਝੀ ਰਸੋਈ ਜੋ ਕਿ ਆਮ ਲੋਕਾਂ ਨੂੰ 10 ਰੁਪਏ ਵਿੱਚ ਖਾਣਾ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ ਸੀ, ਕੁਝ ਦੇਰ ਤੋਂ ਠੇਕੇਦਾਰ ਦੇ ਅਚਨਚੇਤ ਕੰਮ ਛੱਡ ਜਾਣ ਨਾਲ ਬੰਦ ਪਈ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਸਾਂਝੀ ਰਸੋਈ ਜਲਦ ਹੀ ਕਿਸੇ ਚੰਗੇ ਐਨ.ਜੀ.ਓ. ਜਾਂ ਔਰਤਾਂ ਦੁਆਰਾ ਚਲਾਏ ਜਾ ਰਹੇ ਸੈਲਫ ਹੈਲਪ ਗਰੁੱਪ ਨੂੰ ਸੌਂਪੀ ਜਾਵੇਗੀ, ਤਾਂ ਜੋ ਆਮ ਲੋਕਾਂ ਨੂੰ ਸਸਤਾ ਅਤੇ ਵਧੀਆ ਖਾਣਾ ਮਿਲਦਾ ਰਹੇ।




## ਹਵਾਈ ਹਾਦਸੇ ਵਿੱਚ ਮਾਰੇ ਗਏ ਕੈਨੇਡੀਅਨਾਂ ਦੇ ਪਰਿਵਾਰਾਂ ਨਾਲ ਟਰੂਡੋ ਨੇ ਕੀਤਾ ਦੁੱਖ ਸਾਂਝਾ

...ਪੰਨਾ 1 ਦਾ ਬਾਕੀ

ਟਰੂਡੋ ਨੇ ਆਖਿਆ ਕਿ ਸੰਭਾਵੀ ਕਾਰਨਾਂ ਬਾਰੇ ਕਿਆਫੇ ਲਾਉਣਾ ਖਤਰਨਾਕ ਹੋਵੇਗਾ। ਇਹ ਪੁੱਛੇ ਜਾਣ ਉੱਤੇ ਕਿ ਜਹਾਜ਼ ਨੂੰ ਜਾਣਬੁਝ ਕੇ ਨਿਸ਼ਾਨਾ ਬਣਾਇਆ ਗਿਆ ਹੋ ਸਕਦਾ ਹੈ ਤਾਂ ਟਰੂਡੋ ਨੇ ਆਖਿਆ ਕਿ ਇਸ ਬਾਰੇ ਉਹ ਅਜੇ ਕੁੱਝ ਨਹੀਂ ਆਖ ਸਕਦੇ।

ਉਨ੍ਹਾਂ ਸਾਰੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਦਿਆਂ ਆਖਿਆ ਕਿ ਇਸ ਔਖੀ ਘੜੀ ਵਿੱਚ ਉਹ ਉਨ੍ਹਾਂ ਦਾ ਪਰਿਵਾਰ ਤੇ ਸਾਰੇ ਕੈਨੇਡੀਅਨ ਉਨ੍ਹਾਂ ਦੇ ਨਾਲ ਖੜ੍ਹੇ ਹਨ। ਅਸੀਂ ਇਹ ਪਤਾ ਲਾ ਕੇ ਰਹਾਂਗੇ ਕਿ ਆਖਿਰਕਾਰ ਇਹ ਹਾਦਸਾ ਕਿਵੇਂ ਹੋਇਆ। ਇਸ ਮੌਕੇ ਪ੍ਰਧਾਨ ਮੰਤਰੀ ਨਾਲ ਪ੍ਰੈਸ ਕਾਨਫਰੰਸ ਪਹੁੰਚੇ ਟਰਾਂਸਪੋਰਟ ਮੰਤਰੀ ਮਾਰਕ ਗਾਰਨਿਊ ਨੇ ਆਖਿਆ ਕਿ ਸੈਟੇਲਾਈਟ ਡਾਟਾ ਤੋਂ ਇਹੋ ਪਤਾ ਲੱਗਿਆ ਹੈ ਕਿ ਜਹਾਜ਼ ਨੇ ਆਮ ਵਾਂਗ ਹੀ ਉਡਾਨ ਭਰੀ ਸੀ ਤੇ ਡਿਪਾਰਚਰ ਕਾਫੀ ਸਟੈਂਡਰਡ ਵਾਲਾ ਸੀ। ਫਿਰ ਉਸ ਨਾਲੋਂ ਸਾਡਾ ਸੰਪਰਕ ਟੁੱਟ ਗਿਆ, ਜਿਸ ਤੋਂ ਲੱਗਿਆ ਕਿ ਕੁੱਝ ਵੱਡੀ ਗੜਬੜ ਹੋਈ ਹੈ। ਪਰ ਅਸੀਂ ਇਸ ਮੌਕੇ ਕਿਆਸ ਨਹੀਂ ਲਾ ਸਕਦੇ, ਕਈ ਤਰ੍ਹਾਂ ਦੀਆਂ ਸੰਭਾਵਨਾਵਾਂ ਹੋ ਸਕਦੀਆਂ ਹਨ।

ਬੁੱਧਵਾਰ ਸਵੇਰੇ ਜਾਰੀ ਬਿਆਨ ਵਿੱਚ ਟਰੂਡੋ ਨੇ ਆਖਿਆ ਕਿ ਉਹ ਇਸ ਹਾਦਸੇ ਤੋਂ ਕਾਫੀ ਸਦਮੇ ਵਿੱਚ ਹਨ ਤੇ ਉਦਾਸ ਹਨ। ਉਨ੍ਹਾਂ ਆਖਿਆ ਕਿ ਸਾਡੀ ਸਰਕਾਰ ਕੌਮਾਂਤਰੀ ਭਾਈਵਾਲਾਂ ਨਾਲ ਰਲ ਕੇ ਇਹ ਯਕੀਨੀ ਬਣਾਵੇਗੀ ਕਿ ਇਸ ਹਾਦਸੇ ਦੀ ਸਹੀ ਢੰਗ ਨਾਲ ਜਾਂਚ ਕੀਤੀ ਜਾਵੇ ਤੇ ਕੈਨੇਡੀਅਨਾਂ ਨੂੰ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਮਿਲ ਸਕਣ। ਉਨ੍ਹਾਂ ਆਖਿਆ ਕਿ ਉਹ ਸਾਰੇ ਕੈਨੇਡੀਅਨਾਂ ਨੂੰ ਇਹ ਯਕੀਨ ਦਿਵਾਉਣਾ ਚਾਹੁੰਦੇ ਹਨ ਕਿ ਉਨ੍ਹਾਂ ਦੀ ਸੇਫਟੀ ਤੇ ਸਕਿਊਰਿਟੀ ਹੀ ਸਾਡੀ ਮੁੱਖ ਤਰਜੀਹ ਹੈ। ਉਨ੍ਹਾਂ ਅੱਗੇ ਆਖਿਆ ਕਿ ਵਿਦੇਸ਼ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਯੂਕਰੇਨੀਆਈ ਸਰਕਾਰ ਦੇ ਸੰਪਰਕ ਵਿੱਚ ਹਨ ਤੇ ਹੋਰਨਾਂ ਕੌਮਾਂਤਰੀ ਭਾਈਵਾਲਾਂ ਨਾਲ ਵੀ ਗੱਲਬਾਤ ਚੱਲ ਰਹੀ ਹੈ। ਗਾਰਨਿਊ ਨੇ ਆਖਿਆ ਕਿ ਕੈਨੇਡਾ ਹਾਦਸੇ ਦੀ ਹੋਣ ਵਾਲੀ ਜਾਂਚ ਲਈ ਤਕਨੀਕੀ ਸਹਿਯੋਗ ਦੇਣ ਦੀ ਪੇਸ਼ਕਸ਼ ਕਰ ਰਿਹਾ ਹੈ।

ਇਸ ਦੌਰਾਨ ਕੰਜ਼ਰਵੇਟਿਵਾਂ ਦੇ ਅਹੁਦਾ ਛੱਡ ਰਹੇ ਆਗੂ ਐਂਡਰਿਊ ਸ਼ੀਅਰ, ਐਨਡੀਪੀ ਆਗੂ ਜਗਮੀਤ ਸਿੰਘ, ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ, ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਤੋਂ ਇਲਾਵਾ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਨੇ ਵੀ ਇਸ ਹਾਦਸੇ ਵਿੱਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ। ਇਰਾਨੀ ਅਧਿਕਾਰੀਆਂ ਨੇ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਹਾਦਸਾ ਤਕਨੀਕੀ ਖਰਾਬੀ ਕਾਰਨ ਵਾਪਰਿਆ।

## ਹਾਦਸੇ ’ਚ 176 ਯਾਤਰੀ ਮਾਰੇ ਗਏ



ਇਰਾਨ ਦੀ ਰਾਜਧਾਨੀ ਦੇ ਮੁੱਖ ਏਅਰਪੋਰਟ ਤੋਂ ਉਡਾਨ ਭਰਨ ਤੋਂ ਕੁੱਝ ਸਮੇਂ ਬਾਅਦ ਹੀ ਹਾਦਸੇ ਦਾ ਸ਼ਿਕਾਰ ਹੋਏ ਹਵਾਈ ਜਹਾਜ਼ ਵਿੱਚ ਮਾਰੇ ਗਏ 176 ਯਾਤਰੀਆਂ ਵਿੱਚੋਂ 63 ਕੈਨੇਡੀਅਨ ਨਾਗਰਿਕ ਸਨ। ਇਹ ਜਾਣਕਾਰੀ ਯੂਕਰੇਨ ਦੇ ਵਿਦੇਸ਼ ਮੰਤਰੀ ਵੱਲੋਂ ਦਿੱਤੀ ਗਈ।

ਵਦਿਅਮ ਪ੍ਰਿਸਤਾਇਕੋ ਨੇ ਆਖਿਆ ਕਿ ਇਸ ਜਹਾਜ਼ ਵਿੱਚ 63 ਕੈਨੇਡੀਅਨ, 82 ਇਰਾਨੀ, ਤੇ 11 ਯੂਕਰੇਨੀਆਈ ਯਾਤਰੀ ਸਵਾਰ ਸਨ- ਇਨ੍ਹਾਂ ਵਿੱਚ ਦੋ ਯੂਕਰੇਨੀਅਨ ਨਾਗਰਿਕ ਤੇ ਅਮਲੇ ਦੇ ਨੌਂ ਮੈਂਬਰ ਵੀ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਸਵੀਡਨ ਦੇ 10, ਅਫਗਾਨ ਦੇ 4 ਤੇ ਜਰਮਨੀ ਦੇ 3 ਤੇ ਬ੍ਰਿਟੇਨ ਦੇ 3 ਨਾਗਰਿਕ ਸਵਾਰ ਸਨ। ਇਹ ਹਾਦਸਾ, ਜਿਸ ਵਿੱਚ ਜਹਾਜ਼ ਵਿੱਚ ਸਵਾਰ ਸਾਰੇ ਲੋਕ ਮਾਰੇ ਗਏ, ਬੁੱਧਵਾਰ ਸਵੇਰੇ ਉਸ ਸਮੇਂ ਵਾਪਰਿਆ ਜਦੋਂ ਇਰਾਨ ਨੇ ਇਰਾਕ ਵਿੱਚ ਅਮਰੀਕੀ ਸੈਨਿਕਾਂ ਵਾਲੇ ਦੋ ਟਿਕਾਣਿਆਂ ਉੱਤੇ ਬਾਲਿਸਟਿਕ ਮਿਜ਼ਾਈਲਾਂ ਨਾਲ ਹਮਲਾ ਕਰ ਦਿੱਤਾ। ਪਰ ਯੂਕਰੇਨੀਆਈ ਤੇ ਇਰਾਨੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਹੋ ਸ਼ੱਕ ਹੈ ਕਿ ਬੋਇੰਗ 737-800 ਜਹਾਜ਼ ਨੂੰ ਕਿਸੇ ਤਕਨੀਕੀ ਕਾਰਨ ਕਰਕੇ ਹੀ ਇਹ ਹਾਦਸਾ ਪੇਸ਼ ਆਇਆ। ਗਲੋਬਲ ਅਫੇਅਰਜ਼ ਕੈਨੇਡਾ ਵੱਲੋਂ ਇਸ ਮਾਮਲੇ ਵਿੱਚ ਹਾਲ ਦੀ ਘੜੀ ਕੋਈ ਟਿੱਪਣੀ ਨਹੀਂ ਕੀਤੀ ਗਈ ਹੈ। ਏਅਰਲਾਈਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਬਹੁਤੇ ਯਾਤਰੀ ਯੂਕਰੇਨ ਦੀ ਰਾਜਧਾਨੀ ਕੀਵ ਜਾ ਰਹੇ ਸਨ ਜਿੱਥੋਂ ਉਨ੍ਹਾਂ ਅਗਾਂਹ ਵੱਖ ਵੱਖ ਮੰਜ਼ਿਲਾਂ ਤੈਅ ਕਰਨੀਆਂ ਸਨ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਵੱਲੋਂ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ ਗਿਆ। ਉਨ੍ਹਾਂ ਦੇ ਆਫਿਸ ਵੱਲੋਂ ਆਖਿਆ ਗਿਆ ਕਿ ਉਨ੍ਹਾਂ ਨੇ ਓਮਨ ਦੇ ਆਪਣੇ ਦੌਰੇ ਨੂੰ ਵਿਚਾਲੇ ਹੀ ਛੱਡ ਦਿੱਤਾ ਹੈ ਤੇ ਉਹ ਕੀਵ ਪਰਤ ਰਹੇ ਹਨ।

ਆਪਣੇ ਫੇਸਬੁਕ ਬਿਆਨ ਵਿੱਚ ਪਾਰਲੀਆਮੈਂਟ ਦੇ ਸਪੀਕਰ ਦਮਿਤਰੋ ਰਾਜ਼ੁਮਕੋਵ ਨੇ ਆਖਿਆ ਕਿ ਸਾਡਾ ਟੀਚਾ ਇਸ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣਾ ਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਲੋੜੀਂਦੀ ਮਦਦ ਮੁਹੱਈਆ ਕਰਵਾਉਣਾ ਹੈ।

## ਬਰੇਕ ਹੇਠਾਂ ਬੋਤਲ ਫਸਣ ਕਰ ਕੇ ਕਾਰ ਖੰਭਿਆਂ ਨਾਲ ਟਕਰਾਈ, ਮਹਿਲਾ ਦੀ ਮੌਤ

ਬਰੀਵਾਲਾ (ਸ੍ਰੀ ਮੁਕਤਸਰ ਸਾਹਿਬ), 8 ਜਨਵਰੀ (ਪੋਸਟ ਬਿਊਰੋ)- ਕਾਰ ਵਿੱਚ ਬਰੇਕ ਪੈਡਲ ਦੇ ਹੇਠਾਂ ਪਾਣੀ ਦੀ ਬੋਤਲ ਫਸਣ ਕਾਰਨ ਪਿੰਡ ਸਰਾਏਨਾਗਾ ਵਿੱਚ ਟੀ-ਪੁਆਇੰਟ ਦੇ ਨੇੜੇ ਬੀਤੇ ਦਿਨ ਦਰਦਨਾਕ ਹਾਦਸਾ ਵਾਪਰ ਗਿਆ। ਬਰੇਕ ਨਾ ਲੱਗਣ ਕਾਰਨ ਬੇਕਾਬੂ ਕਾਰ ਬਿਜਲੀ ਦੇ ਖੰਭਿਆਂ ਨੂੰ ਤੋੜਦੇ ਹੋਏ ਖੇਤ ਵਿੱਚ ਜਾ ਡਿੱਗੀ। ਹਾਦਸੇ ਵਿੱਚ ਕਾਰ ਸਵਾਰ ਪਿੰਡ ਝੀਂਡਵਾਲਾ ਦੀ ਹਰਕਿਰਨ ਕੌਰ (34) ਦੀ ਮੌਤ ਹੋ ਗਈ।

ਲੋਕਿੰਦਰ ਸਿੰਘ ਦੀ ਪਤਨੀ ਹਰਕਿਰਨ ਕੌਰ ਸਵਿਫਟ ਕਾਰ ਤੇ ਕੋਟਕਪੂਰਾ ਵੱਲੋਂ ਵਾਪਸ ਪਿੰਡ ਜਾ ਰਹੀ ਸੀ। ਕਾਰ ਦੀ ਸਪੀਡ ਕਰੀਬ 100 ਕਿਲੋਮੀਟਰ ਸੀ। ਕਾਰ ਵਿੱਚ ਰੱਖੀ ਪਾਣੀ ਦੀ ਬੋਤਲ ਬਰੇਕ ਪੈਡਲ ਦੇ ਹੇਠਾਂ ਫਸ ਗਈ ਸੀ। ਜਦ ਹਰਕਿਰਨ ਨੇ ਬਰੇਕ ਲਾਉਣ ਦੀ ਕੋਸ਼ਿਸ਼ ਕੀਤੀ ਤਾਂ ਨਹੀਂ ਲੱਗੀ। ਘਬਰਹਾਟ ਵਿੱਚ ਕਾਰ ਬੇਕਾਬੂ ਹੋ ਕੇ ਪਹਿਲਾਂ ਇੱਕ ਰੁੱਖ ਨਾਲ ਵੱਜੀ, ਫਿਰ ਬਿਜਲੀ ਦੇ ਦੋ ਖੰਭਿਆਂ ਨੂੰ ਤੋੜਦੀ ਹੋਈ ਕਈ ਵਾਰ ਪਲਟ ਕੇ ਖੇਤ ਵਿੱਚ ਜਾ ਡਿੱਗੀ। ਹਰਕਿਰਨ ਕੌਰ ਖਾਲਸਾ ਕਾਲਜ ਆਫ ਐਜੂਕੇਸ਼ਨ ਸੰਸਥਾ ਦੇ ਪ੍ਰਧਾਨ ਬੀਰਇੰਦਰ ਸਿੰਘ ਝੀਂਡਵਾਲਾ ਦੀ ਨੂੰਹ ਸੀ। ਕਾਰ ਦੇ ਏਅਰਬੈਗ ਖੁੱਲ੍ਹ ਗਏ ਸਨ, ਪਰ ਟੱਕਰ ਇੰਨੀ ਜ਼ਬਰਦਸਤ ਸੀ ਕਿ ਏਅਰਬੈਗ ਵੀ ਹਰਕਿਰਨ ਦੀ ਜਾਨ ਨਹੀਂ ਬਚਾ ਸਕੇ।

## ਰਿਆਲਟੈਰ ਸਤਵੀਰ ਧਾਲੀਵਾਲ ਨੂੰ ਸਦਮਾ, ਪਿਤਾ ਪਲਵਿੰਦਰ ਧਾਲੀਵਾਲ ਦਾ ਦੇਹਾਂਤ



ਬਰੈਂਪਟਨ 8 ਜਨਵਰੀ (ਪੋਸਟ ਬਿਊਰੋ)- ਮੋਗਾ ਜਿਲੇ ਦੇ ਪਿੰਡ ਬੱਧਨੀ ਕਲਾਂ ਦੇ ਜੰਮ ਪਲ ਉੱਘੇ ਸਮਾਜ-ਸੇਵਕ, ਨਾਮਵਰ ਸ਼ਖ਼ਸੀਅਤ ਤੇ ਲੰਮੇ ਸਮੇ ਤੋਂ ਕੈਨੇਡਾ ਦੇ ਸ਼ਹਿਰ ਬਰੈਂਪਟਨ ਦੇ ਵਸਨੀਕ ਪਲਵਿੰਦਰ ਧਾਲੀਵਾਲ ਦਾ ਅੱਜ ਦੇਹਾਂਤ ਹੋ ਗਿਆ। ਉਹ ਕੈਨੇਡਾ ’ਚ ਬਹੁਤ ਸਾਰੀਆਂ ਸਮਾਜਿਕ ਸੰਸਥਾਵਾਂ ਨਾਲ ਜੁੜੇ ਹੋਏ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ 12 ਜਨਵਰੀ ਦਿਨ ਐਤਵਾਰ ਨੂੰ Lotus Funrel Home, 121 Cityview Drive, Toronto ON M9W 5A8 ਵਿਖੇ ਦੁਪਿਹਰ 12 ਤੋਂ 2 ਵਜੇ ਤੱਕ ਕੀਤਾ ਜਾਵੇਗਾ ਅਤੇ ਉਨ੍ਹਾਂ ਨਮਿਤ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਮਾਲਟਨ ਗੁਰੂਘਰ ਵਿਖੇ 2:30 ਤੋਂ 4:30 ਤੱਕ ਹੋਣਗੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸਤਵੀਰ ਸਿੰਘ ਧਾਲੀਵਾਲ ਨਾਲ 416-627-4700 ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ।




ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.















# ਮਿੰਨੀ ਕਹਾਣੀਆਂ

## ਰੈਲੀ

-ਗੋਬਿੰਦਰ ਸਿੰਘ ਢੀਂਡਸਾ

ਚੋਣ ਰੈਲੀ ਦੇ ਠਾਠਾਂ ਮਾਰਦੇ ਭਾਰੀ ਇਕੱਠ ਨੂੰ ਨੇਤਾ ਫਖਰ ਨਾਲ ਸੰਬੋਧਨ ਕਰਦੇ ਹੋਏ ਆਖ ਰਿਹਾ ਸੀ, 'ਇਹ ਰੈਲੀ ਇਤਿਹਾਸ ਸਿਰਜ ਰਹੀ ਹੈ। ਇਸ ਰੈਲੀ ਵਿੱਚ ਲੋਕਾਂ ਦਾ ਆਪਮੁਹਾਰੇ ਹੋਇਆ ਇਕੱਠ ਪਾਰਟੀ ਦੀ ਜਿੱਤ ਨੂੰ ਯਕੀਨੀ ਬਣਾ ਰਿਹਾ ਹੈ।'

ਰੈਲੀ ਵਿੱਚ ਲੋਕਾਂ ਦੇ ਇੱਕਠ ਵਿੱਚ ਬੈਠੇ ਚਰਨ ਸਿੰਘ ਦਾ ਜਿਉਂ ਹੀ ਫੋਨ ਵੱਜਿਆ ਤਾਂ ਜਵਾਬ ਦਿੰਦੇ ਸਮੇਂ ਉਹ ਕਹਿ ਰਿਹਾ ਸੀ, 'ਜੋ ਹੁਕਮ ਪ੍ਰਧਾਨ ਸਾਹਿਬ, ਜ਼ਰੂਰ ਚੱਲਾਂਗੇ! ਤੁਸੀਂ ਗੱਡੀ ਭੇਜ ਦਿਉ, 50 ਬੰਦੇ ਹੋ ਜਾਣਗੇ 450 ਦੇ ਰੇਟ ਨਾਲ।'

ਚਰਨ ਸਿੰਘ ਦੇ ਮੂੰਹੋਂ 450 ਸੁਣਦਿਆਂ ਹੀ ਨਾਲ ਬੈਠੇ ਸਾਥੀ ਦੇ ਚਿਹਰੇ 'ਤੇ ਰੌਣਕ ਆ ਗਈ ਤੇ ਉਹ ਸੋਚਣ ਲੱਗਾ ਕਿ ਇਕ ਹੋਰ ਦਿਹਾੜੀ ਪੱਕੀ ਹੋ ਗਈ। ਇੰਨੇ ਨੂੰ ਸਟੇਜ 'ਤੇ ਜੈਕਾਰਾ ਛੱਡਿਆ ਗਿਆ ਤਾਂ ਹੋਰਨਾਂ ਲੋਕਾਂ ਵਾਂਗ ਚਰਨ ਸਿੰਘ ਤੇ ਉਸ ਦੇ ਸਾਥੀਆਂ ਨੇ ਭਰਵੇਂ ਜੋਸ਼ ਨਾਲ ਬਾਂਹਾਂ ਖੜੀਆਂ ਕਰਕੇ ਹੁੰਗਾਰਾ ਭਰਿਆ।

## ਸਦੀਵੀ ਗੁਲਾਮ

-ਜਸਪ੍ਰੀਤ ਕੌਰ ਸੰਘਾ

ਸਵੇਰ ਦੇ ਸੱਤ ਵੱਜ ਚੁੱਕੇ ਸਨ, ਪਰ ਪਰਮੀਤ ਅੱਜ ਉਠਣ ਦਾ ਨਾਂਅ ਨਹੀਂ ਸੀ ਲੈ ਰਿਹਾ। ਸਵਰਨੀ ਨੇ ਸਕੂਲੋਂ ਲੇਟ ਹੋਣ ਦੇ ਡਰੋਂ ਪਰਮੀਤ ਨੂੰ ਜਗਾਉਣਾ ਚਾਹਿਆ, ਪਰ ਉਹ ਢੀਠ ਹੋ ਕੇ ਸੁੱਤਾ ਰਿਹਾ। ਜਦੋਂ ਵਾਰ-ਵਾਰ ਸਵਰਨੀ ਉਸ ਨੂੰ ਉਠਾਉਣ ਦੀ ਕੋਸ਼ਿਸ਼ ਕਰਦੀ ਰਹੀ ਤਾਂ ਪਰਮੀਤ ਗੁੱਸੇ ਵਿੱਚ ਅੱਗ ਬਬੂਲਾ ਹੋ ਕੇ ਬੋਲਿਆ, "ਮਾਂ ਅੱਜ ਪੰਦਰਾਂ ਅਗਸਤ ਹੈ ਤੇ ਅੱਜ ਦੇ ਦਿਨ ਅਸੀਂ ਆਜ਼ਾਦ ਹੋਏ ਸਾਂ। ਇਸ ਕਰ ਕੇ ਅੱਜ ਸਕੂਲ ਤੋਂ ਛੁੱਟੀ ਹੈ, ਪਰ ਤੈਨੂੰ ਆਪਣੇ ਆਜ਼ਾਦੀ ਦਿਵਸ ਬਾਰੇ ਵੀ ਨਹੀਂ ਪਤਾ?"

ਪਰਮੀਤ ਦੀ ਗੱਲ ਸੁਣ ਕੇ ਸਵਰਨੀ ਸੁੰਨ ਹੋ ਗਈ ਤੇ ਹੌਲੀ ਜਿਹੇ ਬੋਲੀ, "ਕਿਹੜੀ ਆਜ਼ਾਦੀ ਪੁੱਤਰਾ! ਮੈਂ ਤਾਂ ਜਦੋਂ ਦਾ ਜਨਮ ਲਿਆ ਹੈ, ਗੁਲਾਮ ਹੀ ਹਾਂ। ਪਹਿਲਾਂ ਮਾਪਿਆਂ ਦੇ ਘਰ ਆਪਣੇ ਪਿਓ ਤੇ ਭਰਾਵਾਂ ਦੀ ਗੁਲਾਮ ਸੀ ਤੇ ਹੁਣ ਵਿਆਹ ਪਿੱਛੋਂ ਤੇਰੇ ਪਿਓ ਦੀ ਗੁਲਾਮ ਹਾਂ। ਮੇਰੇ ਪੈਰ ਤਾਂ ਸਮਾਜਕ ਰੀਤੀ ਰਿਵਾਜ਼ਾਂ ਤੇ ਘਰ ਪਰਵਾਰ ਦੀ ਮਾਣ ਮਰਿਆਦਾ ਦੀਆਂ ਬੇੜੀਆਂ ਵਿੱਚ ਹੀ ਜਕੜੇ ਰਹਿੰਦੇ ਹਨ, ਫਿਰ ਤੂੰ ਕਿਸ ਆਜ਼ਾਦੀ ਦੀ ਗੱਲ ਕਰਦਾ ਹੈਂ? ਪੁੱਤਰਾ, ਮੈਂ ਤਾਂ ਸਦੀਵੀ ਗੁਲਾਮ ਹਾਂ।"

ਇਹ ਬੋਲਦੇ ਬੋਲਦੇ ਉਸ ਦੀਆਂ ਅੱਖਾਂ ਨੇ ਹੰਝੂਆਂ ਦੀ ਝੜੀ ਲਗਾ ਦਿੱਤੀ।

## ਗਊ ਵਰਗੀ ਧੀ

-ਸੁਖਵਿੰਦਰ ਕੌਰ ਹਰਿਆਉ

ਰਾਜਵੀਰ ਕਾਲਜ ਤੋਂ ਆਈ। ਘਰ ਕੁਝ ਮਹਿਮਾਨ ਆਏ ਬੈਠੇ ਸਨ। ਉਸ ਨੇ ਸਾਰਿਆਂ ਨੂੰ ਸਤਿ ਸ੍ਰੀ ਅਕਾਲ ਬੁਲਾਈ ਤਾਂ ਉਸ ਦੇ ਪਾਪਾ ਨੇ ਕਿਹਾ, 'ਆ ਰਾਜ ਪੁੱਤਰ ਇਧਰ ਬੈਠ', ਨੇੜੇ ਪਈ ਕੁਰਸੀ ਵੱਲ ਇਸ਼ਾਰਾ ਕੀਤਾ। ਰਾਜਵੀਰ ਬੈਠ ਗਈ।

ਉਸ ਦੇ ਪਾਪਾ ਨੇ ਗੱਲ ਸ਼ੁਰੂ ਕੀਤੀ, 'ਰੱਜ ਪੁੱਤ ਇਹ ਤੇਰੇ ਲਈ ਰਿਸ਼ਤਾ ਲੈ ਕੇ ਆਏ ਨੇ, ਬੜੇ ਖਾਨਦਾਨੀ ਲੋਕ ਨੇ। ਸਾਡੀ ਧੀ ਤਾਂ ਜੀ ਬਹੁਤ ਗੁਣੀ ਐ, ਨਿਰੀ ਗਊ ਐ ਗਊ। ਕਦੇ ਅੱਖ ਵਿੱਚ ਪਾਈ ਨ੍ਹੀਂ ਰੜਕੀ।'

ਉਹ ਸਾਰੇ ਮਿੰਨ੍ਹਾ ਜਿਹਾ ਮੁਸਕਰਾਏ ਤੇ ਰਾਜਵੀਰ ਨੇ ਕਿਹਾ, 'ਹੋਰ ਤਾਂ ਸਭ ਠੀਕ ਹੈ ਪਾਪਾ, ਤੁਹਾਡੀ ਧੀ ਹਾਂ, ਗਊ ਹਾਂ, ਪਰ ਦੇਖਿਓ ਕਿਤੇ ਪਸ਼ੂ ਸਮਝ ਕੇ ਬਿਗਾਨੇ ਘਰ ਨਾ ਬੰਨ੍ਹ ਦਿਓ। ਵਰ ਤੇ ਘਰ ਪਰਖ ਕੇ ਭਾਲਿਓ।"

ਸਾਰੇ ਰਾਜਵੀਰ ਦੇ ਚਿਹਰੇ ਵੱਲ ਹੈਰਾਨੀ ਨਾਲ ਵੇਖ ਰਹੇ ਸਨ।

## ਰਿਸ਼ਤੇਦਾਰਾਂ ਦੀ ਗਿਣਤੀ

-ਇਕਵਾਕ ਸਿੰਘ ਪੱਟੀ

ਉਜਾਗਰ ਸਿੰਘ ਅਕਸਰ ਸੋਚਦਾ ਕਿ ਭਲਿਆਂ ਵੇਲਿਆਂ ਵਾਂਗ ਕਦੇ ਹੁਣ ਵੀ ਸਮਾਂ ਕੱਢ ਕੇ ਸਾਰੇ ਰਿਸ਼ਤੇਦਾਰ ਇਕੱਠੇ ਹੋ ਜਾਣ ਤਾਂ ਕਿੰਨਾ ਚੰਗਾ ਲੱਗੇ। ਸਬੱਬੀਂ ਪੋਤਰੇ ਦੇ ਵਿਆਹ ਦਾ ਮੌਕਾ ਆਣ ਬਣਿਆ। ਸਾਦਗੀ ਨਾਲ ਕੀਤੇ ਵਿਆਹ ਤੋਂ ਬਾਅਦ ਖਾਸ ਰਿਸੈਪਸ਼ਨ ਪਾਰਟੀ ਰੱਖ ਲਈ ਗਈ। ਪਾਰਟੀ ਦੇ ਦਿਨ ਨੇੜੇ ਆ ਰਹੇ ਸਨ।

ਰਿਸ਼ਤੇਦਾਰਾਂ ਦੀ ਗਿਣਤੀ ਬਾਰੇ ਗੱਲਬਾਤ ਕਰਦਿਆਂ ਉਸ ਦੇ ਦੋਸਤ ਬੰਤਾ ਸਿੰਘ ਨੇ ਪੁੱਛ ਲਿਆ, 'ਭਾਈ! ਕਿੰਨੇ ਕੁ ਬੰਦੇ ਆਉਣ ਦੀ ਸੰਭਾਵਨਾ ਹੈ? ਕਿਉਂਕਿ ਅੱਜ ਕੱਲ੍ਹ ਤਾਂ ਇਕ ਪਰਵਾਰ ਵਿੱਚੋਂ ਮਸਾਂ ਇਕ-ਇਕ ਜਾਂ ਦੋ-ਦੋ ਜੀਅ ਹੀ ਆਉਂਦੇ ਹਨ। ਭਲਾ ਕਿੰਨੀ ਕੁ ਗਿਣਤੀ ਬਣ ਜਾਊ?'

ਉਜਾਗਰ ਸਿੰਘ ਮੁਕਰਾਉਂਦਿਆਂ ਕਹਿਣ ਲੱਗਾ, "ਭਾਈ, ਇਸ ਵਾਰ ਸਾਰੇ ਦੇ ਸਾਰੇ ਪਰਵਾਰ ਹੀ ਆਉਣਗੇ ਤੇ ਰਿਸ਼ਤੇਦਾਰਾਂ ਦੀ ਗਿਣਤੀ ਕਰਨੀ ਔਖੀ ਹੋ ਜਾਣੀ, ਕਿਉਂਕਿ ਸਾਰਿਆਂ ਨੂੰ ਇਕੱਠੇ ਦੇਖਣ ਦੀ ਮੇਰੀ ਇੱਛਾ ਹੈ, ਇਸੇ ਲਈ ਕਾਰਡਾਂ ਉਤੇ ਇਹ ਮੋਟਾ ਕਰਕੇ ਛਪਵਾ ਦਿੱਤਾ ਸੀ ਕਿ 'ਰਿਸੈਪਸ਼ਨ ਮੌਕੇ ਅਨਲਿਮਟਿਡ ਵਾਈ ਫਾਈ ਵਰਤਣ ਦੀ ਖੁੱਲ੍ਹ ਹੋਵੇਗੀ', ਹੁਣ ਨਹੀਂ ਰਹਿੰਦਾ ਬੰਤਾ ਸਿੰਹਾਂ ਕੋਈ ਘਰ, ਸਭ ਨਿਆਣੇ ਸਿਆਣੇ ਆਉਣਗੇ।"

# ਬਾਬੂਗਿਰੀ ਦਾ ਕਮਾਲ

-ਮੋਹਨ ਲਾਲ ਫਿਲੌਰੀਆ

ਇਸ ਵਿੱਚ ਕੋਈ ਅੱਤ ਕਥਨੀ ਨਹੀਂ ਕਿ ਪੰਜਾਬ ਦੇ ਦਫਤਰਾਂ ਵਿੱਚ 'ਬਾਬੂਗਿਰੀ' ਦਾ ਰਾਜ ਹੈ। ਇਕ ਕਮਾਲ ਦੀ ਕਥਾ 2015 ਦੇ ਨੌਵੇਂ ਮਹੀਨੇ ਤੋਂ ਸ਼ੁਰੂ ਹੋਈ ਸੀ। ਸਾਲ 2016 ਦਾ ਦਸੰਬਰ ਬੀਤ ਗਿਆ, ਤੇ ਬਾਬੂਗਿਰੀ ਸੰਤੁਸ਼ਟ ਨਹੀਂ ਹੋਈ। ਉਸ ਦੀ ਖੇਡ ਜਾਰੀ ਹੈ। ਸੰਤ ਬਾਬਾ ਸੁਰਿੰਦਰ ਦਾਸ ਵਾਸੀ ਪਿੰਡ ਕਾਹ-ਨਪੁਰ (ਜਲੰਧਰ) ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਜਲੰਧਰ ਦੇ ਡਿਪਟੀ ਕਮਿਸ਼ਨਰ ਨੂੰ ਅਰਜ਼ੀ ਦਿੱਤੀ ਤੇ ਇਕ ਮਾਸਿਕ ਮੈਗਜ਼ੀਨ ਕੱਢਣ ਦੀ ਆਗਿਆ ਮੰਗੀ ਸੀ। ਡਿਪਟੀ ਕਮਿਸ਼ਨਰ ਨੇ ਅਰਜ਼ੀ ਭਾਰਤ ਸਰਕਾਰ ਨੂੰ ਦਿੱਲੀ ਭੇਜਣੀ ਸੀ। ਡਿਪਟੀ ਕਮਿਸ਼ਨਰ ਦਫਤਰ ਹਫਤੇ ਦਸੀਂ ਦਿਨੀਂ ਜਾਇਆ ਜਾਂਦਾ ਰਿਹਾ ਤੇ ਬਸ ਅੱਜ ਕੱਲ੍ਹ ਦਾ ਲਾਰਾ ਲੱਗਦਾ ਰਿਹਾ। ਅਰਜ਼ੀ ਉੱਤੇ ਕੋਈ ਕਾਰਵਾਈ ਨਾ ਹੋਈ ਤੇ ਉਹ ਬਾਬੂਆਂ ਦੇ ਕਬਜ਼ੇ ਵਿੱਚ ਹੀ ਰਹੀ।

ਦਸ ਮਹੀਨੇ ਬੀਤ ਗਏ। ਇਕ ਲਿਖਤੀ ਪੱਤਰ ਭੇਜਿਆ ਗਿਆ, ਪਰ ਬੇਕਾਰ। ਕੀ ਕੀਤਾ ਜਾਵੇ? ਫਿਰ ਆਰ ਟੀ ਆਈ ਤਹਿਤ ਸੂਚਨਾ ਮੰਗੀ ਗਈ ਕਿ ਹੁਣ ਤੱਕ ਅਰਜ਼ੀ ਉੱਤੇ ਕੀਤੀ ਗਈ ਕਾਰਵਾਈ ਬਾਰੇ ਜਾਣਕਾਰੀ ਦਿੱਤੀ ਜਾਵੇ, ਪਰ ਆਰ ਟੀ ਆਈ ਦਾ ਵੀ ਜਵਾਬ ਨਾ ਆਇਆ। ਆਰ ਟੀ ਆਈ ਬੇਕਾਰ ਗਈ। ਕਾਨੂੰਨ ਅਨੁਸਾਰ ਆਰ ਟੀ ਆਈ ਉੱਤੇ ਪਹਿਲੀ ਅਪੀਲ ਐਪੀਲੇਟ ਅਥਾਰਟੀ ਡੀ ਸੀ ਦਫਤਰ ਜਲੰਧਰ ਨੂੰ ਪਾਈ ਗਈ। ਐਪੀਲੇਟ ਅਥਾਰਟੀ ਹਰਕਤ ਵਿੱਚ ਆਈ। ਪੇਸ਼ੀ ਹੋਈ। ਬੁਲਾਇਆ ਗਿਆ। ਪੇਸ਼ੀ ਏ ਡੀ ਸੀ ਸਾਹਿਬ ਦੀ ਅਦਾਲਤ ਵਿੱਚ ਸੀ। ਨੋਟਿਸ ਤੀਹ ਜੂਨ ਨੂੰ ਮਿ-ਲਿਆ, ਜਦ ਕਿ ਨੋਟਿਸ 27 ਜੂਨ ਨੂੰ ਰਜਿਸਟਰੀ ਕੀਤਾ ਗਿਆ ਸੀ, ਜਿਹੜਾ ਤਿੰਨ ਦਿਨ ਬਾਅਦ ਮਿਲਿਆ। ਦੁਬਾਰਾ ਪੇਸ਼ੀ ਹੋਈ। ਏ ਡੀ ਸੀ ਸਾਹਿਬ ਨੇ ਪੁੱਛਿਆ, 'ਕੀ ਚਾਹੁੰਦੇ ਹੋ?' ਬਿਆਨ ਕੀਤਾ। ਸਬੰਧਤ ਬਾਬੂ ਨੂੰ ਬੁਲਾਇਆ ਗਿਆ। ਬਾਬੂ ਝੂਠ ਸੱਚ ਬੋਲ ਕੇ ਦੇਰੀ ਨੂੰ ਟਾਲ ਕੇ ਬਚ ਗਿਆ। ਆਰ ਟੀ ਆਈ ਹੇਠ ਮੰਗੀ ਗਈ ਸੂਚਨਾ ਅੱਧ ਪਚਦੀ ਦੇ ਦਿੱਤੀ ਗਈ। 12 ਜੁਲਾਈ ਨੂੰ ਅਰਜ਼ੀ ਡੀ ਸੀ ਦਫਤਰ ਜਲੰਧਰ ਨੇ ਸੁਪਰਡੈਂਟ ਚੰਡੀਗੜ੍ਹ ਨੂੰ ਭੇਜ ਦਿੱਤੀ। ਇਕ ਸਾਧਾਰਨ ਜਿਹੀ ਅਰਜ਼ੀ 10 ਮਹੀਨੇ ਡੀ ਸੀ ਦਫਤਰ ਦੀ ਧੂੜ ਫੱਕਦੀ ਰਹੀ। ਇਹ ਬੜੀ ਅਚੰਭਾ ਜਨਕ ਕਾਰਗੁਜ਼ਾਰੀ ਹੈ। ਹੁਣ ਅਰਜ਼ੀ ਚੰਡੀਗੜ੍ਹ ਪਹੁੰਚ ਗਈ ਹੈ ਅਤੇ ਕੋਈ ਸੂਚਨਾ ਨਹੀਂ ਮਿਲੀ ਕਿ ਅਰਜ਼ੀ ਚੰਡੀਗੜ੍ਹ ਤੋਂ ਦਿੱਲੀ ਲਈ ਚੱਲ ਪਈ ਹੈ ਜਾਂ ਨਹੀਂ। 31 ਦਸੰਬਰ ਨੂੰ ਇਕ ਪੱਤਰ ਸੁਪਰਡੈਂਟ ਸਾਹਿਬ ਪੰਜਾਬ, ਚੰਡੀਗੜ੍ਹ ਨੂੰ ਲਿਖਿਆ ਗਿਆ ਤੇ ਪੁੱਛਿਆ ਗਿਆ ਕਿ ਅਰਜ਼ੀ ਦਾ ਕੀ ਬਣਿਆ? ਕੋਈ ਜਵਾਬ ਨਾ ਆਇਆ। ਕੀ ਕੀਤਾ ਜਾਵੇ? ਜੁਲਾਈ, ਅਗਸਤ, ਅਕਤੂਬਰ, ਨਵੰਬਰ ਅਰਜ਼ੀ ਪੰਜਾਬ ਸਕੱਤਰੇਤ ਵਿੱਚ ਰੁਕੀ ਰਹੀ। ਪੰਦਰਾਂ ਨਵੰਬਰ ਨੂੰ ਗ੍ਰਹਿ ਵਿਭਾਗ ਦੇ ਸੁਪਰਡੈਂਟ ਸਾਹਿਬ ਨੇ ਇਕ ਚਿੱਠੀ ਡੀ ਸੀ ਜਲੰਧਰ ਵੱਲ ਲਿਖੀ ਅਤੇ ਕੁਝ ਖਾਮੀਆਂ ਕੱਢ ਮਾਰੀਆਂ, ਜਿਸ ਦੀ ਕਾਪੀ ਪ੍ਰਾਰਥੀ ਨੂੰ ਵੀ ਭੇਜੀ। ਖਾਮੀਆਂ ਸਨ (ੳ) ਫਾਰਮ 'ਏ' ਐਸ ਡੀ ਐਮ ਦੀ ਰਬੜ ਮੋਹਰ ਅਤੇ ਗੋਲ ਮੋਹਰ ਲਾ ਕੇ ਇਕ ਰੁਪਏ 25 ਪੈਸੇ ਦੀ ਕੋਰਟ ਫੀਸ ਸਟੈਂਪ ਸਮੇਤ ਤਸਦੀਕ ਸ਼ੁਦਾ ਫੋਟੋ ਦੋ ਪਰਤਾਂ ਵਿੱਚ ਭੇਜਿਆ ਜਾਵੇ। (ਅ) ਪ੍ਰਾਰਥੀ ਦੇ ਵੋਟਰ ਕਾਰਡ ਅਤੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਤਸਦੀਕ ਕਰਵਾ ਕੇ ਦੋ ਪਰਤਾਂ ਵਿੱਚ ਭੇਜਿਆ ਜਾਵੇ।ਬੜਾ ਅਜੀਬ ਲੱਗਿਆ। ਦਸ ਮਹੀਨੇ ਅਰਜ਼ੀ ਡੀ ਸੀ ਦਫਤਰ ਪਈ ਰਹੀ। ਚਾਰ ਮਹੀਨੇ ਸਕੱਤਰੇਤ ਦੀ ਹੋਮ ਅਫੇਅਰਜ਼ ਸ਼ਾਖਾ ਚੰਡੀਗੜ੍ਹ ਵਿੱਚ ਪਈ ਰਹੀ। ਇਤਰਾਜ਼ ਲੱਗਣ 'ਤੇ ਅਰਜ਼ੀ ਵਾਪਸ ਆ ਗਈ। ਬਿਪਤਾ ਇਹ ਪਈ ਕਿ ਇਕ ਰੁਪਏ 25 ਪੈਸੇ ਦੀ ਕੋਰਟ ਫੀਸ ਨਾ ਮਿਲੀ ਤੇ ਅੱਜ ਤੱਕ ਵੀ ਨਹੀਂ ਮਿਲ ਰਹੀ। ਮਸਲਾ ਹੱਲ ਕਿੰਦਾਂ ਹੋਵੇ? ਇਹ ਤਾਂ ਬਾਬੂਗਿਰੀ ਹੀ ਦੱਸ ਸਕਦੀ ਹੈ, ਜੋ ਕਿਸ਼ਤਾਂ ਵਿੱਚ ਇਤਰਾਜ਼ ਲਾ ਰਹੀ ਹੈ।15 ਨਵੰਬਰ ਵਾਲੀ ਚਿੱਠੀ ਦਾ ਜਵਾਬ ਨੌਂ ਦਸੰਬਰ ਨੂੰ ਪ੍ਰਾਰਥੀ ਨੇ ਭੇਜਿਆ। ਉਮੀਦ ਸੀ ਕਿ ਅਗਲੀ ਕਾਰਵਾਈ ਹੋਵੇਗੀ, ਪਰ ਅਜਿਹਾ ਨਾ ਹੋਇਆ। ਗ੍ਰਹਿ ਮਾਮਲੇ ਤੇ ਨਿਆਂ ਵਿਭਾਗ (ਪ੍ਰੈਸ-2 ਸ਼ਾਖਾ) ਪੰਜਾਬ, ਚੰਡੀਗੜ੍ਹ ਵੱਲੋਂ ਇਕ ਚਿੱਠੀ 15 ਨਵੰਬਰ ਨੂੰ ਇਤਰਾਜ਼ ਲਾ ਕੇ ਭੇਜੀ ਗਈ। ਇਕ ਹੋਰ ਚਿੱਠੀ ਭੇਜੀ ਅਤੇ ਕਿਹਾ ਗਿਆ ਕਿ ਦਸ ਨਾਂਵਾਂ ਦੀ ਲਿਸਟ ਵਿੱਚ ਕੇਵਲ ਪੰਜ ਨਾਂ ਭੇਜੇ ਗਏ ਅਤੇ ਦਸ ਭੇਜੇ ਜਾਣ। ਇਸ ਚਿੱਠੀ ਦਾ ਜਵਾਬ ਵੀ 16 ਦਸੰਬਰ ਨੂੰ ਭੇਜ ਦਿੱਤਾ ਗਿਆ। ਅੱਗੇ ਕੀ ਹੋਇਆ, ਪਤਾ ਨਹੀਂ? ਕੀ ਹੋਵੇਗਾ, ਇਹ ਵੀ ਪਤਾ ਨਹੀਂ? ਕੱਢਿਆ ਜਾਣ ਵਾਲਾ ਮੈਗਜ਼ੀਨ ਨਿਰੋਲ ਧਾਰਮਿਕ, ਸਾਹਿਤਕ ਅਤੇ ਸਮਾਜਿਕ ਹਿੱਤਾਂ ਬਾਰੇ ਹੋਵੇਗਾ, ਪਰ ਪਤਾ ਨਹੀਂ ਕਿਉਂ ਡੀ ਸੀ ਦਫਤਰ ਜਲੰਧਰ ਵੱਲੋਂ ਅਰਜ਼ੀ ਨੂੰ ਅੱਗੇ ਭੇਜਣ 'ਚ 16 ਮਹੀਨੇ ਦਾ ਸਮਾਂ ਲਾ ਦਿੱਤਾ ਗਿਆ। ਅਜੇ ਵੀ ਪਤਾ ਨਹੀਂ, ਹੋਰ ਕਿੰਨੇ ਇਤਰਾਜ਼ ਲੱਗਣੇ ਬਾਕੀ ਹਨ। ਕੀ ਇਹ ਉਚਿਤ ਹੈ ਜਾਂ ਫਿਰ ਇਹ ਜਾਣਬੁੱਝ ਕੇ ਕੀਤਾ ਜਾ ਰਿਹਾ ਹੈ? ਜੇ ਜਾਣਬੁਝ ਕੇ ਹੋਇਆ ਹੈ ਤਾਂ ਕੀ ਜ਼ਿੰਮੇਵਾਰ ਕਰਮਚਾਰੀ ਕਿਸੇ ਅਨੁਸ਼ਾਸਨੀ ਕਾਰਵਾਈ ਦੇ ਪਾਤਰ ਹਨ ਜਾਂ ਨਹੀਂ?

ਚਾਰ ਮਹੀਨੇ ਦਾ ਸਮਾਂ ਸੁਪਰਡੈਂਟ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ (ਪ੍ਰੈਸ-2 ਬਰਾਂਚ) ਪੰਜਾਬ ਚੰਡੀਗੜ੍ਹ ਵਾਲਿਆਂ ਵੀ ਲੈ ਲਿਆ। ਅਰਜ਼ੀ ਉਨ੍ਹਾਂ ਦੇ ਦਫਤਰ ਵਿੱਚ ਵੀ ਚਾਰ ਮਹੀਨੇ ਪਈ ਰਹੀ। ਫਿਰ ਕਿਸ਼ਤਾਂ ਵਿੱਚ ਇਤਰਾਜ਼ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਲਾਏ ਜਾ ਰਹੇ ਹਨ। ਇਹ ਕੀ ਹੋ ਰਿਹਾ ਹੈ, ਸਮਝ ਤੋਂ ਬਾਹਰ ਹੈ। ਉਨ੍ਹਾਂ ਵੱਲੋਂ ਜਿਹੜੇ ਇਤਰਾਜ਼ ਲਾਏ ਗਏ, ਉਹ ਦੋ ਕਿਸ਼ਤਾਂ ਵਿੱਚ ਲਾਏ ਗਏ। 'ਕੀ ਅਜਿਹਾ ਕਰਨਾ ਉਚਿਤ ਹੈ?' ਕੀ ਰਾਈਟ ਟੂ ਸਰਵਿਸ ਐਕਟ ਅਧੀਨ ਇਹ ਕੇਸ ਨਹੀਂ ਆਉਂਦੇ? ਕਦੇ-ਕਦੇ ਮਹਿਸੂਸ ਹੁੰਦਾ ਹੈ ਕਿ ਅਸੀਂ ਕਿੱਥੇ ਰਹਿ ਰਹੇ ਹਾਂ। ਇਕ ਆਮ ਅਰਜ਼ੀ ਅੱਗੇ ਭੇਜਣ ਲਈ 16 ਮਹੀਨੇ ਲੱਗ ਚੁੱਕੇ ਹਨ। ਅਜੇ ਵੀ ਅਰਜ਼ੀ ਬਾਬੂਆਂ ਦੇ ਟੇਬਲਾਂ 'ਤੇ ਪਈ ਹੈ, ਪਰ ਕਿਉਂ? ਕੈਸ਼ਲੈਸ ਹੋਣ ਦੀਆਂ ਗੱਲਾਂ ਹੋ ਰਹੀਆਂ ਹਨ ਸ਼ਾਇਦ ਇਸ ਕਰਕੇ? ਇਕ ਰੁਪਏ 25 ਪੈਸੇ ਦੀ ਟਿਕਟ ਨਹੀਂ ਮਿਲ ਰਹੀ। ਕਿਹਾ ਜਾ ਰਿਹਾ ਹੈ ਕਿ ਇਕ ਰੁਪਏ 25 ਪੈਸੇ ਦੀ ਟਿਕਟ ਲਾਓ। ਗੋਲ ਮੋਹਰ ਲਾਉਣ ਨੂੰ ਕਿਹਾ ਜਾ ਰਿਹਾ ਹੈ, ਜਦ ਕਿ ਐਸ ਡੀ ਐਮ ਸਾਹਿਬ ਦੇ ਦਸਤਖਤ ਮੌਜੂਦ ਹਨ। ਆਰ ਟੀ ਆਈ ਦੇ ਤਹਿਤ ਜਿਹੜੀ ਸੂਚਨਾ ਮੰਗੀ ਸੀ, ਉਸ ਵਿੱਚ ਇਹ ਸੂਚਨਾ ਵੀ ਮੰਗੀ ਸੀ ਕਿ ਕੀ ਅਜਿਹੇ ਮਾਮਲਿਆਂ ਵਿੱਚ ਰਾਈਟ ਟੂ ਸਰਵਿਸ ਐਕਟ ਲਾਗੂ ਹੁੰਦਾ ਹੈ ਜਾਂ ਨਹੀਂ? ਡੀ ਸੀ ਦਫਤਰ ਨੇ ਜਵਾਬ ਨਾਂਹ ਵਿੱਚ ਦਿੱਤਾ ਸੀ। ਫਿਰ ਇਹ ਬਣਾਇਆ ਕਿਉਂ ਹੈ? ਬਾਬੂਗਿਰੀ ਰਾਜ ਕਰਦੀ ਹੈ ਤੇ ਕਰਦੀ ਰਹੇਗੀ। ਭਾਰਤੀ ਨਾਗਰਿਕ ਹੱਥ ਵਿੱਚ ਅਰਜ਼ੀ ਲੈ ਕੇ ਘੁੰਮਦੇ ਰਹਿਣਗੇ, ਪਰ ਕਦੋਂ ਤੱਕ ਗੀਤ ਸੰਗੀਤ ਚੱਲਦਾ ਰਹੇਗਾ।

# ਹਲਕਾ ਫੁਲਕਾ

ਕੁੜੀ ਵਾਲੇ ਮੁੰਡਾ ਦੇਖਣ ਆਉਣ ਵਾਲੇ ਸਨ।

ਪਿਤਾ, "ਬੇਟਾ, ਕੁੜੀ ਵਾਲੇ ਆ ਰਹੇ ਹਨ, ਉਨ੍ਹਾਂ ਸਾਹਮਣੇ ਥੋੜ੍ਹੀਆਂ ਲੰਮੀਆਂ ਲੰਮੀਆਂ ਸੁੱਟੀਂ।"

ਕੁੜੀ ਵਾਲਿਆਂ ਦੇ ਆਉਂਦਿਆਂ ਹੀ ਬੇਟਾ ਬੋਲਿਆ, "ਪਾਪਾ, ਜ਼ਰਾ ਚਾਬੀ ਦੇਣਾ, ਟਰੇਨ ਧੁੱਪ ਵਿੱਚ ਖੜ੍ਹੀ ਹੈ ਅੰਦਰ ਕਰ ਦਿੰਦਾ ਹਾਂ।"

ਇਹ ਸੁਣਨ ਦੀ ਦੇਰ ਸੀ ਕਿ ਪਿਤਾ ਆਪਣੇ ਪੁੱਤਰ ਦੀ ਬੇਵਕੂਫੀ ਕਾਰਨ ਬੇਹੋਸ਼ ਹੋ ਗਿਆ।

*********

ਇੱਕ ਕੁੜੀ ਡਾਕਟਰ ਕੋਲ ਗਈ ਅਤੇ ਬੋਲੀ, "ਡਾਕਟਰ ਸਾਹਿਬ, ਮੈਂ ਹਰ ਵੇਲੇ ਸੁੱਤੀ ਰਹਿੰਦੀ ਹਾਂ, ਬਹੁਤ ਜ਼ਿਆਦਾ ਨੀਂਦ ਆਉਂਦੀ ਹੈ।"

ਡਾਕਟਰ, "ਤੁਹਾਡੇ ਕੋਲ ਮੋਬਾਈਲ ਫੋਨ ਕਿਹੜਾ ਹੈ?"

ਕੁੜੀ, "ਨੋਕੀਆ 1100 ਹੈ।"

ਡਾਕਟਰ, "ਓਹ ਸਮਝ ਗਿਆ, ਮੈਂ ਇੱਕ ਸਮਾਰਟਫੋਨ ਲਿਖ ਦਿੰਦਾ ਹਾਂ, ਉਸ ਵਿੱਚ ਜਿਓ ਦੀ ਸਿਮ ਪੁਆ ਕੇ ਯੂ-ਟਿਊਬ, ਫੇਸਬੁਕ ਤੇ ਵਟਸਐਪ ਇੰਸਟਾਲ ਕਰ ਲਵੀਂ, ਇਕਦਮ ਆਰਾਮ ਆ ਜਾਵੇਗਾ।"

*********

ਰਾਕੇਸ਼, "ਪਿਆਰ ਹੋ ਜਾਂਦਾ ਹੈ ਜਾਂ ਕਰਨਾ ਪੈਂਦਾ ਹੈ?"

ਜਗਨ, "ਇਹ ਤਾਂ ਸਥਿਤੀ 'ਤੇ ਨਿਰਭਰ ਕਰਦਾ ਹੈ।"

ਰਾਕੇਸ਼ "ਉਹ ਕਿਵੇਂ?"

ਜਗਨ, "ਕੁੜੀ ਸੋਹਣੀ ਹੋਵੇ ਅਤੇ ਬਾਈਕ 'ਤੇ ਹੋਵੇ ਤਾਂ ਹੋ ਜਾਂਦਾ ਹੈ, ਪਰ ਕੁੜੀ ਬਦਸੂਰਤ ਹੋਵੇ, ਪਰ ਮਰਸੀਡੀਜ਼ 'ਤੇ ਹੋਵੇ ਤਾਂ ਕਰਨਾ ਪੈਂਦਾ ਹੈ।"

# ਅੰਗਰੇਜ਼ ਯਾਤਰੂ ਦੀਆਂ ਨਜ਼ਰਾਂ ਵਿੱਚ ਤਖਤ ਸ੍ਰੀ ਹਰਿਮੰਦਰ ਪਟਨਾ ਸਾਹਿਬ

-ਡਾ. ਗੁਰਦੇਵ ਸਿੰਘ ਸਿੱਧੂ-



ਚਾਰਲਸ ਡਿਕਨਜ਼ ਨਾਂ ਦਾ ਅੰਗਰੇਜ਼ ਯਾਤਰੀ 1781 ਵਿੱਚ ਕਲਕੱਤਾ ਤੋਂ ਬਨਾਰਸ ਜਾਂਦਾ ਪਟਨਾ ਆਇਆ। ਉਹ ਹਿੰਦੂ ਤੇ ਮੁਸਲਮਾਨ ਫਿਰਕਿਆਂ ਬਾਰੇ ਜਾਣਦਾ ਸੀ, ਪਰ ਸਿੱਖ ਧਰਮ ਬਾਰੇ ਉਸ ਨੂੰ ਇਥੇ ਆ ਕੇ ਪਤਾ ਲੱਗਾ ਤਾਂ ਉਸ ਨੇ ਉਤਸੁਕਤਾ ਨਾਲ ਪਟਨਾ ਤਖਤ ਸਾਹਿਬ ਦੇ ਦਰਸ਼ਨ ਕੀਤੇ। ਉਸ ਨੇ ਇਸ ਧਰਮ ਅਸਥਾਨ ਬਾਰੇ ਏਸ਼ੀਆਟਿਕ ਸੁਸਾਇਟੀ ਕਲਕੱਤਾ ਨੂੰ 'ਸਿੱਖ ਤੇ ਪਟਨਾ ਵਿੱਚ ਉਨ੍ਹਾਂ ਦਾ ਕਾਲਜ' ਸਿਰਲੇਖ ਹੇਠ ਜੋ ਜਾਣਕਾਰੀ ਭੇਜੀ ਉਹ ਇੰਜ ਸੀ-

'ਮੈਂ ਪਟਨਾ ਦੀ ਇਕ ਤੰਗ ਗਲੀ ਵਿੱਚ, ਚੁੰਗੀਖਾਨੇ ਤੋਂ ਥੋੜ੍ਹੀ ਦੂਰ, ਸਿੱਖਾਂ ਦਾ ਕਾਲਜ ਲੱਭਿਆ। ਮੈਨੂੰ ਬਾਹਰਲੇ ਦਰਵਾਜ਼ੇ ਤੋਂ ਅੰਦਰ ਵੜਨ ਦੀ ਆ-ਗਿਆ ਦਿੱਤੀ ਗਈ। ਜਦੋਂ ਮੈਂ ਇਸ ਮੰਦਰ ਵੱਲ ਜਾਂਦੀਆਂ ਪੌੜੀਆਂ ਕੋਲ ਗਿਆ ਤਾਂ ਸਿੱਖ ਸੁਸਾਇਟੀ ਦੇ ਦੋ ਬੰਦਿਆਂ ਨੇ ਬੜੇ ਸਲੀਕੇ ਨਾਲ ਮੇਰਾ ਸਵਾਗਤ ਕੀਤਾ। ਮੇਰੇ ਵੱਲੋਂ ਪੁੱਛੇ ਜਾਣ ਉਤੇ ਕਿ ਕੀ ਮੈਂ ਪੌੜੀਆਂ ਚੜ੍ਹ ਕੇ ਮੰਦਰ ਵਿੱਚ ਜਾ ਸਕਦਾ ਹਾਂ, ਉਨ੍ਹਾਂ ਦੱਸਿਆ ਕਿ ਇਹ ਪੂਜਾ ਅਸਥਾਨ ਹੈ ਤੇ ਇਹ ਸਭਨਾਂ ਲਈ ਖੁੱਲ੍ਹਾ ਹੈ। ਉਨ੍ਹਾਂ ਮੈਨੂੰ ਜੁੱਤੀ ਲਾਹ ਕੇ ਅੰਦਰ ਜਾਣ ਨੂੰ ਕਿਹਾ। ਮੈਂ ਝੱਟ ਜੁੱਤੀ ਲਾਹ ਦਿੱਤੀ। ਮੈਨੂੰ ਵਿਚਾਲੇ ਇਕ ਗਲੀਚੇ ਉਤੇ ਬਿਠਾਇਆ ਗਿਆ। 40 ਫੁੱਟ ਵਰਗਾਕਾਰ ਦੀ ਇਹ ਇਮਾਰਤ ਧਰਤੀ ਤੋਂ 6 ਜਾਂ 7 ਪੌੜੀਆਂ ਉਚੀ ਹੈ। ਵਿਚਕਾਰਲੇ ਹਾਲ ਦੇ ਚੌਹੀ ਖੂੰਜੀਂ ਲੱਕੜ ਦਿਆਂ ਥਮਲਿਆਂ ਉਤੇ ਲੱਕੜ ਦੀਆਂ ਚਾਰ ਮਿਹਰਾਬਾਂ ਹਨ। ਇਕ ਕਮਰਾ ਚੌੜਾਈ ਨਾਲੋਂ ਵਧੇਰੇ ਲੰਮਾ ਹੈ। ਇਸ ਦਾ ਫਰਸ਼ ਸਾਫ ਸੁਥਰੇ ਗਲੀਚੇ ਨਾਲ ਢੱਕਿਆ ਹੋਇਆ ਸੀ। ਕੰਧਾਂ ਉਤੇ ਸੋਨੇ ਦੇ ਫਰੇਮਾਂ ਵਾਲੇ ਵੱਡੇ-ਵੱਡੇ ਯੂਰਪੀਨ ਸ਼ੀਸ਼ੇ ਲੱਗੇ ਹੋਏ ਹਨ। ਇਸ ਹਾਲ ਦੇ ਖੱਬੇ ਹੱਥ ਦੇ ਸਿਰੇ ਉਤੇ ਇਕ ਹੋਰ ਅੰਦਰਲਾ ਕਮਰਾ ਹੈ, ਸੱਜੇ ਪਾਸੇ ਤੋਸ਼ਾਖਾਨਾ ਹੈ। ਇਸ ਵਿੱਚ ਇਕ ਪੂਜਾ ਸਥਾਨ ਹੈ, ਜੋ ਉਪਰੋਂ ਸੁਨਹਿਰੀ ਕੱਪੜੇ ਨਾਲ ਢੱਕਿਆ ਹੋਇਆ ਸੀ। ਇਸ ਪੂਜਾ ਸਥਾਨ ਦੇ ਹਰ ਪਾਸੇ ਮੋਰਾਂ ਦੇ ਖੰਭਾਂ ਦੀ ਚਾਂਦੀ ਦੀ ਮੁੱਠੇ ਵਾਲੀ ਇਕ-ਇਕ ਚੌਰ ਪਈ ਸੀ। ਇਹ ਪੂਜਾ ਅਸਥਾਨ ਧਰਤੀ ਤੋਂ ਕੁਝ ਉਚੇਰਾ ਅਤੇ ਇਕ ਪਾਸਿਓਂ ਢਲਵਾਂ ਹੈ। ਇਸ ਦੇ ਸਾਹਮਣੇ ਇਕ ਛੋਟਾ ਜਿਹਾ ਤਖਤ ਪਿਆ ਸੀ, ਜਿਸ ਉਪਰ ਚਾਂਦੀ ਦੇ ਪੱਤਰੇ ਲੱਗੇ ਹੋਏ ਸਨ। ਖੱਬੇ ਹੱਥ ਤਿੰਨ-ਤਿੰਨ ਛੋਟੀਆਂ-ਛੋਟੀਆਂ ਤਾਂਬੇ ਦੀਆਂ ਗਾਗਰਾਂ ਸਨ, ਜਿਨ੍ਹਾਂ ਵਿੱਚ ਸ਼ਰਧਾਲੂ ਦਾਨ ਭੇਟਾ ਪਾਉਂਦੇ ਸਨ। ਪੂਜਾ ਸਥਾਨ ਦੇ ਲਾਗੇ ਇਕ ਵੱਡੇ ਆਕਾਰ ਦਾ ਧਰਮ ਗ੍ਰੰਥ ਸੀ, ਜਿਸ ਵਿੱਚੋਂ ਰੋਜ਼ ਰੱਬ ਦੀ ਭਗਤੀ ਵਾਸਤੇ ਅਤੇ ਪੂਜਾ ਸਮੇਂ ਪਾਠ ਕੀਤਾ ਜਾਂਦਾ ਹੈ। ਇਸ ਉਪਰ ਸੁਰਮਈ ਰੁਮਾਲ ਸੀ।'

'ਦੀਵਾਨ ਵਿੱਚ ਮੇਰੇ ਪਾਸ ਦੋ ਸਿੱਖ ਬੈਠੇ ਸਨ, ਜਿਨ੍ਹਾਂ ਨਾਲ ਮੈਂ ਲੰਮੀ ਗੱਲਬਾਤ ਕੀਤੀ। ਮੈਨੂੰ ਇਹ ਦੋਵੇਂ ਬੜੇ ਸਿਆਣੇ ਪ੍ਰਤੀਤ ਹੋਏ। ਇੰਨੇ ਨੂੰ ਢੋਲ ਵਜਾ ਕੇ ਨੋਟਿਸ ਦਿੱਤਾ ਗਿਆ ਕਿ ਦੁਪਹਿਰ ਹੋ ਚੱਲੀ ਹੈ ਤੇ ਇਹ ਪ੍ਰਾਰਥਨਾ ਦਾ ਸਮਾਂ ਹੈ। ਸੰਗਤ ਹਾਲ ਵਿੱਚ ਇਸ ਤਰ੍ਹਾਂ ਸੱਜ ਗਈ ਕਿ ਪੂਜਾ ਵਾਲੇ ਥਾਂ ਦੇ ਸਾਹਮਣੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਜਗ੍ਹਾ ਖਾਲੀ ਛੱਡੀ ਗਈ। ਉਸ ਪੂਜਾ ਵਾਲੇ ਥਾਂ ਤੋਂ ਕੁਝ ਹਟਵੀਂ ਛੋਟੀ ਜਿਹੀ ਰਸਮ ਅਦਾ ਕਰਨ ਪਿੱਛੋਂ ਮੰਜੀ ਸਾਹਿਬ 'ਤੇ ਪਵਿੱਤਰ ਪੁਸਤਕ ਲਿਆ ਕੇ ਹਾਲ ਕਮਰੇ ਦੇ ਦੂਜੇ ਪਾਸੇ ਸਾਹਮਣੇ ਸਿਰ ਉਤੇ ਸਥਾਪਤ ਕੀਤੀ ਗਈ। ਇਕ ਚਿੱਟੇ ਦਾੜ੍ਹੇ ਵਾਲਾ ਸਿੰਘ ਪੂਜਾ ਸਥਾਨ ਵੱਲ ਮੂੰਹ ਕਰਕੇ ਚੌਕੜੀ ਮਾਰ ਕੇ ਬੈਠ ਗਿਆ। ਇਕ ਆਦਮੀ ਉਸ ਦੇ ਇਕ ਪਾਸੇ ਢੋਲਕ ਲੈ ਕੇ ਤੇ ਦੋ ਤਿੰਨ ਹੋਰ ਛੈਣੇ ਲੈ ਕੇ ਬੈਠ ਗਏ। ਹੁਣ ਪਵਿੱਤਰ ਪੁਸਤਕ ਖੋਲ੍ਹੀ ਗਈ। ਬਿਰਧ ਸਿੰਘ ਨੇ ਕੀਰਤਨ ਸ਼ੁਰੂ ਕੀਤਾ ਤੇ ਸਾਜ ਵੱਜਣ ਲੱਗੇ। ਮੈਨੂੰ ਪਤਾ ਲੱਗਾ ਕਿ ਇਹ ਅਕਾਲ ਪੁਰਖ ਦੀ ਮਹਿਮਾ ਦਾ ਸ਼ਬਦ ਗਾਇਆ ਹੈ।'

'ਮੈਂ ਉਸ ਬਿਰਧ ਸਿੰਘ ਦੀ ਲੈਅ, ਤਾਲ ਤੇ ਇਸ਼ਾਰਿਆਂ ਉਤੇ ਝੂਲਣ ਦੀ ਅਦਾ ਤੋਂ ਖੁਸ਼ ਹੋਇਆ। ਮੈਂ ਅੰਦਰਲੀ ਖੁਸ਼ੀ ਨੂੰ ਪ੍ਰਗਟ ਕਰਦਾ ਅਜਿਹਾ ਚਿਹਰਾ ਕਦੇ ਨਹੀਂ ਦੇਖਿਆ। ਸੰਗਤ ਹੱਥ ਜੋੜ ਕੇ ਉਠ ਖੜੀ ਹੋਈ। ਇਕ ਨੌਜਵਾਨ ਨੇ ਅੱਗੇ ਖੜੇ ਹੋ ਕੇ ਲੰਮੀ ਬੇਨਤੀ ਕੀਤੀ। ਇਸ ਬੇਨਤੀ ਵਿੱਚ ਉਨ੍ਹਾਂ ਨੇ ਕੁਕਰਮਾਂ ਤੋਂ ਬਚਣ ਅਤੇ ਸਰਬੱਤ ਦਾ ਭਲਾ ਕਰਨ ਵਾਸਤੇ ਜੋਦੜੀ ਕੀਤੀ। ਇਸ ਪਿੱਛੋਂ ਬਿਰਧ ਸਿੰਘ ਨੇ ਅਸੀਸ ਦਿੱਤੀ। ਮਗਰੋਂ ਮਠਿਆਈ ਵਰਤਾਉਣ ਦਾ ਸੱਦਾ ਆ ਗਿਆ। ਧਰਮ ਗ੍ਰੰਥ ਨੂੰ ਸੰਭਾਲ ਕੇ ਉਸੇ ਜਗ੍ਹਾ ਸਥਾਪਤ ਕੀਤਾ ਗਿਆ, ਜਿਥੋਂ ਪਾਠ ਕਰਨ ਲਈ ਲਿਆਂਦਾ ਗਿਆ ਸੀ। ਸੰਗਤ ਉਸੇ ਤਰ੍ਹਾਂ ਸਜੀ ਰਹੀ। ਦੋ ਆਦਮੀ ਲੋਹੇ ਦੀ ਕੜਾਹੀ ਵਿੱਚ ਮਠਿਆਈ ਲੈ ਕੇ ਆਏ ਤੇ ਹਾਲ ਵਿੱਚ ਲਿਆ ਕੇ ਛੋਟੀ ਚੌਕੀ ਉਤੇ ਰੱਖ ਦਿੱਤੀ। ਇਕ ਹੋਰ ਆਦਮੀ ਪੰਜ ਛੇ ਬਾਟੇ ਲੈ ਆਇਆ। ਉਥੇ ਬੈਠੇ ਸਭ ਨੂੰ ਬਿਨਾਂ ਵਿਤਕਰੇ ਦੇ ਇਕ-ਇਕ ਪੱਤਲ ਦਿੱਤੀ ਗਈ। ਮਠਿਆਈ ਪਹਿਲਾਂ ਕੜਾਹੀ ਵਿੱਚੋਂ ਬਾਟਿਆਂ ਵਿੱਚ ਪਾਈ ਗਈ ਅਤੇ ਫਿਰ ਕਈ ਜਣਿਆਂ ਨੇ ਸਭ ਨੂੰ ਵਰਤਾਈ। ਮੈਨੂੰ ਵੀ ਹਿੱਸਾ ਮਿਲਿਆ। ਇਹ ਇਕ ਤਰ੍ਹਾਂ ਦੀ ਆਟੇ, ਖੰਡ ਅਤੇ ਘਿਉ ਤੋਂ ਬਣੀ ਹੋਈ ਮਠਿਆਈ ਸੀ। ਇਸ ਪਿੱਛੋਂ ਸਾਨੂੰ ਪਤਾਸੇ ਵੰਡੇ ਗਏ। ਉਪਰੰਤ ਦਿਨ ਦੀ ਪੂਜਾ ਦੀ ਇਹ ਰਸਮ ਸਮਾਪਤ ਹੋਈ।'

'ਸਿੱਖ ਧਰਮ ਦੀ ਸਿੱਖਿਆ ਅਨੁਸਾਰ ਅਕਾਲ ਪੁਰਖ ਇਕ ਹੈ, ਜੋ ਸਰਬ ਸ਼ਕਤੀਵਾਨ, ਹਾਜ਼ਰ ਨਾਜ਼ਰ, ਸਭ ਨੂੰ ਭੋਜਨ ਦੇਣ ਵਾਲਾ ਤੇ ਸਰਬ ਵਿਆਪੀ ਹੈ। ਉਸ ਦੀ ਪੂਜਾ ਤੇ ਸਿਮਰਨ ਕਰਨਾ ਚਾਹੀਦਾ ਹੈ। ਇਹ ਧਰਮ ਪੁਸਤਕ ਵੱਡੇ ਆਕਾਰ ਵਾਲੀ ਹੈ। ਉਨ੍ਹਾਂ ਮੈਨੂੰ ਦੱਸਿਆ ਕਿ 'ਨਾਨਕ ਸ਼ਾਹ' ਵਾਲੀ ਪੁਸਤਕ ਲਿਖੇ ਜਾਣ ਤੋਂ ਕੁਝ ਵਰ੍ਹੇ ਪਿੱਛੋਂ ਇਕ ਹੋਰ ਪੁਸਤਕ ਲਿਖੀ ਗਈ ਤਾਂ ਉਸ ਦਾ ਸਨਮਾਨ ਪਹਿਲੀ ਵਰਗਾ ਹੀ ਹੈ। ਦੂਜੀ ਪੁਸਤਕ ਦਾ ਨਾਮ ਮੈਨੂੰ ਭੁੱਲ ਗਿਆ ਹੈ। ਉਨ੍ਹਾਂ ਮੈਨੂੰ ਇਸ ਪੁਸਤਕ ਵਿੱਚੋਂ ਪਰਮਾਤਮਾ ਦੀ ਮਹਿਮਾ ਦਾ ਇਕ ਸ਼ਬਦ ਨਕਲ ਕਰਕੇ ਦਿੱਤਾ।'

# ਖੁਰੀਆਂ ਰਿਸ਼ਤਿਆਂ ਦੀਆਂ ਸਾਂਝਾਂ..

-ਪਰਮਜੀਤ ਕੌਰ ਸਰਹਿੰਦ

ਇਹ ਤੇਜ਼ੀ ਨਾਲ ਆਏ ਬਦਲਾਅ ਦਾ ਯੁੱਗ ਹੈ, ਵਰਤਮਾਨ ਸਮੇਂ ਪਿੰਡਾਂ ਵਿੱਚ ਘਰਾਂ ਦੀ ਦਿੱਖ ਬਦਲ ਗਈ ਹੈ ਤੇ ਘਰਾਂ ਵਿਚਲੀਆਂ ਚੀਜ਼ਾਂ ਵਸਤਾਂ ਦਾ ਰੰਗ ਰੂਪ ਵੀ ਹੋਰ ਹੋ ਗਿਆ ਹੈ। ਇਸ ਪਰਿਵਰਤਨ ਦਾ ਪ੍ਰਭਾਵ ਜੀਵਨ ਦੇ ਹੋਰ ਪਹਿਲੂਆਂ ਉਤੇ ਵੀ ਪਿਆ ਹੈ। ਇਸ ਬਦਲਾਅ ਨੇ ਸਾਡੀਆਂ ਸਾਕ ਸਕੀਰੀਆਂ ਵਿਚਲੀਆਂ ਸਾਂਝਾਂ ਨੂੰ ਵੀ ਪ੍ਰਭਾਵਤ ਕੀਤਾ ਹੈ ਅਤੇ ਆਮ ਲੋਕਾਂ ਦੇ ਆਪਸੀ ਵਰਤ ਵਰਤਾਰੇ ਉਤੇ ਵੀ ਅਸਰ ਪਾਇਆ ਹੈ।

ਕਦੇ ਦਾਦੀ, ਨਾਨੀ ਜਾਂ ਭੂਆ-ਫੁੱਫੜ, ਮਾਸੀ ਦੀ ਗੋਦ ਵਿੱਚ ਜਾ ਕੇ ਬੱਚੇ ਮਾਂ ਤੋਂ ਵੱਧ ਨਿੱਘ ਮਾਣਦੇ ਸਨ, ਪਰ ਅੱਜ ਦੇ ਸਮੇਂ ਇਨ੍ਹਾਂ ਰਿਸ਼ਤਿਆਂ ਦੀ ਉਹ ਅਹਿਮੀਅਤ ਨਹੀਂ ਰਹੀ। ਅੱਜ ਛੋਟੇ ਬੱਚਿਆਂ ਦੇ ਮੂੰਹ ਵਿੱਚ ਦੁੱਧ ਦੀ ਬੋਤਲ ਅਤੇ ਬਿਸਤਰੇ ਉਤੇ 'ਟੈਡੀ ਬੀਅਰ', ਡੌਲ ਜਾਂ ਪੋਲੇ-ਪੋਲੇ ਰੰਗ ਬਰੰਗੇ ਕੁਸ਼ਨ ਰੱਖੇ ਹੁੰਦੇ ਹਨ। ਜਿਉਂ-ਜਿਉਂ ਬੱਚੇ ਵੱਡੇ ਹੁੰਦੇ ਹਨ, ਉਹ ਉਨ੍ਹਾਂ ਮੋਹ ਭਰੀਆਂ ਬੁੱਕਲਾਂ ਨਾਲੋਂ ਇਨ੍ਹਾਂ ਖੂਬਸੂਰਤ ਪਰ ਬੇਜ਼ਾਨ ਚੀਜ਼ਾਂ ਨਾਲ ਵੱਧ ਲਗਾਅ ਪਾਲ ਲੈਂਦੇ ਹਨ। ਅੱਜ ਦੇ ਬੱਚਿਆਂ ਨੂੰ ਦਾਦੀ ਨਾਨੀ ਦੀ ਉਸ ਲੋਰੀ ਦਾ ਵੀ ਕੁਝ ਪਤਾ ਨਹੀਂ, ਜੋ ਉਹ ਬੱਚਿਆਂ ਨੂੰ ਆਪਣੀ ਝੋਲੀ ਵਿੱਚ ਪਾ ਕੇ ਹੁਲਾਰੇ ਦਿੰਦੀਆਂ ਸੁਣਾਉਂਦੀਆਂ ਹਨ। ਇਸੇ ਤਰ੍ਹਾਂ ਭੂਆ ਮਾਸੀ ਗੱਲੀਂ ਬਾਤੀਂ ਉਨ੍ਹਾਂ ਨੂੰ ਪਰਚਾ ਕੇ ਮੋਰ ਚੂਹੇ ਵੀ ਦਿਖਾ ਦਿੰਦੀਆਂ ਅਤੇ ਕਹਿੰਦੀਆਂ:

ਘੋਰ ਕੰਡਾ, ਚੂਹਾ ਲੰਡਾ, ਚੂਹੇ ਨੂੰ ਲੈ ਗਏ ਚੋਰ,<br>
ਚੋਰਾਂ ਨੂੰ ਪੈ ਗਏ ਮੋਰ,<br>
ਮੋਰਾਂ ਦਿੱਤੇ ਬੱਚੇ,<br>
ਬੱਚੇ ਗਏ ਗੁਆਚ<br>
ਲੱਭਦੇ ਆਂ..ਲੱਭਦੇ ਆਂ..<br>
ਆਹ ਗਈ ਪੈੜ..ਆਹ ਗਈ ਪੈੜ..

ਬੱਚੇ ਵੀ ਹਥੇਲੀ ਉਤੇ ਉਂਗਲ ਘੁੰਮਾਉਂਦਿਆਂ ਫਿਰ ਉਸ ਦੀ ਬਾਂਹ ਉਤੇ ਦੋ ਉਂਗਲਾਂ ਨਾਲ ਤੁਰਨ ਦਾ ਡਰਾਮਾ ਕਰਦੇ। ਬੱਚੇ ਦੀ ਬਗਲ ਤੱਕ ਪੁੱਜੀਆਂ ਉਂਗਲਾਂ ਨਾਲ ਉਸ ਦੇ ਕੁਤਕੁਤਾਰੀਆਂ ਕਰਦੀਆਂ ਤਾਂ ਰੁੱਸਿਆ ਬੱਚਾ ਵੀ ਖਿੜ-ਖਿੜਾ ਕੇ ਹੱਸ ਪੈਂਦਾ। ਅੱਜ ਦੇ ਬਹੁਤੇ ਬੱਚਿਆਂ ਨੂੰ ਭੂਆ ਤੋਂ ਖਿਡੌਣੇ ਪਿਆਰੇ ਲੱਗਦੇ ਹਨ, ਜਿਹੜੀ ਕਹਿੰਦੀ ਸੀ ਕਿ

ਚੁੱਕ ਕੇ ਭਤੀਜੇ ਨੂੰ ਬਿਨ ਪੌੜੀਓਂ ਕੋਠੇ ਚੜ੍ਹ ਜਾਵਾਂ..

ਦਾਦੀਆਂ ਨਾਨੀਆਂ ਨਿੱਕੇ-ਨਿੱਕੇ ਜੁਆਕਾਂ ਨੂੰ ਗੋਦ ਵਿੱਚ ਪਾ ਕੇ ਚਰਖਾ ਵੀ ਕੱਤ ਲੈਂਦੀਆਂ ਸਨ ਅਤੇ ਚੱਕੀ ਵੀ ਝੋਅ ਲੈਂਦੀਆਂ ਸਨ। ਬੱਚੇ, ਚਰਖੇ ਤੇ ਚੱਕੀ ਦੀ ਮਿੱਠੀ-ਮਿੱਠੀ ਘੂਕ ਨਾਲ ਸੁੱਤੇ ਰਹਿੰਦੇ ਅਤੇ ਉਨ੍ਹਾਂ ਦੀਆਂ ਮਾਵਾਂ ਹੋਰ ਕੰਮ ਧੰਦੇ ਨਿਬੜੇ ਲੈਂਦੀਆਂ। ਪਿੰਡਾਂ ਵਿੱਚ ਲੋਰੀਆਂ ਦਾ ਵੀ ਸ਼ਹਿਰੀਕਰਨ ਜਾਂ ਆਧੁਨਿਕੀਕਰਨ ਹੋ ਗਿਆ ਹੈ ਜੋ ਕੋਈ ਮਾਂ ਬੱਚੇ ਨੂੰ ਗੋਦ 'ਚ ਲੈ ਕੇ ਲੋਰੀ ਦਿੰਦੀ ਹੈ ਤਾਂ ਉਹ ਕਹਿੰਦੀ ਹੈ:

ਟਵਿੰਕਲ ਟਵਿੰਕਲ ਲਿਟਲ ਸਟਾਰ,<br>
ਹਓ ਆਈ ਵੰਡਰ ਵਟ ਯੂ ਆਰ?

ਪਿੰਡਾਂ ਵਿੱਚੋਂ ਵੀ ਛੋਟੇ-ਛੋਟੇ ਬੱਚਿਆਂ ਨੂੰ 'ਕਰੈਚ' ਜਾਂ 'ਪਲੇ ਵੇਅ' ਸਕੂਲਾਂ ਵਿੱਚ ਭੇਜਿਆ ਜਾਣ ਲੱਗਾ ਹੈ। ਇਕ ਤਾਂ ਅੱਜ ਕੱਲ੍ਹ ਉਂਜ ਹੀ ਪਰਵਾਰ ਛੋਟੇ ਤੇ ਇਕਹਿਰੇ ਹਨ, ਉਤੋਂ ਸਿਤਮ ਜ਼ਰੀਫੀ ਕਿ ਬੱਚਿਆਂ ਨੂੰ ਵੱਡਿਆਂ ਦਾ ਮਮਤਾ ਦੀ ਛਾਂ ਤੋਂ ਛੇਤੀ ਹੀ ਦੂਰ ਹੋਣਾ ਪੈਂਦਾ ਹੈ। ਇਹ ਵੀ ਇਕ ਵੱਡਾ ਕਾਰਨ ਹੈ ਕਿ ਸਾਡੀਆਂ ਆਪਸੀ ਪਰਵਾਰਕ ਸਾਂਝਾਂ ਵੀ ਇਸ ਸਮੇਂ ਪਹਿਲਾਂ ਵਰਗੀਆਂ ਨਹੀਂ। ਬੱਚਾ ਜ਼ਰਾ ਵੱਡਾ ਹੁੰਦਾ ਹੈ ਪਹਿਲਾਂ ਤਾਂ ਉਸ ਨੂੰ ਸਕੂਲ ਵਿੱਚੋਂ ਘਰ ਆ ਕੇ ਕਰਨ ਲਈ ਬਹੁਤ ਸਾਰਾ ਕੰਮ ਮਿਲ ਜਾਂਦਾ ਹੈ। ਦੂਜਾ ਛੋਟੇ-ਛੋਟੇ ਬੱਚੇ ਵੀ ਟਿਊਸ਼ਨ ਪੜ੍ਹਨ ਜਾਂਦੇ ਹਨ ਅਤੇ ਤੀਜਾ ਇਹ ਬੱਚੇ ਟੀ ਵੀ ਦੁਆਲੇ ਹੋਏ ਰਹਿੰਦੇ ਹਨ। ਦਾਦੀ ਕੋਲੋਂ ਕਾਂ ਚਿੜੀ ਦੀਆਂ ਬਾਤਾਂ ਸੁਣਨ ਲਈ ਸਮਾਂ ਹੀ ਨਹੀਂ ਹੁੰਦਾ ਤੇ ਦਾਦੀ ਵਿਚਾਰੀ ਕੰਧਾਂ ਨਾਲ ਗੱਲਾਂ ਕਰਦੀ ਹੈ। ਅੱਜ ਪਿੰਡਾਂ ਦੇ ਲੋਕ ਵੀ ਬੱਚਿਆਂ ਲਈ ਝੂਲੇ (ਪੰਘੂੜੇ) ਅਤੇ ਆਮ ਜਾਂ ਬੈਟਰੀ ਵਾਲੇ ਸਾਈਕਲ ਘਰਾਂ ਵਿੱਚ ਰੱਖਦੇ ਹਨ। ਇਕ ਜ਼ਮਾਨਾ ਸੀ ਮੰਜੇ ਦੀ ਬਾਹੀ ਨਾਲ ਕੋਈ ਕੱਪੜਾ ਦੋਵੇਂ ਪਾਸਿਆਂ ਤੋਂ ਬੰਨ੍ਹ ਦਿੱਤਾ ਜਾਂਦਾ ਅਤੇ ਬੱਚੇ ਨੂੰ ਉਸ ਵਿੱਚ ਪਾ ਦਿੱਤਾ ਜਾਂਦਾ। ਕੋਲੋਂ ਲੰਘਦੀ ਘਰ ਦੀ ਕੋਈ ਸੁਆਣੀ ਉਸ ਨੂੰ ਜ਼ਰਾ ਕੁ ਹਿਲਾ ਜਾਂਦੀ ਅਤੇ ਬੱਚਾ ਸੌਂ ਜਾਂਦਾ ਜਾਂ ਖੇਡਦਾ ਰਹਿੰਦਾ। ਕੋਈ ਮਾਂ ਦਾਦੀ ਕੋਲ ਬੈਠੀ ਕੰਮ ਵੀ ਕਰਦੀ ਰਹਿੰਦੀ। ਇੰਜ ਬੱਚਿਆਂ ਦੀ ਬਚਪਨ ਤੋਂ ਹੀ ਘਰ ਦੇ ਜੀਆਂ ਨਾਲ ਗੂੜ੍ਹੀ ਸਾਂਝ ਬਣ ਜਾਂਦੀ ਅਤੇ ਇਹੋ ਸਾਂਝ ਅੱਗੇ ਜਾ ਕੇ ਆਂਢ ਗੁਆਂਢ ਅਤੇ ਬਾਕੀ ਸਾਕ ਸਕੀਰੀਆਂ ਤੱਕ ਪੱਲਰ ਜਾਂਦੀ।

ਕਦੇ ਦਾਦੀ ਨੂੰ ਬੇਬੇ ਜਾਂ ਅੰਮਾ ਕਿਹਾ ਜਾਂਦਾ ਸੀ। ਵੱਖ-ਵੱਖ ਇਲਾਕਿਆਂ ਵਿੱਚ ਕੋਈ ਹੋਰ ਸ਼ਬਦ ਵੀ ਵਰਤਿਆ ਜਾਂਦਾ ਹੈ। ਘਰ ਦੇ ਬੱਚੇ ਬੀਬੀ ਜਾਂ ਬੇਬੇ ਵੀ ਕਹਿ ਦਿੰਦੇ, ਕਿਉਂਕਿ ਮਾਂ ਨੂੰ ਬੀਬੀ ਜਾਂ ਬੇਬੇ ਹੀ ਕਿਹਾ ਜਾਂਦਾ ਸੀ ਤੇ ਬੱਚੇ ਆਪਣੇ ਮਾਂ ਪਿਓ ਦੀ ਦੇਖਾ ਦੇਖੀ ਦਾਦੀ ਨੂੰ ਉਸੇ ਸ਼ਬਦ ਨਾਲ ਸੰਬੋਧਨ ਕਰਦੇ। ਸਮੇਂ ਦੇ ਨਾਲ ਜਿਥੇ ਮਾਂ ਨੂੰ ਬੀਬੀ ਤੋਂ ਬੀਜੀ ਤੇ ਮੰਮੀ ਕਿਹਾ ਜਾਣ ਲੱਗਾ, ਉਥੇ ਦਾਦੀ ਨੂੰ ਮਾਂ ਜੀ ਕਹਿਣ ਲੱਗੇ। ਪਿਤਾ ਨੂੰ ਪਹਿਲਾਂ ਬਾਪੂ ਫਿਰ ਬਾਪੂ ਜੀ ਅਤੇ ਭਾਪਾ ਜੀ ਕਿਹਾ ਜਾਣ ਲੱਗਾ। ਇਸ ਨਵੇਂ ਜ਼ਮਾਨੇ ਵਿੱਚ ਮਾਂ ਨੂੰ ਮੰਮਾ ਜਾਂ ਮੌਮ ਕਿਹਾ ਜਾਣ ਲੱਗ ਪਿਆ ਹੈ। ਸਾਡਾ ਪੇਂਡੂ ਬਾਪੂ ਅੱਜ ਡੈਡੀ ਤੋਂ ਡੈਡ ਬਣ ਗਿਆ ਅਤੇ ਭਾਪਾ ਜੀ ਤੋਂ ਪਾਪਾ ਬਣ ਗਿਆ ਹੈ। ਇਹ ਸ਼ਬਦ ਮਾਂ ਬਾਪ ਲਈ ਜੀ ਸਦਕੇ ਵਰਤੇ ਜਾਣ, ਪਰ ਦਾਦਾ ਦਾਦੀ ਜਾਂ ਨਾਨਾ ਨਾਨੀ ਨੂੰ ਵੱਡੇ ਪਾਪਾ, ਵੱਡੇ ਮੰਮਾ ਆਖਿਆ ਜਾਣਾ ਅਜੀਬੋ ਗਰੀਬ ਲੱਗਦਾ ਹੈ। ਬਾਹਰੋਂ ਆਏ ਬੱਚਿਆਂ ਦੀ ਰੀਸ ਵਿੱਚ ਦਾਦੀ-ਨਾਨੀ ਨੂੰ 'ਗਰੈਨੀ' ਵੀ ਆਖਿਆ ਜਾਂਦਾ ਹੈ। ਰਿਸ਼ਤਿਆਂ ਦੇ ਇਨ੍ਹਾਂ ਵਿਗੜੇ ਜਾਂ ਬਦਲੇ ਸਰੂਪ ਬਾਰੇ ਮੇਰੀਆਂ ਕੁਝ ਸਤਰਾਂ ਹਨ:

ਦਾਦੀ ਤੇ ਨਾਨੀ ਨੂੰ ਬੱਚੇ ਕਹਿੰਦੇ 'ਗਰੈਨੀ' ਨੇ<br>
ਬਣਾਉਟੀ ਜਿਹੇ ਲੱਗਦੇ ਸਾਕ ਜੱਦੀ ਪੁਸ਼ਤੈਨੀ ਨੇ।<br>
ਆਂਟੀ ਬਣ ਕੇ ਰਹਿ ਗਈ ਭੂਆ, ਮਾਮੀ ਤੇ ਮਾਸੀ ਹੈ<br>
ਕਦੇ ਸੁਣ ਕੇ ਦਿਲ ਰੋਵੇ, ਕਦੇ ਆਉਂਦੀ ਹਾਸੀ ਹੈ।

ਸਭ ਤੋਂ ਵੱਡਾ ਰੋਲ ਘਚੋਲਾ ਭੂਆ, ਮਾਮੀ, ਮਾਸੀ ਤੇ ਤਾਈ ਚਾਚੀ ਦੇ ਰਿਸ਼ਤੇ ਵਿੱਚ ਅਤੇ ਫੁੱਟੜ, ਮਾਮਾ, ਮਾਸੜ ਤੇ ਤਾਏ ਚਾਚੇ ਦੇ ਰਿਸ਼ਤੇ ਵਿੱਚ ਪਿਆ ਹੈ। ਇਹ ਸਾਰੇ ਰਿਸ਼ਤੇ ਆਧੁਨਿਕਤਾ ਨੇ ਆਂਟੀ ਅੰਕਲ ਵਿੱਚ ਸਮੇਟ ਲਏ ਹਨ। ਇਹ ਸਾਡੇ ਖੂਨ ਦੇ ਅਤਿ ਨੇੜਲੇ ਰਿਸ਼ਤੇ ਵੀ ਬੁਰੀ ਤਰ੍ਹਾਂ ਇਕ ਦੂਜੇ ਨਾਲ ਉਲਝ ਗਏ ਹਨ। ਰਿਸ਼ਤਿਆਂ ਦੀ ਪਛਾਣ ਗੁੰਮਦੀ ਜਾ ਰਹੀ ਹੈ। ਕਿਸੇ ਸਮੇਂ ਸਾਂਝੇ ਪਰਵਾਰਾਂ ਵਿੱਚ ਪਲਦੇ ਬੱਚੇ ਆਪਣੇ ਚਾਚੇ ਜਾਂ ਭੂਆ ਦੀ ਰੀਸੋ ਰੀਸੀ ਆਪਣੀ ਮਾਂ ਨੂੰ ਭਾਬੀ ਅਤੇ ਪਿਓ ਨੂੰ ਬਾਈ ਕਹਿਣ ਲੱਗ ਜਾਂਦੇ ਸਨ। ਪਿੰਡਾਂ ਵਿੱਚ ਵੱਡੀ ਭੈਣ ਨੂੰ ਬੀਬੀ ਅਤੇ ਵੱਡੇ ਭਰਾ ਨੂੰ ਬਾਈ ਕਿਹਾ ਜਾਂਦਾ ਸੀ। ਦਰਾਣੀ ਆਪਣੀ ਜਠਾਣੀ ਨੂੰ ਬੇਬੇ ਜੀ ਕਹਿੰਦੀ ਸੀ ਅਤੇ ਸੱਸ ਦਾਦਸ (ਦਾਦੀ ਸੱਸ) ਵਾਂਗੂੰ ਉਸ ਦੇ ਪੈਰੀਂ ਹੱਥ ਲਾਉਂਦੀ ਸੀ। ਪੇਂਡੂ ਭਾਈਚਾਰੇ ਵਿੱਚ ਇਕ ਹੋਰ ਰਵਾਇਤ ਸੀ ਕਿ ਜੇ ਕੋਈ ਗੁਆਂਢਣ ਜਾਂ ਹੋਰ ਔਰਤ ਆ ਜਾਂਦੀ ਤਾਂ ਨੂੰਹਾਂ ਉਨ੍ਹਾਂ ਆਈਆਂ ਔਰਤਾਂ ਦੇ ਕੋਲ ਬੈਠੀਆਂ ਸੱਸ ਦਾਦਸ, ਜਠਾਣੀ ਅਤੇ ਵੱਡੀ ਨਣਦ ਦੇ ਵੀ ਪੈਰੀਂ ਹੱਥ ਲਾਉਂਦੀਆਂ ਤੇ ਉਹ ਔਰਤਾਂ ਨੂੰਹਾਂ ਨੂੰ ਅਸੀਸਾਂ ਨਾਲ ਨਿਹਾਲ ਕਰ ਦਿੰਦੀਆਂ। ਅੱਜ ਕੋਈ ਨੂੰਹ ਆਪਣੀ ਸੱਸ ਦਾਦਸ ਜਾਂ ਨਣਦ ਜਠਾਣੀ ਨੂੰ ਮਨ ਨਾਲ ਮੱਥਾ ਨਹੀਂ ਟੇਕਦੀ। ਜੇ ਕੋਈ 'ਰਸਮੀ ਕਾਰਵਾਈ' ਕਰਦੀ ਹੈ ਤਾਂ ਫਿਲਮੀ ਅੰਦਾਜ਼ ਵਿੱਚ ਜ਼ਰਾ ਕੁ ਅਗਲੀ ਦੇ ਗੋਡਿਆਂ ਨੂੰ ਹੱਥ ਲਾ ਕੇ ਆਪਣੇ ਸੀਨੇ ਨੂੰ ਹੱਥ ਲਾ ਲੈਂਦੀ ਹੈ। ਚੁੰਨੀ ਦਾ ਲੜ ਫੜ ਕੇ ਬਜ਼ੁਰਗਾਂ ਨੂੰ ਮੱਥਾ ਟੇਕਣ ਦਾ ਰਿਵਾਜ ਹੁਣ ਪਿੰਡਾਂ ਵਿੱਚ ਵੀ ਨਹੀਂ। ਕੋਈ ਸਮਾਂ ਸੀ ਜਦੋਂ ਮੱਥਾ ਟੇਕਦੀ ਨੂੰਹ ਇਹ ਕਹਿੰਦੀ ਸੀ ਕਿ

ਸੱਸ ਦੇ ਸਤਾਈ ਕੁੜੀਆਂ<br>
ਮੱਥਾ ਟੇਕਦੀ ਨੂੰ ਬਾਰਾਂ ਵੱਜ ਜਾਂਦੇ

ਉਨ੍ਹਾਂ ਵੱਡਿਆਂ ਨੂੰ ਦੇਖਦਿਆਂ ਬੱਚੇ ਵੀ ਇਹ ਆਦਰ ਮਾਣ ਕਰਨਾ ਸਿੱਖਦੇ। ਅੱਜ ਇਕ ਦੋ ਬੱਚਿਆਂ ਦੇ ਜ਼ਮਾਨੇ ਵਿੱਚ ਇਹ ਰਿਸ਼ਤੇ ਮੁੱਕਦੇ ਜਾਂਦੇ ਹਨ। ਜੇ ਕਿਸੇ ਦੇ ਕੋਈ ਤਾਈ ਚਾਚੀ ਜਾਂ ਭੂਆ ਮਾਸੀ ਤੇ ਮਾਮੀ ਹੈ ਤਾ ਆਂਟੀ ਬਣ ਕੇ ਰਹਿ ਗਈ ਹੈ। ਉਨ੍ਹਾਂ ਦੇ ਪਤੀ ਅੰਕਲ ਬਣ ਗਏ ਹਨ। ਜੱਦੀ ਪੁਸ਼ਤੈਨੀ ਰਿਸ਼ਤਿਆਂ ਦੀ ਪਛਾਣ ਮੁੱਕਦੀ ਜਾ ਰਹੀ ਹੈ।

# ਵੇ ਬੰਨੇ-ਬੰਨੇ ਲਾ ਦੇ ਬੇਰੀਆਂ

-ਡਾ. ਬਲਵਿੰਦਰ ਸਿੰਘ ਲੱਖੇਵਾਲੀ

ਬੇਰ ਬੇਰੀਆਂ ਨਾਲ ਸਾਡਾ ਸਬੰਧ ਹਜ਼ਾਰਾਂ ਸਾਲ ਪੁਰਾਣਾ ਹੈ। ਇਤਿਹਾਸਕਾਰਾਂ, ਵਿਗਿਆਨੀਆਂ ਅਤੇ ਪੁਰਾਤਨ ਗ੍ਰੰਥਾਂ ਆਦਿ ਵਿੱਚੋਂ ਨਿਕਲਦੇ ਤੱਥ ਸਾਡੀ ਸਦੀਆਂ ਪੁਰਾਣੀ ਇਸ ਰੁੱਖ ਨਾਲ ਨੇੜਤਾ ਦੀ ਗਵਾਹੀ ਭਰਦੇ ਹਨ। ਜੇ ਅਸੀਂ ਮਿਥਿਹਾਸ ਵੱਲ ਝਾਤੀ ਮਾਰੀਏ ਤਾਂ ਅਨੇਕ ਗੱਲਾਂ ਸਾਹਮਣੇ ਆਉਂਦੀਆਂ ਹਨ। ਬੇਰ ਨੂੰ ਭਗਵਾਨ ਸ਼ਿਵ ਦਾ ਮਨਪਸੰਦ ਫਲ ਸਮਝਿਆ ਜਾਂਦਾ ਹੈ ਤੇ ਬੇਰੀਆਂ ਦੇ ਪੱਤੇ ਅਤੇ ਫਲ 'ਸ਼ਿਵਰਾਤਰੀ' ਦੇ ਤਿਉਹਾਰ 'ਤੇ ਭਗਵਾਨ ਨੂੰ ਅਰਪਣ ਕੀਤੇ ਜਾਂਦੇ ਹਨ। ਇਸ ਤਰ੍ਹਾਂ ਭਗਵਾਨ ਸ੍ਰੀ ਰਾਮ ਨੂੰ ਭੀਲਣੀ ਦੁਆਰਾ ਬੇਰ ਭੇਟ ਕੀਤੇ ਜਾਣਾ ਅਤੇ ਹੋਰ ਕਈ ਅਜਿਹੀਆਂ ਸਥਿਤੀਆਂ ਦਾ ਪੁਰਤਾਨ ਲਿਖਤਾਂ ਵਿੱਚ ਵਰਨਣ ਬੇਰੀਆਂ ਦਾ ਮਿਥਿਹਾਸ ਵਿੱਚ ਖਾਸ ਸਥਾਨ ਹੋਣ ਦੀ ਹਾਮੀ ਭਰਦਾ ਹੈ।

ਮਿਥਿਹਾਸ ਉਪਰੰਤ ਜੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਸਾਡੇ ਸਿੱਖ ਧਰਮ ਵਿੱਚ ਬੇਰੀਆਂ ਦਾ ਜ਼ਿਕਰ ਖਾਸ ਤੌਰ 'ਤੇ ਵੇਖਣ ਨੂੰ ਮਿਲਦਾ ਹੈ। 'ਦੁੱਖ ਭੰਜਨੀ ਬੇਰੀ' ਹੇਠ ਰਜਨੀ ਦੇ ਕੋਹੜੀ ਪਤੀ ਦਾ ਅਰੋਗ ਹੋਣਾ ਸਿੱਖ ਧਰਮ ਹੀ ਨਹੀਂ, ਬਲਕਿ ਸਭ ਧਰਮਾਂ ਦੇ ਲੋਕ ਭਲੀਭਾਂਤ ਜਾਣੂੰ ਹਨ। ਸਿਰਫ ਦੁੱਖ ਭੰਜਨੀ ਬੇਰੀ ਹੀ ਨਹੀਂ ਬਲਕਿ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਪਰਿਕਰਮਾ ਵਿੱਚ ਮੌਜੂਦ 'ਬੇਰ ਬੁੱਢਾ ਸਾਹਿਬ' ਅਤੇ 'ਲਾਚੀ ਬੇਰ' ਤਿੰਨੋਂ ਬੇਰੀਆਂ ਦੀ ਆਪਣੀ ਖਾਸ ਇਤਿਹਾਸਕ ਤੇ ਧਾਰਮਿਕ ਮਹਾਨਤਾ ਹੈ। ਇਨ੍ਹਾਂ ਬੇਰੀਆਂ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਵੱਲੋਂ ਸੁਲਤਾਨਪੁਰ ਲੋਧੀ ਵਿਖੇ ਵੇਈਂ ਦੇ ਕੰਢੇ ਬੇਰੀ ਹੇਠਾਂ ਵਿਸ਼ਰਾਮ ਕਰਨਾ, ਗੁਰੂ ਹਰਗੋਬਿੰਦ ਜੀ ਵੱਲੋਂ ਲਾਹੌਰ ਨੇੜੇ ਬੇਰੀ ਦੇ ਰੁੱਖ ਨਾਲ ਘੋੜਾ ਬੰਨ੍ਹਣਾ, ਜਿਥੇ ਗੁਰਦੁਆਰਾ ਬੇਰੀ ਸਾਹਿਬ ਹੈ। ਭਾਰਤ ਵਿੱਚ ਬੇਰ ਦਾ ਸਭ ਤੋਂ ਪੁਰ-ਾਣਾ ਰੁੱਖ 'ਬੇਰ ਬੁੱਢਾ ਸਾਹਿਬ' ਹੈ, ਜਿਸ ਦੀ ਉਮਰ ਚਾਰ ਸੌ ਸਾਲ ਤੋਂ ਵੱਧ ਹੈ। ਪਿਛਲੇ ਕੁਝ ਸਾਲਾਂ ਤੋਂ ਇਨ੍ਹਾਂ ਇਤਿਹਾ-ਸਕ ਬੇਰੀਆਂ ਦੀ ਦੇਖਰੇਖ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀ ਕਰ ਰਹੇ ਹਨ ਤੇ ਪਿਛਲੇ ਸਾਲ ਰੁੱਖ ਨੂੰ ਭਰਵੇਂ ਬੇਰ ਵੀ ਪਏ ਸਨ।

ਪੰਜਾਬ ਦੇ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਨਾਲ ਇਸ ਰੁੱਖ ਦੇ ਜੁੜੇ ਹੋਣ ਸਦਕਾ ਸਾਡਾ ਸਾਹਿਤ ਸੱਭਿਆਚਾਰ ਵਿੱਚ ਵੀ ਬੇਰ ਬੇਰੀਆਂ ਬਾਰੇ ਅਨੇਕ ਵੰਨਗੀਆਂ ਵੇਖਣ ਨੂੰ ਮਿਲਦੀਆਂ ਹਨ।

'ਚਿੱਤ ਬੱਕਰੀ ਲੈਣ ਨੂੰ ਕਰਦਾ,<br>
ਵੇ ਬੰਨੇ-ਬੰਨੇ ਲਾ ਦੇ ਬੇਰੀਆਂ।'

ਭਾਰਤੀ ਮੂਲ ਦਾ ਇਹ ਕੰਡਿਆਲੀ ਝਾੜੀਨੁਮਾ ਰੁੱਖ ਪੰਜਾਬ ਤੋਂ ਇਲਾਵਾ ਹਰਿਆਣਾ, ਉਤਰ ਪ੍ਰਦੇਸ਼ ਅਤੇ ਰਾਜਸਥਾਨ ਵਰਗੇ ਸੂਬਿਆਂ ਦੇ ਗਰਮ ਅਤੇ ਖੁਸ਼ਕ ਇਲਾਕਿਆਂ ਵਿੱਚ ਪਾਇਆ ਜਾਂਦਾ ਹੈ। ਕਿਸੇ ਵੇਲੇ ਸਿਰਫ ਜੰਗਲੀ ਰੂਪ ਵਿੱਚ ਹੋਣ ਵਾਲੇ ਇਸ ਰੁੱਖ ਦੀ ਅੱਜ ਕੱਲ੍ਹ ਕਿਸਾਨਾਂ ਨੇ ਕਾਸ਼ਤ ਕਰਨੀ ਸ਼ੁਰੂ ਕਰ ਦਿੱਤੀ ਹੈ ਅਤੇ ਇਸ ਦਾ ਮੁੱਢਲਾ ਕਾਰਨ ਇਹ ਹੈ ਕਿ ਜਿਸ ਜ਼ਮੀਨ ਵਿੱਚ ਕੋਈ ਹੋਰ ਬਾਗ ਨਾ ਹੁੰਦਾ ਹੋਵੇ, ਬੇਰੀ ਦੀ ਕਾਸ਼ਤ ਉਥੇ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਬੇਰ ਖਾਰੀਆਂ, ਔੜ ਅਤੇ ਸੇਮ ਆਦਿ ਵਾਲੇ ਸਥਾਨ 'ਤੇ ਵੀ ਉਗਾਇਆ ਜਾ ਸਕਦਾ ਹੈ। ਬੇਰ ਨੂੰ ਚੀਨ ਵਿੱਚ ਲਗਭਗ 4000 ਸਾਲ ਪਹਿਲਾਂ ਉਗਾਇਆ ਗਿਆ ਸੀ। ਪਹਿਲਾਂ ਇਸ ਨੂੰ ਲੋਕ ਗਰੀਬਾਂ ਦਾ ਸੇਬ ਕਹਿੰਦੇ ਸਨ, ਪਰ ਪੇਂਡੂ ਬੇਰਾਂ ਦੀ ਆਮਦ ਨੇ ਇਸ ਫਲ ਨੂੰ ਵੀ ਅਹਿਮੀਅਤ ਪ੍ਰਦਾਨ ਕਰਵਾ ਦਿੱਤੀ ਹੈ।

ਬੇਰੀਆਂ ਕਦੇ ਪਿੰਡਾਂ ਦਾ ਸ਼ਿੰਗਾਰ ਹੁੰਦੀਆਂ ਸਨ ਅਤੇ ਖੁੱਲ੍ਹੇ ਸਥਾਨਾਂ ਤੋਂ ਲੈ ਕੇ ਖੁੱਲ੍ਹੇ ਘਰਾਂ ਵਿੱਚ ਵੀ ਬੇਰੀਆਂ ਵੇਖਣ ਨੂੰ ਮਿਲਦੀਆਂ ਸਨ। ਬੇਰ ਤੋੜਨ ਦਾ ਨਜ਼ਾਰਾ ਬੇਰ ਖਾਣ ਤੋਂ ਵੀ ਵਧੇਰੇ ਨਜ਼ਾਰੇਦਾਰ ਹੁੰਦਾ ਸੀ। ਖਾਸ ਕਰ ਜਦੋਂ ਬੇਰ ਚੋਰੀ ਛੁਪੇ ਤੋੜ ਕੇ ਖਾਧੇ ਜਾਂਦੇ ਸਨ। ਅਜਿਹੇ ਦ੍ਰਿਸ਼ ਨੂੰ ਪ੍ਰੋ. ਮੋਹਨ ਸਿੰਘ ਨੇ ਆਪਣੀ ਕਵਿਤਾ 'ਛੱਤੋ ਦੀ ਬੇਰੀ' ਰਾਹੀਂ ਬਾਖੂਬੀ ਬਿਆਨ ਕੀਤਾ ਹੈ।


ਉਹ ਕਿੱਧਰ ਗਏ ਦਿਹਾੜੇ?<br>
ਜਦ ਛੱਤੋ ਦੇ ਪਿਛਵਾੜੇ<br>
ਸਾਂ ਬੇਰ ਛੱਤੋ ਦੇ ਢਾਂਹਦੇ,<br>
ਹੱਸ-ਹੱਸ ਕੇ ਗਾਲ੍ਹਾਂ ਖਾਂਦੇ।

ਉਨ੍ਹਾਂ ਵੇਲਿਆਂ ਵਿੱਚ ਬਾਜ਼ਾਰੋਂ ਵਸਤਾਂ ਲਿਆ ਕੇ ਤੋਹਫੇ ਦੇਣ ਨਾਲੋਂ ਬੇਰਾਂ ਵਰਗੀਆਂ ਕੁਦਰਤੀ ਨਿਆਮਤਾਂ ਨੂੰ ਆਪਣੇ ਪਿਆਰਿਆਂ ਵਿੱਚ ਵੰਡਣਾ ਜ਼ਿਆਦਾ ਚੰਗਾ ਸਮਝਿਆ ਜਾਂਦਾ ਸੀ।

ਮਾਹੀ ਮੇਰੇ ਨੇ ਬੇਰ ਲਿਆਂਦੇ,<br>
ਮੈਨੂੰ ਦਿੱਤੇ ਚੁਣ-ਚੁਣ ਕੇ,<br>
ਮੇਰੀ ਸੱਸ ਸੜ ਗਈ, ਸੁਣ-ਸੁਣ ਕੇ

ਅੱਜ ਕੱਲ੍ਹ ਜ਼ਿਆਦਾ ਬੇਰੀਆਂ ਖੇਤੀ ਕਰਨ ਵਾਲੀਆਂ ਮਿਲਦੀਆਂ ਹਨ, ਜਿਨ੍ਹਾਂ ਨੂੰ ਪਿਉਂਦ ਰਾਹੀਂ ਤਿਆਰ ਕੀਤਾ ਜਾਂਦਾ ਹੈ। ਆਮ ਬੇਰੀਆਂ ਜਾਂ ਬੇਰਾਂ ਤੋਂ ਇਲਾਵਾ 'ਮਲ੍ਹੇ ਬੇਰ' ਵੀ ਪੰਜਾਬ ਦੇ ਖਾਸਕਰ ਖੁਸ਼ਕ ਇਲਾਕਿਆਂ ਵਿੱਚ ਵੇਖਣ ਨੂੰ ਮਿਲਦੇ ਸਨ। ਪਿਛਲੇ ਸਮੇਂ ਦੌਰਾਨ ਪੰਜਾਬ ਦੀ ਜ਼ਿਆਦਾ ਜ਼ਮੀਨ ਵਾਹੀ ਯੋਗ ਹੋਣ ਸਦਕਾ ਅਜਿਹੇ ਰੁੱਖਾਂ ਦੀ ਗਿਣਤੀ ਬਹੁਤ ਘੱਟ ਗਈ ਹੈ। ਵੈਦਿਕ ਨੁਸਖਿਆਂ ਖਾਸ ਕਰ ਚੀਨੀ ਅਤੇ ਜਾਪਾਨੀ ਇਲਾਜ ਪ੍ਰਣਾਲੀ ਵਿੱਚ ਮਲ੍ਹੇ ਦੇ ਬੀਜ, ਫਲਾਂ ਅਤੇ ਜੜ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਪੇਂਡੂ ਬੇਰਾਂ ਵਿੱਚ ਗੁੱਦਾ ਜ਼ਿਆਦਾ ਹੋਣ ਕਰਕੇ ਉਨ੍ਹਾਂ ਤੋਂ ਮੁਰੱਬਾ, ਆਚਾਰ, ਚਟਣੀ, ਸ਼ਰਬਤ ਆਦਿ ਵਸਤਾਂ ਵੀ ਬਣਾਈਆਂ ਜਾਂਦੀਆਂ ਹਨ। ਬੇਰੀ ਦੀ ਲੱਕੜ ਬਾਲਣ ਤੋਂ ਇਲਾਵਾ ਅਨੇਕ ਘਰੇਲੂ ਵਸਤਾਂ ਬਣਾਉਣ ਲਈ ਵਰਤੀ ਜਾਂਦੀ ਹੈ। ਇਸ ਦੇ ਪੱਤੇ, ਫਲਾਂ, ਬੀਜ, ਸੱਕ, ਜੜ੍ਹ, ਫੁੱਲਾਂ ਆਦਿ ਲਗਭਗ ਹਰ ਹਿੱਸੇ ਨੂੰ ਦਵਾਈਆਂ ਵਿੱਚ ਵਰਤਿਆ ਜਾਂਦਾ ਹੈ। ਕੁੱਲ ਮਿਲਾ ਕੇ ਬੇਰੀਆਂ ਵਰਗੇ ਗੁਣਕਾਰੀ ਰੁੱਖਾਂ ਨੂੰ ਅੱਖੋ ਪਰੋਖੇ ਨਹੀਂ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਦੀ ਸਾਂਭ ਸੰਭਾਲ ਵਿੱਚ ਸਭਨਾਂ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ।

## ਗੁਰਦੁਆਰਾ ਛੋਟਾ ਨਾਨਕਿਆਣਾ ਨਾਨਕ ਜਾਗੀਰ, ਸਤ ਘਰਾ, ਜ਼ਿਲਾ ਓਕਾੜਾ



ਇਹ ਪਾਵਨ ਅਸਥਾਨ ਜੋ ਜਗਤ ਗੁਰੂ ਨਾਨਕ ਦੇਵ ਜੀ ਮਹਾਰਾਜ ਨਾਲ ਸਬੰਧਿਤ ਹੈ, ਜ਼ਿਲਾ ਓਕਾੜਾ ਦੇ ਕਸਬੇ ਸਤਘਰਾ ਤੋ ਉਂਝ ਤਾ ਚੋਖਾ ਦੂਰ ਹੈ, ਪਰ ਇਸ ਨਾਲ ਹੀ ਜੋੜਿਆ ਜਾਦਾ ਹੈ । ਇਸ ਥਾ ਅੱਪੜਨ ਵਾਸਤੇ ਪੱਤੋਕੀ ਤੋ ਹੰਜਰਾ ਰਾਹੀ ਪੱਕੀ ਸੜਕ ਪਿੰਡ ਮੇਘੇ ਵਿੱਚ ਜਾਦੀ ਹੈ। ਇਸ ਪਿੰਡ ਮੇਘੇ ਦੇ ਨੇੜੇ ਕੋਈ ਚਾਰ ਕਿਲੋਮੀਟਰ ਦੂਰ ਇਹ ਅਸਥਾਨ ਹੈ।ਇੱਕ ਸੜਕ ਜਿਹਨੂੰ ਹੱਲਾ ਚੂਚਕ ਰੋਡ ਵੀ ਆਖਿਆ ਜਾਦਾ ਹੈ, ਇਸ ਰਾਹੀ ਹੱਲੇ ਤੋਂ ਵੀ ਮੇਘੇ ਆਇਆ ਜਾ ਸਕਦਾ ਹੈ ਅਤੇ ਸਤਘਰੇ ਤੋਂ ਚੂਚਕ ਰਾਹੀ ਵੀ ਇਸੇ ਸੜਕ ਉੱਤੇ ਅੱਪੜਿਆ ਜਾ ਸਕਦਾ ਹੈ।ਇੱਥੇ ਸਤਿਗੁਰੂ ਨਾਨਕ ਦੇਵ ਜੀ ਅਲਪੇ ਤੋਂ ਚੱਲ ਕੇ ਆਏ ਸਨ । ਇੱਥੇ ਆਪ ਨੇ ਇੱਕ ਸ਼ਾਹੂਕਾਰ ਦਾ ਦੁੱਖ ਦੂਰ ਕੀਤਾ ਅਤੇ ਇਹ ਸ਼ਬਦ ਉਚਾਰਿਆ ਸਹੰਸਰ ਦਾਨ ਦੇ ਇੰਦ ਰੁਆਇਆ ? ਪਹਿਲੋ ਇਹ ਗੁਰੂ ਅਸਥਾਨ ਸਧਾਰਨ ਜਿਹਾ ਬਣਿਆ ਹੋਇਆ ਸੀ।ਫਿਰ 31 ਮਾਰਚ, 1935 ਨੂੰ ਨਵੀ ਉਸਾਰੀ ਅਰੰਭ ਹੋਈ ਜਿਸ ਦਾ ਨੀਹ ਪੱਥਰ ਇਹਨਾ ਪੰਜ ਪਿਆਰਿਆ ਨੇ ਰੱਖਿਆ :

1 ਭਾਈ ਸੰਤ ਨਰਿੰਜਨ ਸਿੰਘ ਜੀ ਅਜੀਤਸਰ ਵਾਲੇ
2 ਭਾਈ ਸੰਗਤ ਸਿੰਘ ਜੀ ਗੁਰਦੁਆਰਾ ਸੰਗਰਾਣਾ ਸਾਹਿਬ ਵਾਲੇ
3 ਭਾਈ ਪ੍ਰਧਾਨ ਸਿੰਘ ਜੀ ਰਾਗੀ, ਫਰੋਕਾ, ਜ਼ਲਿਾ ਸਰਗੋਧਾ ਵਾਲੇ
4 ਭਾਈ ਰਾਮ ਸਿੰਘ ਜੀ ਮਿੰਟਗੁਮਰੀ ( ਸਾਹੀਵਾਲ ) ਵਾਲੇ
5 ਭਾਈ ਲਾਭ ਸਿੰਘ ਜੀ ਗਰੰਥੀ ਰੀਨਾਲਾ ਖੁਰਦ ਵਾਲੇ।

ਇਸ ਦੀ ਤਾਮੀਰ ਦਾ ਕੰਮ ਜਿੱਥੇ ਰੁਕਿਆ ਸੀ ਅੱਜ ਤੱਕ ਉੱਥੇ ਹੀ ਰੁਕਿਆ ਹੋਇਆ ਹੈ।ਵਿਸਾਖੀ ਦਾ ਭਾਰੀ ਮੇਲਾ ਜੁੜਦਾ ਸੀ, ਜੋ ਹੁਣ ਅਲੋਪ ਹੋ ਚੁੱਕਿਆ ਹੈ।

# ਡਾਕਟਰ ਤੇ ਮਰੀਜ਼ ਦਾ ਰਿਸ਼ਤਾ

-ਨਵਦੀਪ ਸਿੰਘ ਭਾਟੀਆ



ਕੋਈ ਸਮਾਂ ਸੀ ਜਦੋਂ ਡਾਕਟਰ ਰੱਬ ਦਾ ਰੂਪ ਸਮਝਿਆ ਜਾਂਦਾ ਸੀ। ਲੋਕਾਂ ਨੂੰ ਵੀ ਉਸ 'ਤੇ ਰੱਬ ਜਿੰਨਾ ਵਿਸ਼ਵਾਸ ਹੁੰਦਾ ਸੀ। ਮੈਨੂੰ ਇੱਕ-ਦੋ ਉਹ ਡਾਕਟਰ ਭੁਲਾਇਆਂ ਵੀ ਨਹੀਂ ਭੁੱਲਦੇ ਜੋ ਗਰੀਬਾਂ ਨੂੰ ਦਵਾਈ ਮੁਫ਼ਤ ਦੇ ਦਿੰਦੇ ਸਨ। ਭਾਵੇਂ ਉਹ ਅੱਜ ਇਸ ਸੰਸਾਰ ਵਿੱਚ ਨਹੀਂ ਹਨ ਪਰ ਆਪਣੀ ਦਿਆਨਤਦਾਰੀ ਕਾਰਨ ਲੋਕਾਂ ਦੇ ਮਨਾਂ ਵਿੱਚ ਵਸੇ ਹੋਏ ਹਨ। ਇੱਕ ਹੋਰ ਲੇਡੀ ਡਾਕਟਰ ਦਾ ਚੇਤਾ ਆਉਂਦਾ ਹੈ ਜਿਸ ਦਾ ਸੁਭਾਅ ਇੰਨਾ ਚੰਗਾ ਸੀ ਕਿ ਮਰੀਜ਼ਾਂ ਨੂੰ ਵੇਖਦੇ ਸਮੇਂ ਪ੍ਰਤੀਤ ਹੁੰਦਾ ਸੀ ਜਿਵੇਂ ਉਹ ਆਪਣੇ ਰਿਸ਼ਤੇਦਾਰਾਂ ਨੂੰ ਮਿਲ ਰਹੀ ਹੋਵੇ। ਹਮਦਰਦੀ ਤੇ ਪਿਆਰ ਦੀ ਉਹ ਮੁਜੱਸਮਾ ਸੀ। ਉਸ ਦਾ ਹਸੂੰ-ਹਸੂੰ ਕਰਦਾ ਚਿਹਰਾ ਅਤੇ ਜ਼ੁਬਾਨ ਵਿਚਲਾ ਰਸ ਮਰੀਜ਼ਾਂ ਲਈ ਅੰਮ੍ਰਿਤ ਤੋਂ ਘੱਟ ਨਹੀਂ ਸੀ। ਆਪਣੇ ਤੋਂ ਵੱਡੀ ਉਮਰ ਦੇ ਬੁਜ਼ਰਗ ਮਰੀਜ਼ਾਂ ਲਈ ਬੇਬੇ-ਬਾਪੂ ਅਤੇ ਆਪਣੀ ਉਮਰ ਦਿਆਂ ਨੂੰ ਵੀਰ-ਭੈਣ ਕਹਿੰਦੀ ਉਹ ਡਾਕਟਰ ਸਾਹਿਬਾ ਮਰੀਜ਼ਾਂ ਦਾ ਅੱਧਾ ਦਰਦਾ ਘਟਾ ਦਿੰਦੀ ਸੀ। ਅੱਜ ਸਮਾਂ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ। ਪ੍ਰਦੂਸ਼ਿਤ ਵਾਤਾਵਰਨ ਅਤੇ ਮਿਲਾਵਟੀ ਖਾਣ-ਪੀਣ ਨੇ ਹਰ ਵਿਅਕਤੀ ਦੀ ਸਿਹ 'ਤੇ ਮਾੜਾ ਅਸਰ ਪਾਇਆ ਹੈ। ਦਿਨੋ-ਦਿਨ ਮਰੀਜ਼ਾਂ ਦੀ ਗਿਣਤੀ ਵਿੱਚ ਅੱਤ ਦਾ ਵਾਧਾ ਹੋ ਰਿਹਾ ਹੈ। ਸਭ ਤੋਂ ਜ਼ਿਆਦਾ ਭੀੜ ਹਸਪਤਾਲਾਂ ਵਿੱਚ ਵੇਖਣ ਨੂੰ ਮਿਲ ਰਹੀ ਹੈ। ਪੈਸੇ ਦੇ ਪਸਾਰੇ ਹੋਣ ਨਾਲ ਡਾਕਟਰਾਂ ਦਾ ਮਰੀਜ਼ਾਂ ਪ੍ਰਤੀ ਨਜ਼ਰੀਆ ਪਦਾਰਥਵਾਦੀ ਹੋ ਰਿਹਾ ਹੈ। ਭਾਵੇਂ ਸਾਰੇ ਡਾਕਟਰ ਇੱਕੋ ਜਿਹੇ ਨਹੀਂ ਹੁੰਦੇ ਪਰ ਬਹੁਤਿਆਂ ਦੇ ਦ੍ਰਿਸ਼ਟੀਕੋਣ ਅਜੋਕੇ ਹਾਲਾਤ ਕਾਰਨ ਬਦਲ ਗਏ ਹਨ। ਅੱਜਕੱਲ੍ਹ ਡਾਕਟਰੀ ਕਿੱਤਾ ਵਪਾਰ ਬਣ ਗਿਆ ਹੈ ਕਿਉਂਕਿ ਡਾਕਟਰੀ ਪੜ੍ਹਾਈ ਬਹੁਤ ਮਹਿੰਗੀ ਹੋ ਗਈ ਹੈ।

ਇੱਕ ਵਿਦਿਆਰਥੀ ਨੂੰ ਜੇ ਪੇਡ ਸੀਟ ਲੈ ਕੇ ਪ੍ਰਾਈਵੇਟ ਕਾਲਜ ਵਿੱਚ ਪੜ੍ਹਾਈ ਕਰਨੀ ਹੋਵੇ ਤਾਂ ਉਸ 'ਤੇ ਲਗੱਭਗ ਇੱਕ ਕਰੋੜ ਰੁਪਈਆ ਖ਼ਰਚ ਹੋ ਜਾਂਦਾ ਹੈ। ਅਜਿਹਾ ਡਾਕਟਰ ਪਹਿਲਾਂ ਆਪਣੇ ਪੜ੍ਹਾਈ ਦੇ ਖ਼ਰਚ ਪੂਰੇ ਕਰੇਗਾ। ਉਸ ਕੋਲੋਂ ਪਰਉਪਕਾਰ ਤੇ ਦਿਆਨਤਦਾਰੀ ਦੀਆਂ ਉਮੀਦਾਂ ਨਹੀਂ ਰੱਖੀਆਂ ਜਾ ਸਕਦੀਆਂ। ਪੰਦਰਾਂ ਕੁ ਸਾਲ ਪਹਿਲਾਂ ਮੇਰਾ ਵੱਡਾ ਬੇਟਾ ਬਿਮਾਰ ਹੋ ਗਿਆ ਅਤੇ ਸ਼ਹਿਰ ਦੇ ਨਾਮੀ-ਗਰਾਮੀ ਡਾਕਟਰ ਕੋਲ ਉਸ ਨੂੰ ਅਸੀਂ ਲੈ ਗਏ। ਜਦੋਂ ਅਸੀਂ ਪਹੁੰਚੇ ਤਾਂ ਡਾਕਟਰ ਗੱਡੀ ਵਿੱਚ ਜਾ ਬੈਠਿਆ। ਮੈਂ ਜਲਦੀ-ਜਲਦੀ ਕਾਰ ਦੀ ਖਿੜਕੀ ਕੋਲ ਗਿਆ। ਉਸ ਡਾਕਟਰ ਨੇ ਥੋੜ੍ਹੀ ਜਿਹੀ ਖਿੜਕੀ ਖੋਲ੍ਹੀ ਅਤੇ ਕਿਹਾ, ''ਕੱਲ੍ਹ ਆ ਜਾਣਾ, ਮੈਨੂੰ ਜਲਦੀ ਹੈ।'' ਮੇਰੇ ਕੋਲ ਜੋ ਕਿਸੇ ਪਹਿਲੇ ਡਾਕਟਰ ਦੀ ਰਿਪੋਰਟ ਸੀ, ਮੈਂ ਉਸ ਨੂੰ ਪੜ੍ਹਨ ਲਈ ਬੇਨਤੀ ਕੀਤੀ। ਇੱਕ ਸੈਕਿੰਡ ਦੇਖ ਕੇ ਉਹ ਬੋਲਿਆ ਇਹੀ ਦਵਾਈ ਹੋਰ ਖੁਆਵੋ। ਮੈਂ ਸੋਚਿਆ, ਡਾਕਟਰ ਨੇ ਕੋਈ ਦਵਾਈ ਤਾਂ ਦਿੱਤੀ ਨਹੀਂ ਅਤੇ ਜਿਉਂ ਹੀ ਮੈਂ ਮੋਟਰਸਾਈਕਲ 'ਤੇ ਬੈਠਣ ਲੱਗਾ ਤਾਂ ਪਿੱਛੋਂ ਡਾਕਟਰ ਸਾਹਿਬ ਨੇ ਆਵਾਜ਼ ਦਿੱਤੀ। ਤਿੰਨ ਸੌ ਰੁਪਈਆ ਫੀਸ ਪਲੀਜ਼। ਮੈਂ ਹੱਕਾ-ਬੱਕਾ ਰਹਿ ਗਿਆ।

ਮੈਨੂੰ ਇੱਕ ਵਾਕਿਆ ਹੋਰ ਯਾਦ ਆ ਰਿਹਾ ਹੈ। ਪਿਛਲੇ ਸਾਲ ਮੈਨੂੰ ਪਿਸ਼ਾਬ ਰੁਕ-ਰੁਕ ਕੇ ਆ ਰਿਹਾ ਸੀ। ਮੈਂ ਇੱਕ ਹਸਪਤਾਲ ਵਿੱਚ ਇੱਕ ਯੂਰੋਲੋਜਿਸਟ ਨੂੰ ਕੰਸਲਟ ਕੀਤਾ। ਡਾਕਟਰ ਸਾਹਿਬ ਨੇ ਕੁਝ ਟੈਸਟ ਲਿਖ ਕੇ ਦੇ ਦਿੱਤੇ। ਜਦੋਂ ਇੱਕ ਟੈਸਟ ਦੀ ਰਿਪੋਰਟ ਆਈ ਤਾਂ ਮੈਂ ਡਾਕਟਰ ਦੇ ਕੈਬਿਨ ਵਿੱਚ ਰਿਪੋਰਟ ਵਿਖਾਉਣ ਚਲਾ ਗਿਆ। ਡਾਕਟਰ ਸਾਹਿਬ ਬੜੇ ਰੁੱਖੇ ਲਹਿਜ਼ੇ 'ਚ ਬੋਲੇ ਕਿ ਬਾਕੀ ਰਿਪੋਰਟਾਂ ਆਉਣ ਦਿਓ। ਮੈਂ ਚੁੱ-ਪਚਾਪ ਉਥੋਂ ਆ ਗਿਆ। ਅਗਲੇ ਦਿਨ ਸਾਰੀਆਂ ਰਿਪੋਰਟਾਂ ਆਉਣ 'ਤੇ ਦੁਬਾਰਾ ਡਾਕਟਰ ਕੋਲ ਪਹੁੰਚਿਆ। ਉਨ੍ਹਾਂ ਨੇ ਰਿਪੋਰਟਾਂ ਵੇਖ ਕੇ ਇੱਕ ਗੋਲੀ ਲਿਖ ਦਿੱਤੀ। ਮੈਂ ਸਹਿਜ ਸੁਭਾਅ ਪੁੱਛ ਲਿਆ ਕਿ ਡਾਕਟਰ ਸਾਹਿਬ ਇਸ ਦਾ ਕੋਈ ਸਾਈਡ ਇਫੈਕਟ ਤਾਂ ਨਹੀਂ? ਉਹ ਫਿਰ ਖਰਵੇ ਲਹਿਜ਼ੇ ਵਿੱਚ ਬੋਲਿਆ, ''ਮੇਰੇ ਕੋਲ ਸਮਾਂ ਨਹੀਂ ਕਿ ਮੈਂ ਦਵਾਈ ਦੇ ਇਫੈਕਟਸ ਤੇ ਸਾਈਡ ਇਫੈਕਟਸ ਦੱਸਦਾ ਫਿਰਾਂ।'' ਮੇਰੇ 'ਤੇ ਦਵਾਈ ਦਾ ਤਾਂ ਭਾਵੇਂ ਸਾਈਡ ਇਫੈਕਟ ਨਾ ਹੋਵੇ ਪਰ ਡਾਕਟਰ ਦੇ ਖਰਵਾ ਬੋਲਣ ਦਾ ਸਾਈਡ ਇਫੈਕਟ ਜ਼ਰੂਰ ਹੋ ਗਿਆ ਹੈ। ਮੈਂ ਉਸ ਨੂੰ ਕਿਹਾ ਕਿ ਡਾਕਟਰ ਸਾਹਿਬ, ਤੁਹਾਡਾ ਮਰੀਜ਼ ਨਾਲ ਇਸ ਤਰ੍ਹਾਂ ਗੱਲ ਕਰਨਾ ਸਹੀ ਨਹੀਂ। ਮੈਂ ਅਧਿਆਪਕ ਹਾਂ। ਜੇ ਤੁਹਾਡਾ ਮੇਰੇ ਵਰਗੇ ਪੜ੍ਹੇ-ਲਿਖੇ ਵਿਅਕਤੀ ਨਾਲ ਅਜਿਹਾ ਵਤੀਰਾ ਹੈ ਤਾਂ ਘੱਟ ਪੜ੍ਹ ਜਾਂ ਅਨਪੜ੍ਹ ਲੋਕਾਂ ਨੂੰ ਕੀ ਸਮਝਦੇ ਹੋਵੋਗੇ? ਇਹ ਸੁਣ ਕੇ ਡਾਕਟਰ ਸਾਹਿਬ ਚੁੱਪ ਹੋ ਗਏ ਅਤੇ ਉਨ੍ਹਾਂ ਨੇ ਆਪਣੀ ਗਲਤੀ ਲਈ ਮਾਫ਼ੀ ਵੀ ਮੰਗੀ।

ਕਿਸੇ ਡਾਕਟਰ ਕੋਲ ਅਹਿਮ ਅਤੇ ਵਿਸ਼ੇਸ਼ ਡਿਗਰੀ ਹੋਣੀ ਵਧੀਆ ਗੱਲ ਹੈ। ਕਿਸੇ ਖ਼ਾਸ ਖੇਤਰ ਵਿੱਚ ਉਸ ਦੀ ਮੁਹ-ਾਰਤ ਹੋਣ ਦੇ ਨਾਲ-ਨਾਲ ਜੇਕਰ ਉਸ ਵਿੱਚ ਹਲੀਮੀ, ਇਨਸਾਨੀਅਤ ਅਤੇ ਹਮਰਦਰਦੀ ਵਾਲੇ ਗੁਣ ਵੀ ਹਨ ਤਾਂ ਉਹ ਅੱਜ ਵੀ ਰੱਬ ਦਾ ਹੀ ਰੂਪ ਮੰਨਿਆ ਜਾਵੇਗਾ। ਅੱਜ ਵੀ ਸਮਾਜ ਵਿੱਚ ਡਾਕਟਰ ਨੂੰ ਉਸ ਰੱਖਿਅਕ ਵਜੋਂ ਸਮਝਿਆ ਜਾਂਦਾ ਹੈ ਜਿਸ ਹਵਾਲੇ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੇ ਮਰੀਜ਼ਾਂ ਨੂੰ ਉਸ ਦੇ ਸਕੇ-ਸਬੰਧੀ ਪੂਰੇ ਵਿਸ਼ਵਾਸ ਨਾਲ ਕਰਦੇ ਹਨ। ਉਹ ਆਸਵੰਦ ਹੁੰਦੇ ਹਨ ਕਿ ਡਾਕਟਰ ਮਰੀਜ਼ ਨੂੰ ਬਚਾ ਲਵੇਗਾ।

ਇਸ ਲਈ ਬੇਹੱਦ ਜ਼ਰੂਰੀ ਹੈ ਕਿ ਡਾਕਟਰ ਵੀ ਆਪਣੇ ਕਿੱਤੇ ਨਾਲ ਇਨਸਾਫ਼ ਕਰਦੇ ਹੋਏ ਮਰੀਜ਼ਾਂ ਲਈ ਮਸੀਹਾ ਬਣਨ ਦੀ ਕੋਸ਼ਿਸ਼ ਕਰਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਡਾਕਟਰੀ ਸਿੱਖਿਆ 'ਤੇ ਹੋਣ ਵਾਲੇ ਖ਼ਰਚੇ ਨੂੰ ਘਟਾਉਣ। ਜਦ ਡਾਕਟਰੀ ਪੜ੍ਹਾਈ ਘੱਟ ਖ਼ਰਚੇ 'ਤੇ ਹੋਵੇਗੀ ਤਾਂ ਡਾਕਟਰ ਵੀ ਮਰੀਜ਼ਾਂ ਨੂੰ ਚੰਗੀਆਂ ਤੇ ਸਸਤੀਆਂ ਸਿਹਤ ਸਹੂਲਤਾਂ ਮੁਹੱਈਆ ਕਰਾਉਣਗੇ। ਉਂਜ ਅੱਜਕੱਲ੍ਹ ਵੀ ਟਾਵੇਂ-ਟਾਵੇਂ ਅਜਿਹੇ ਡਾਕਟਰ ਮਿਲ ਜਾਣਗੇ। ਜਿਨ੍ਹਾਂ ਵਿੱਚ ਸਹਿਜਤਾ, ਹਲੀਮੀ, ਹਮਰਦਰਦ ਨੇਕੀ ਅਤੇ ਸਹਿਣਸ਼ੀਲਤਾ ਵਾਲੇ ਗੁਣ ਮੌਜੂਦ ਹਨ।

## ਹਲਕਾ ਫੁਲਕਾ

ਕੁੜੀ ਵਾਲੇ ਮੁੰਡਾ ਦੇਖਣ ਆਉਣ ਵਾਲ ਸਨ।
ਪਿਤਾ, ''ਬੇਟਾ, ਕੁੜੀ ਵਾਲੇ ਆ ਰਹੇ ਹਨ, ਉਨ੍ਹਾਂ ਸਾਹਮਣੇ ਥੋੜ੍ਹੀਆਂ ਲੰਮੀਆਂ ਲੰਮੀਆਂ ਸੁੱਟੀਂ।''
ਕੁੜੀ ਵਾਲਿਆਂ ਦੇ ਆਉਂਦਿਆਂ ਹੀ ਬੇਟਾ ਬੋਲਿਆ, ''ਪਾਪਾ, ਜ਼ਰਾ ਚਾਬੀ ਦੇਣਾ, ਟਰੇਨ ਧੁੱਪ ਵਿੱਚ ਖੜ੍ਹੀ ਹੈ ਅੰਦਰ ਕਰ ਦਿੰਦਾ ਹਾਂ।''
ਇਹ ਸੁਣਨ ਦੀ ਦੇਰ ਸੀ ਕਿ ਪਿਤਾ ਆਪਣੇ ਪੁੱਤਰ ਦੀ ਬੇਵਕੂਫੀ ਕਾਰਨ ਬੇਹੋਸ਼ ਹੋ ਗਿਆ।

*********

ਇੱਕ ਕੁੜੀ ਡਾਕਟਰ ਕੋਲ ਗਈ ਅਤੇ ਬੋਲੀ, ''ਡਾਕਟਰ ਸਾਹਿਬ, ਮੈਂ ਹਰ ਵੇਲੇ ਸੁੱਤੀ ਰਹਿੰਦੀ ਹਾਂ, ਬਹੁਤ ਜ਼ਿਆਦਾ ਨੀਂਦ ਆਉਂਦੀ ਹੈ।''
ਡਾਕਟਰ, ''ਤੁਹਾਡੇ ਕੋਲ ਮੋਬਾਈਲ ਫੋਨ ਕਿਹੜਾ ਹੈ?''
ਕੁੜੀ, ''ਨੋਕੀਆ 1100 ਹੈ।''
ਡਾਕਟਰ, ''ਓਹ ਸਮਝ ਗਿਆ, ਮੈਂ ਇੱਕ ਸਮਾਰਟਫੋਨ ਲਿਖ ਦਿੰਦਾ ਹਾਂ, ਉਸ ਵਿੱਚ ਜਿਓ ਦੀ ਸਿਮ ਪੁਆ ਕੇ ਯੂ-ਟਿਊਬ, ਫੇਸਬੁਕ ਤੇ ਵਟਸਐਪ ਇੰਸਟਾਲ ਕਰ ਲਵੀਂ, ਇਕਦਮ ਆਰਾਮ ਆ ਜਾਵੇਗਾ।''

# ਕੀ ਨਾਗਰਿਕਤਾ ਸੋਧ ਕਾਨੂੰਨ ਦਾ ਆਧਾਰ ਮਨੁੱਖੀ ਹੈ?

-ਅਭੈ ਸਿੰਘ

ਕੇਂਦਰੀ ਮੰਤਰੀ ਗਜਿੰਦਰ ਸਿੰਘ ਸ਼ੇਖਾਵਤ ਨੇ ਅਖ਼ਬਾਰਾਂ ਵਿੱਚ ਲੇਖ ਲਿਖ ਕੇ ਅਤੇ ਭਾਜਪਾ ਦੇ ਕੁਝ ਹੋਰ ਸੀਨੀਅਰ ਲੀਡਰਾਂ ਨੇ ਆਪਣੇ ਬਿਆਨਾਂ ਰਾਹੀਂ ਪੇਸ਼ ਕੀਤਾ ਹੈ ਕਿ ਨਾਗਰਿਕਤਾ ਸੋਧ ਕਾਨੂੰਨ ਦਾ ਆਧਾਰ ਮਨੁੱਖੀ ਹੈ। ਉਨ੍ਹਾਂ ਦੀ ਮੁੱਖ ਦਲੀਲ ਹੈ ਕਿ ਇਹ ਸਿਰਫ਼ ਗੁਆਂਢੀ ਦੇਸ਼ਾਂ ਦੇ ਧਾਰਮਿਕ ਵਿਤਕਰਿਆਂ ਦੇ ਲਤਾੜੇ ਲੋਕਾਂ ਨੂੰ ਭਾਰਤ ਵਿੱਚ ਆਸਰਾ ਦੇਣ ਦਾ ਸਵਾਲ ਹੈ। ਇਹ ਸ਼ਬਦਾਵਲੀ ਚੰਗੀ ਲੱਗਦੀ ਹੈ ਤੇ ਕਿਸੇ ਨੂੰ ਇਤਰਾਜ਼ ਨਹੀਂ ਹੋ ਸਕਦਾ, ਪਰ ਸਵਾਲ ਹੈ ਕਿ ਜੇ ਸਚਮੁੱਚ ਇਸ ਦਾ ਆਧਾਰ ਮਨੁੱਖੀ ਹੋਵੇ ਤਾਂ ਆਸਰਾ ਲੈਣ ਵਾਲੇ ਲੋਕਾਂ ਦੇ ਧਰਮਾਂ ਦੀ ਲਿਸਟ ਦੀ ਲੋੜ ਨਹੀਂ ਸੀ, ਇੰਨਾ ਲਿਖ ਦੇਣਾ ਕਾਫ਼ੀ ਸੀ ਕਿ ਲਤਾੜੇ ਇਨਸਾਨਾਂ ਨੂੰ ਸਹਾਰਾ ਦਿੱਤਾ ਜਾਵੇਗਾ। ਫਿਰ ਗੁਆਂਢੀ ਦੇਸ਼ਾਂ ਦੇ ਵੀ ਨਾਮ ਲਿਖਣ ਦੀ ਲੋੜ ਨਹੀਂ ਸੀ, ਏਨਾ ਕਾਫ਼ੀ ਸੀ ਕਿ ਜੋ ਵੀ ਲਿਤਾੜੇ ਹੋਏ ਇਨਸਾਨ ਭਾਰਤ ਪਹੁੰਚੇ, ਉਨ੍ਹਾਂ ਨੂੰ ਆਸਰਾ ਜਾਂ ਨਾਗਰਿਕਤਾ ਦਿੱਤੀ ਜਾਵੇਗੀ।

ਕੁਝ ਦਿਨ ਪਹਿਲਾਂ ਰਾਮ ਲੀਲਾ ਮੈਦਾਨ ਵਿੱਚ ਆਪਣੀ ਇੱਕ ਘੰਟਾ 37 ਮਿੰਟ ਦੀ ਤਕਰੀਰ ਵਿੱਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਸੋਧ ਦਾ ਭਾਰਤੀ ਮੁਸਲਮਾਨਾਂ 'ਤੇ ਕੋਈ ਬੁਰਾ ਅਸਰ ਨਹੀਂ ਪਵੇਗਾ ਕਿਉਂਕਿ ਇਹ ਸਿਰਫ਼ ਬਾਹਰਲੇ ਦੇਸ਼ਾਂ ਤੋਂ ਆਏ ਸ਼ਰਨਾਰਥੀਆਂ ਦੇ ਭਲੇ ਵਾਸਤੇ ਹੈ। ਠੀਕ ਹੈ, ਪਰ ਜਦੋਂ ਉਨ੍ਹਾਂ ਨੂੰ ਦੱਸਿਆ ਜਾਵੇਗਾ ਕਿ ਸਿਰਫ਼ ਗ਼ੈਰ ਮੁਸਲਮ ਸ਼ਰਨਾਰਥੀਆਂ ਦਾ ਭਲਾ ਕਰੇਗਾ ਤਾਂ ਕੀ ਉਨ੍ਹਾਂ ਨੂੰ ਬੁਰਾ ਨਹੀਂ ਲੱਗੇਗਾ। ਜਦੋਂ ਇਹ ਦੱਸਿਆ ਜਾਵੇਗਾ ਕਿ ਬੰਗਲਾ ਦੇਸ਼ ਤੋਂ ਆਏ ਹੋਰ ਸ਼ਰਨਾਰਥੀਆਂ ਨੂੰ ਨਾਗਰਿਕਤਾ ਦਿੱਤੀ ਜਾਵੇਗੀ ਤੇ ਮੁਸਲਮਾਨ ਸ਼ਰਨਾਰਥੀਆਂ ਨੂੰ ਬਾਹਰ ਕੱਢਿਆ ਜਾਵੇਗਾ ਤਾਂ ਕੀ ਆਪਣੇ ਉਸ ਮਜ਼ਹਬ ਦੇ ਲੋਕਾਂ ਨਾਲ ਅਜਿਹੇ ਵਿਤਕਰੇ ਦਾ ਉਨ੍ਹਾਂ ਨੂੰ ਇਤਰਾਜ਼ ਨਹੀਂ ਹੋਵੇਗਾ। ਭਾਜਪਾ ਜਾਣਦੀ ਹੈ ਕਿ ਇਤਰਾਜ਼ ਹੋਵੇਗਾ, ਪਾਰਟੀ ਚਾਹੁੰਦੀ ਹੈ ਕਿ ਇਤਰਾਜ਼ ਹੋਵੇ ਤੇ ਇਹੀ ਇਸ ਦਾ ਅਸਲੀ ਮੰਤਵ ਹੈ।

ਭਾਰਤ ਦਾ ਸਭ ਤੋਂ ਵੱਡਾ ਗੁਆਂਢੀ ਚੀਨ ਹੈ, ਸਾਡੀ ਸਭ ਤੋਂ ਲੰਮੀ ਸਰਹੱਦ ਇਸ ਦੇਸ਼ ਨਾਲ ਹੈ। ਇਥੋਂ ਦੇ ਤਿੱਬਤੀ ਸ਼ਰਨਾਰਥੀ ਬੀਤੇ 60 ਸਾਲਾਂ ਤੋਂ ਭਾਰਤ ਵਿੱਚ ਰਹਿ ਰਹੇ ਹਨ, ਇਨ੍ਹਾਂ ਦੀਆਂ ਤਿੰਨ ਪੀੜ੍ਹੀਆਂ ਦਾ ਜਨਮ ਇਥੇ ਹੋਇਆ ਹੈ। ਇਨ੍ਹਾਂ ਨੂੰ ਰਹਿਣ ਦਾ ਥਾ ਤੇ ਸੰਭਵ ਮਦਦ ਦਿੱਤੀ ਜਾਂਦੀ ਹੈ। ਕਿਸੇ ਨੂੰ ਕੋਈ ਇਤਰਾਜ਼ ਨਹੀਂ, ਕਿਉਂਕਿ ਇਸਦਾ ਆਧਾਰ ਮਨੁੱਖੀ ਹੈ। ਉਨ੍ਹਾਂ ਨੂੰ ਆਸ ਹੈ ਕਿ ਉਹ ਇੱਕ ਦਿਨ ਇੱਜ਼ਤ ਨਾਲ ਆਪਣੇ ਦੇਸ਼ ਵਾਪਸ ਜਾਣਗੇ। ਇਹੀ ਚੰਗੀ ਗੱਲ ਹੈ।

ਅੱਜ ਅਫ਼ਗਾਨਿਸਤਾਨ ਸਾਡਾ ਗੁਆਂਢੀ ਦੇਸ਼ ਨਹੀਂ ਰਹਿ ਗਿਆ। ਉਥੇ ਜਾਣ ਲਈ ਪਾਕਿਸਤਾਨ ਹੋ ਕੇ ਜਾਣਾ ਪੈਂਦਾ ਹੈ। ਉਥੋਂ ਦੇ ਕਾਫ਼ੀ ਲੋਕ, ਹਿੰਦੂ, ਸਿੱਖ ਅਤੇ ਮੁਸਲਮਾਨ ਵੀ ਕਈ ਸਾਲਾਂ ਤੋਂ ਭਾਰਤ ਵਿੱਚ ਰਹਿ ਰਹੇ ਹਨ। ਉਹ ਸਿਰਫ਼ ਧਾਰਮਿਕ ਵਿਤਕਰੇ ਕਰਕੇ ਨਹੀਂ, ਨਿੱਤ ਦੀਆਂ ਲੜਾਈਆਂ ਤੋਂ ਅੱਕੇ ਹੋਏ ਵੀ ਆਏ ਹਨ। ਉਨ੍ਹਾਂ ਨੂੰ ਵੀਜ਼ਾ, ਵਸਨੀਕਤਾ ਦੇ ਕਾਗਜ਼ ਤੇ ਹੋਰ ਸੰਭਵ ਸਹੂਲਤਾਂ ਦਿੱਤੀਆਂ ਗਈਆਂ ਤੇ ਦਿੱਲੀ ਤੇ ਫਰੀਦਾਬਾਦ ਵਿੱਚ ਉਨ੍ਹਾਂ ਦੀਆਂ ਕਾਲੋਨੀਆਂ ਵਸਾਈਆਂ ਗਈਆਂ ਹਨ। ਇਨ੍ਹਾਂ ਵਿੱਚੋਂ ਬਹੁਤਿਆਂ ਦੇ ਅਫ਼ਗਾਨੀ ਪਾਸਪੋਰਟ ਹਨ, ਜੋ ਉਨ੍ਹਾਂ ਦਾ ਦੂਤਘਰ ਬਣਾਉਂਦਾ ਰਹਿੰਦਾ ਹੈ। ਇਹ ਮਿਹਨਤੀ ਤੇ ਚੰਗੇ ਵਪਾਰੀ ਹਨ। ਤਾਲਿਬਾਨ ਨਾਲ ਲੜਦੇ ਰਹੇ ਉਤਰੀ ਦਸਤਿਆਂ ਦੇ ਲੀਡਰ, ਕੁਝ ਸ਼ੀਆ ਲੀਡਰ ਤੇ ਉਨ੍ਹਾਂ ਦੇ ਪਰਵਾਰ ਵੀ ਦਿੱਲੀ ਵਿੱਚ ਰਹਿੰਦੇ ਹਨ। ਭਾਰਤ ਸਰਕਾਰ ਉਨ੍ਹਾਂ ਨੂੰ ਸੁਰੱਖਿਆ ਵੀ ਦੇਂਦੀ ਆਈ ਹੈ। ਕਿਸੇ ਨੂੰ ਇਤਰਾਜ਼ ਨਹੀਂ, ਇਸ ਦਾ ਆਧਾਰ ਮਨੁੱਖੀ ਹੈ।




ਦੂਜੇ ਪਾਸੇ ਮਿਆਂਮਾਰ ਜਾਂ ਬਰਮਾ ਸਾਡਾ ਖੁਸ਼ਕੀ ਦੇ ਰਸਤੇ ਦਾ ਸਿੱਧਾ ਗੁਆਂਢੀ ਹੈ ਜਿਸ ਨਾਲ ਸੈਂਕੜੇ ਕਿਲੋਮੀਟਰ ਸਾਂਝੀ ਸਰਹੱਦ ਹੈ। ਧਾਰਮਿਕ ਵਿਤਕਰੇ ਦੇ ਲਤਾੜੇ ਲੋਕਾਂ ਦੀ ਸਭ ਤੋਂ ਤਾਜ਼ਾ ਤੇ ਭਿਅੰਕਰ ਤਸਵੀਰ ਰੋਹੰਗਿਆ ਮੁਸਲਮਾਨਾਂ ਦੀ ਹੈ, ਜੋ ਲੱਖਾਂ ਦੀ ਗਿਣਤੀ ਵਿੱਚ ਮੌਤ ਤੋਂ ਡਰਦੇ ਭਾਰਤ, ਪਾਕਿਸਤਾਨ ਤੇ ਬੰਗਲਾ ਦੇਸ਼ ਪਹੁੰਚੇ ਹਨ। ਇਨ੍ਹਾਂ ਉਤੇ ਦੋਸ਼ ਇਹ ਲਾਇਆ ਗਿਆ ਕਿ ਇਹ ਬਰਮਾ ਦੇ ਮੂਲ ਵਾਸੀ ਨਹੀਂ, ਬੰਗਲਾ ਦੇਸ਼ ਤੋਂ ਆਏ ਘੁਸਪੈਠੀਏ ਹਨ, ਪਰ ਘੁਸਪੈਠ ਉਸ ਵਕਤ ਦੀ ਦੱਸੀ ਜਾ ਰਹੀ ਹੈ, ਜਦੋਂ ਅਜੇ ਬੰਗਲਾ ਦੇਸ਼ ਬਣਿਆ ਨਹੀਂ ਸੀ, ਪੂਰਬੀ ਪਾਕਿਸਤਾਨ ਵੀ ਨਹੀਂ ਬਣਿਆ ਸੀ। ਓਦੋਂ ਇਹ ਸਿਰਫ਼ ਭਾਰਤ ਸੀ, ਬ੍ਰਿਟਿਸ਼ ਭਾਰਤ। ਇਸ ਤਰ੍ਹਾਂ ਇਨ੍ਹਾਂ ਨੂੰ ਵੀ ਭਾਰਤ ਦੀ 'ਧਰਤੀ ਦੇ ਜਾਏ' ਕਿਹਾ ਜਾ ਸਕਦਾ ਹੈ। ਇਹ ਬੰਗਾਲੀ ਬੋਲਦੇ ਹਨ, ਜੋ ਭਾਰਤ ਦੀ ਇੱਕ ਰਾਸ਼ਟਰੀ ਭਾਸ਼ਾ ਹੈ।

ਰੋਹੰਗਿਆ ਸ਼ਰਨਾਰਥੀਆਂ ਦੀ ਸਭ ਤੋਂ ਵੱਧ ਗਿਣਤੀ ਬੰਗਲਾ ਦੇਸ਼ ਪਹੁੰਚੀ, ਜੋ ਪਹਿਲਾਂ ਹੀ ਆਰਥਿਕ ਤੌਰ ਉਤੇ ਬਹੁਤ ਤੰਗੀ ਵਾਲਾ ਦੇਸ਼ ਹੈ। ਉਲਝਣਾਂ ਵੀ ਸਨ ਤੇ ਜਕੋਤੱਕੀਆਂ ਵੀ। ਫਿਰ ਜਦੋਂ ਢਾਕਾ ਦੇ ਗੁਰਦੁਆਰਾ ਸਾਹਿਬ ਤੋਂ ਇਨ੍ਹਾਂ ਵਾਸਤੇ ਲੰਗਰ ਦਾ ਟਰੱਕ ਸਰਹੱਦ ਉੱਤੇ ਪਹੁੰਚਿਆ ਤਾਂ ਸ਼ੇਖ ਹਸੀਨਾ ਵੀ ਪਹੁੰਚੀ। ਉਸ ਨੇ ਲੰਗਰ ਦੀ ਸ਼ਲਾਘਾ ਕੀਤੀ ਤੇ ਭਾਵਭੀਨੀ ਤਕਰੀਰ ਵਿੱਚ ਕਿਹਾ ਕਿ ਜੇ ਉਸ ਦੀ ਸਰਕਾਰ 15 ਕਰੋੜ ਲੋਕਾਂ ਨੂੰ ਰੋਟੀ ਦੇ ਸਕਦੀ ਹੈ ਤਾਂ ਇੱਕ ਦੋ ਲੱਖ ਹੋਰਨਾਂ ਨੂੰ ਵੀ ਦੇ ਸਕਦੀ ਹੈ। ਮਹਾਨ ਭਾਰਤ ਦੇ ਮਹਾਨ ਪ੍ਰਧਾਨ ਮੰਤਰੀ ਨੂੰ ਵੀ ਏਡਾ ਹੀ ਵੱਡਾ ਜਿਗਰਾ ਜ਼ਾਹਿਰ ਕਰਨਾ ਚਾਹੀਦਾ ਹੈ ਕਿ ਸਵਾ ਸੌ ਕਰੋੜ ਦੇ ਮੁਲਕ ਵਾਸਤੇ ਅੱਠ, ਦਸ ਲੱਖ ਲੋਕਾਂ ਨੂੰ ਰੋਟੀ ਦੇਣਾ ਕੋਈ ਮੁਸ਼ਕਲ ਨਹੀਂ ਹੋਵੇਗਾ ਜਦੋਂ ਕਿ ਸਭ ਵਰਗਾਂ ਤੇ ਸਭ ਪਾਸਿਆਂ ਤੋਂ ਆਏ ਸ਼ਰਨਾਰਥੀਆਂ ਦੀ ਕੁੱਲ ਗਿਣਤੀ ਇਸ ਤੋਂ ਕਿਤੇ ਘੱਟ ਹੈ।

ਮਨੁੱਖੀ ਆਧਾਰ ਦੀ ਗੱਲ ਤੋਂ ਬਹੁਤ ਪਹਿਲਾਂ, ਸੋਧ ਦਾ ਬਿੱਲ ਪੇਸ਼ ਕਰਨ ਵੇਲੇ ਕਿਹਾ ਗਿਆ ਸੀ ਕਿ ਇਹ ਭਾਰਤ ਦੀ ਸਦੀਆਂ ਪੁਰਾਣੀ ਪ੍ਰੰਪਰਾ ਰਹੀ ਹੈ ਕਿ ਸ਼ਰਨ ਆਇਆਂ ਨੂੰ ਗਲ ਨਾਲ ਲਾਇਆ ਜਾਵੇ। ਜ਼ਰੂਰ ਹੋਵੇਗੀ। ਜੇ ਇਹ ਸਦੀਆਂ ਪੁਰਾਣੀ ਹੈ ਤਾਂ ਇਹ ਜ਼ਰੂਰ ਵਰਤਮਾਨ ਪਾਕਿਸਤਾਨ ਤੇ ਬੰਗਲਾ ਦੇਸ਼ ਸਮੇਤ ਸਭ ਦੀ ਸਾਂਝੀ ਹੋਵੇਗੀ ਤੇ ਨਿਸ਼ਚੇ ਹੀ ਇਹ ਪ੍ਰੰਪਰਾ ਬਿਨਾਂ ਕਿਸੇ ਜਾਤ, ਪਾਤ, ਧਰਮ, ਰੰਗ, ਨਸਲ ਦੇ ਭੇਦ ਦੀ ਹੋਵੇਗੀ ਤੇ ਉਸ ਵਿੱਚ ਇਹ ਭੇਦ ਭਾਵ ਨਹੀਂ ਹੋਵੇਗਾ ਕਿ ਸ਼ਰਨ ਆਉਣ ਵਾਲਾ ਕਿਸ ਦਿਸ਼ਾ ਤੋਂ ਆਇਆ ਹੈ। ਸਾਡੀ ਉਸ ਪ੍ਰੰਪਰਾ ਵਿੱਚ ਉਹ ਸ਼ਰਨਾਰਥੀ ਨਹੀਂ ਸਾਡਾ ਮਹਿਮਾਨ ਹੁੰਦਾ ਹੋਵੇਗਾ ਤੇ ਉਸ ਦੀ ਸਮਰੱਥਾ ਮੁਤਾਬਕ ਹਰ ਸੰਭਵ ਸੇਵਾ ਕਰਨੀ ਹੁੰਦੀ ਹੋਵੇਗੀ। ਹਾਂ, ਗਲੇ ਲਾਉਣ ਦਾ ਮਤਲਬ ਨਾਗਰਿਕਤਾ ਦੇਣਾ ਨਹੀਂ ਹੋ ਸਕਦਾ। ਇਸ ਨਾਲ ਤੁਸੀਂ ਆਪਣੇ ਮਹਿਮਾਨ ਦਾ ਉਸ ਦੇ ਘਰ ਨਾਲੋਂ ਪੱਤਾ ਕੱਟ ਦਿੰਦੇ ਹੋ, ਬੇਦਾਵਾ ਲਿਖਵਾ ਲੈਂਦੇ ਹੋ। ਇਹ ਚੰਗੇ ਮੇਜ਼ਬਾਨ ਦਾ ਫਰਜ਼ ਨਹੀਂ। ਸਾਨੂੰ ਪੱਕੀ ਉਮੀਦ ਤੇ ਸਬਰ ਨਾਲ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਹ ਇੱਕ ਦਿਨ ਖੁਸ਼ੀ-ਖੁਸ਼ੀ ਆਪਣੇ ਘਰ ਪਰਵਾਰ ਵਿੱਚ ਵਾਪਸ ਜਾਵੇ। ਭਾਜਪਾ ਦੇ ਕਾਰਜਕਾਰੀ ਪ੍ਰਧਾਨ ਜੇ ਪੀ ਨੱਢਾ ਨੇ ਅਫ਼ਗਾਨਿਸਤਾਨ ਦੇ ਇੱਕ ਸਿੱਖ ਸ਼ਰਨਾਰਥੀ ਨੂੰ ਟੀ ਵੀ ਅੱਗੇ ਪੇਸ਼ ਕੀਤਾ ਅਤੇ ਦੱਸਿਆ ਕਿ ਉਥੇ ਉਨ੍ਹਾਂ ਨੂੰ ਕਿਹਾ ਜਾਂਦਾ ਹੈ; 'ਹਿੰਦੋਸਤਾਨ ਚਲੇ ਜਾਓ।' ਜ਼ਰੂਰ ਕਿਹਾ ਜਾਂਦਾ ਹੋਵੇਗਾ ਕਿਉਂਕਿ ਅਸੀਂ ਏਥੇ ਰੋਜ਼ 'ਪਾਕਿ-ਸਤਾਨ ਚਲੇ ਜਾਓ' ਸੁਣਦੇ ਰਹਿੰਦੇ ਹਾਂ, ਉਸ ਵੀਰ ਅੱਗੇ ਸਵਾਲ ਹੈ ਕਿ ਉਸ ਆਪ ਇਥੇ ਵੱਸ ਜਾਏਗਾ, ਉਥੇ ਐਸ ਵੇਲੇ ਰਹਿ ਰਹੇ ਹਜ਼ਾਰਾਂ ਸਿੱਖਾਂ ਦਾ ਕੀ ਬਣੇਗਾ? ਉਨ੍ਹਾਂ ਨੂੰ ਇਹ ਕਾਨੂੰਨ ਕਿਵੇਂ ਰਾਹਤ ਦੇਵੇਗਾ? ਸਪੱਸ਼ਟ ਗੱਲ ਹੈ ਕਿ ਕਾਨੂੰਨ ਵਿੱਚ ਜਿਨ੍ਹਾਂ ਦੇਸ਼ਾਂ ਦੀ ਲਿਸਟ ਬਣਾਈ ਗਈ ਤੇ ਜਿਹੜੇ ਵਰਗਾਂ ਦੀ ਲਿਸਟ ਬਣਾਈ ਹੈ, ਜੇ ਉਨ੍ਹਾਂ ਨੂੰ ਇਥੇ ਗਲ ਲਾਉਣ ਦੀ ਬਜਾਏ ਨਾਗਰਿਕਤਾ ਦਿੱਤੀ ਜਾਂਦੀ ਹੈ ਤਾਂ ਉਥੇ ਰਹਿੰਦੇ ਇਨ੍ਹਾਂ ਵਰਗਾਂ ਦੇ ਲੋਕਾਂ ਦੀ ਹਾਲਤ ਹੋਰ ਖ਼ਰਾਬ ਹੋ ਜਾਵੇਗੀ। ਸਾਡੇ ਗਊ ਰੱਖਿਅਕਾਂ ਦੀ ਤਰ੍ਹਾਂ ਜਿਹੜੇ ਹਜੂਮ ਉਨ੍ਹਾਂ ਨੂੰ ਉਥੇ 'ਹਿੰਦੋਸਤਾਨ ਚਲੇ ਜਾਓ' ਕਹਿੰਦੇ ਹਨ, ਉਹ ਇਹ ਵੀ ਕਹਿਣਗੇ, 'ਜਾਓ, ਉਥੇ ਤੁਹਾਨੂੰ ਨਾਗਰਿਕਤਾ ਵੀ ਮਿਲ ਰਹੀ ਹੈ, ਜਾ ਕੇ ਲੈ ਲਵੋ।' ਇਨ-ਹਾਂ ਗੱਲਾਂ ਦੇ ਨਤੀਜੇ ਦਿਲ ਕੰਬਾਊ ਹੋ ਸਕਦੇ ਹਨ।

ਬੰਗਲਾ ਦੇਸ਼ ਦੇ ਵਿਦੇਸ਼ ਮੰਤਰੀ ਨੇ ਭਾਰਤ ਨੂੰ ਕਿਹਾ ਹੈ ਕਿ ਉਸ ਦੇਸ਼ ਦੇ ਜਿਹੜੇ ਬੰਦੇ ਭਾਰਤ ਵਿੱਚ ਗੈਰ ਕਾਨੂੰਨੀ ਤੌਰ 'ਤੇ ਰਹਿ ਰਹੇ ਹਨ, ਉਨ੍ਹਾਂ ਦੀ ਲਿਸਟ ਦਿੱਤੀ ਜਾਵੇ। ਬਹੁਤ ਚੰਗਾ ਕਦਮ ਹੈ। ਇਸ ਨਾਲ ਬੰਗਲਾ ਦੇਸ਼ ਦੇ ਸਬੰਧ ਵਿੱਚ ਤਾਂ ਇਸ ਕਾਨੂੰਨ ਦੀ ਪਾਲਣਾ ਰੁਕ ਹੀ ਜਾਂਦੀ ਹੈ। ਜਦੋਂ ਤੱਕ ਭਾਰਤ ਇਹ ਲਿਸਟ ਨਹੀਂ ਦਿੰਦਾ ਤੇ ਉਸ ਬਾਰੇ ਦੋਹਾਂ ਦੇਸ਼ਾਂ ਵਿਚਕਾਰ ਨਿਬੇੜਾ ਨਹੀਂ ਹੋ ਜਾਂਦਾ, ਭਾਰਤ ਵੱਲੋਂ ਕਿਸੇ ਕਾਰਵਾਈ ਦਾ ਕੋਈ ਤੁਕ ਨਹੀਂ ਰਹਿ ਜਾਂਦਾ। ਇਸ ਨਾਲ ਇੱਕ ਰਸਤਾ ਵੀ ਮਿਲਿਆ ਕਿ ਬੰਗਲਾ ਦੇਸ਼ ਨੇ ਲਿਸਟ ਮੰਗ ਲਈ ਤੇ ਭਾਰਤ ਅਜਿਹੀ ਲਿਸਟ ਪਾਕਿਸਤਾਨ ਤੇ ਅਫ਼ਗਾਨਿਸਤਾਨ ਨੂੰ ਬਿਨਾਂ ਮੰਗੇ ਦੇਵੇ ਤੇ ਉਨ੍ਹਾਂ ਤੋਂ ਪੁੱਛੇ ਕਿ ਇਨ੍ਹਾਂ ਲੋਕਾਂ ਦਾ ਕੀ ਕੀਤਾ ਜਾਵੇ? ਭਾਰਤ ਨੂੰ ਪੂਰਾ ਹੱਕ ਹੈ ਕਿ ਇਨ੍ਹਾਂ ਲੋਕਾਂ ਦੇ ਉਨ੍ਹਾਂ ਹੀ ਮੁਲਕਾਂ ਵਿੱਚ ਇੱਜ਼ਤ ਤੇ ਸੁਰੱਖਿਆ ਨਾਲ ਵਸੇਬੇ ਦੀਆਂ ਸੰਭਾਵਨਾਵਾਂ ਬਾਰੇ ਗੱਲ ਕਰੇ।

ਗੁਆਂਢੀ ਦੇਸ਼ਾਂ ਦੇ ਜਿਹੜੇ ਪੀੜਤ ਵਰਗਾਂ ਦੀ ਗੱਲ ਕੀਤੀ ਹੈ, ਉਨ੍ਹਾਂ ਇੱਕ ਅਹਿਮ ਵਰਗ ਛੁੱਟ ਗਿਆ ਹੈ ਜੋ ਸਭ ਤੋਂ ਵੱਧ ਪੀੜਤ ਹੈ, ਜਿਹੜਾ ਸਭ ਤੋਂ ਵੱਡੇ ਹਮਲਿਆਂ ਦਾ ਸ਼ਿਕਾਰ ਰਹਿੰਦਾ ਹੈ, ਉਹ ਹੈ ਉਥੋਂ ਦਾ ਧਰਮ ਨਿਰਪੱਖ ਸੰਘਰਸ਼ ਕਰਨ ਵਾਲਾ ਵਰਗ ਜਿਵੇਂ ਪਾਕਿਸਤਾਨ ਵਿੱਚ ਸਰਹੱਦੀ ਗਾਂਧੀ, ਖ਼ਾਨ ਅਬਦੁਲ ਗੁਫ਼ਾਰ ਦਾ ਕੁਨਬਾ। ਭਾਜਪਾ ਲੀਡਰ ਬਾਰ-ਬਾਰ ਜ਼ਿਕਰ ਕਰ ਰਹੇ ਹਨ ਕਿ ਲਿਸਟ ਵਾਲ ਗੁਆਂਢੀ ਮੁਲਕ ਸੰਵਿਧਾਨਕ ਤੌਰ 'ਤੇ ਇਸਲਾਮਿਕ ਦੇਸ਼ ਹਨ। ਇਹ ਨਹੀਂ ਪਤਾ ਕਿ ਸਾਡੀ ਵਰਤਮਾਨ ਸਰਕਾਰ ਕੀ ਚਾਹੁੰਦੀ ਹੈ, ਇਨ੍ਹਾਂ ਦੇਸ਼ਾਂ ਨੂੰ ਵੀ ਭਾਰਤ ਦੀ ਤਰ੍ਹਾਂ ਧਰਮ ਨਿਰਪੱਖ ਬਣਦੇ ਵੇਖਣਾ ਕਿ ਭਾਰਤ ਨੂੰ ਵੀ ਇਨ੍ਹਾਂ ਮੁਲਕਾਂ ਦੀ ਤਰ੍ਹਾਂ ਇੱਕ ਧਰਮ ਦਾ ਰਾਸ਼ਟਰ ਬਣਾਉਣਾ ਹੈ।

ਗਜਿੰਦਰ ਸਿੰਘ ਸ਼ੇਖਾਵਤ ਨੇ ਆਪਣੇ ਲੇਖ ਦੀ ਸ਼ੁਰੂਆਤ ਸਆਦਤ ਹਸਨ ਮੰਟੋ ਦੀ ਕਹਾਣੀ 'ਟੋਬਾ ਟੇਕ ਸਿੰਘ' ਦੇ ਜ਼ਿਕਰ ਨਾਲ ਕੀਤੀ ਤੇ ਦੱਸਿਆ ਕਿ ਇਸ ਕਹਾਣੀ ਵਿੱਚ ਤਕਸੀਮ ਦੇ ਦਰਦ ਦਾ ਅਹਿਸਾਸ ਹੈ ਤੇ ਇਹ ਕਾਨੂੰਨ ਤਕਸੀਮ ਦੇ ਦਰਦਾਂ ਨੂੰ ਘੱਟ ਕਰਨ ਦਾ ਯਤਨ ਹੈ। ਉਹ ਸਿਰੇ ਤੋਂ ਗ਼ਲਤ ਹਨ। ਇਹ ਘੱਟ ਕਰਨ ਦਾ ਯਤਨ ਨਹੀਂ, ਦਰਦ ਨੂੰ ਤੇਜ਼ ਤੇ ਤਾਜ਼ਾ ਕਰਨ ਦਾ ਯਤਨ ਹੈ, ਤਕਸੀਮ ਨੂੰ ਅੱਗੇ ਜਾਰੀ ਰੱਖਣ ਦਾ ਯਤਨ ਹੈ। ਨਾਗਰਿਕਤਾ ਸੋਧ ਕਾਨੂੰਨ ਤਕਸੀਮ ਦੇ ਜ਼ਖਮਾਂ 'ਤੇ ਮਰਹਮ ਨਹੀਂ ਲਾ ਸਕਦਾ, ਇਹ ਉਨ੍ਹਾਂ ਉਪਰ ਲੂਣ ਛਿੜਕਣ ਦਾ ਕੰਮ ਕਰੇਗਾ।




# ਢੀਂਡਸਾ ਦੀ ਟਿੱਪਣੀ ਪਿੱਛੋਂ ਅਕਾਲੀ ਵਿਧਾਇਕ ਦਲ ਨੇ ਢਿੱਲੋਂ ਦੀ ਚੋਣ ਉੱਤੇ ਮੋਹਰ ਲਾਈ

ਚੰਡੀਗੜ੍ਹ, 8 ਜਨਵਰੀ (ਪੋਸਟ ਬਿਊਰੋ)- ਅਕਾਲੀ ਦਲ 'ਚ ਕੁਝ ਬਗਾਵਤੀ ਸੁਰਾਂ ਦੀ ਅਗਵਾਈ ਕਰਦੇ ਸੁਖਦੇਵ ਸਿੰਘ ਢੀਂਡਸਾ ਦੀ ਤਲਖ ਟਿੱਪਣੀ ਪਿੱਛੋਂ ਅਕਾਲੀ ਦਲ ਨੇ ਕੱਲ੍ਹ ਬੈਠਕ ਕਰ ਕੇ ਸ਼ਰਨਜੀਤ ਸਿੰਘ ਢਿੱਲੋਂ ਨੂੰ ਨੇਤਾ ਚੁਣੇ ਜਾਣ ਦੇ ਫੈਸਲੇ 'ਤੇ ਮੋਹਰ ਲਾ ਦਿੱਤੀ ਹੈ। ਢੀਂਡਸਾ ਨੇ ਅਕਾਲੀ ਦਲ ਵਿੱਚ ਤਾਨਾਸ਼ਾਹੀ ਹੋਣ ਦੀ ਗੱਲ ਕਹਿੰਦਿਆਂ ਟਿੱਪਣੀ ਕੀਤੀ ਸੀ ਕਿ ਇਸ ਤੋਂ ਵੱਡੀ ਮਿਸਾਲ ਕੀ ਹੋਵੇਗੀ ਕਿ ਵਿਧਾਇਕ ਦਲ ਦਾ ਨੇਤਾ ਵੀ ਕੋਰ ਕਮੇਟੀ ਨੇ ਚੁਣ ਲਿਆ ਹੈ, ਜਦ ਕਿ ਇਹ ਫੈਸਲਾ ਵਿਧਾਇਕਾਂ ਨੇ ਕਰਨਾ ਹੁੰਦਾ ਹੈ। ਦੂਸਰੇ ਪਾਸੇ ਵਿਧਾਇਕ ਦਲ ਦੇ ਨੇਤਾ ਚੁਣੇ ਜਾਣ ਤੋਂ ਬਾਅਦ ਅਸਿੱਧੇ ਤੌਰ ਉੱਤੇ ਸੁਖਦੇਵ ਸਿੰਘ ਢੀਂਡਸਾ 'ਤੇ ਨਿਸ਼ਾਨਾ ਸਾਧਦਿਆਂ ਸ਼ਰਨਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਅਕਾਲੀ ਵਿਧਾਇਕ ਦਲ ਦੇ ਕਿਸੇ ਵੀ ਮੈਂਬਰ ਨੂੰ ਕਾਂਗਰਸ ਦੇ ਹੱਥਾਂ 'ਚ ਨਹੀਂ ਖੇਡਣਾ ਚਾਹੀਦਾ।

ਇਸ ਸੰਬੰਧ ਵਿੱਚ ਅਕਾਲੀ ਦਲ ਵੱਲੋਂ ਦਿੱਤੀ ਗਈ ਸੂਚਨਾ ਮੁਤਾਬਕ ਚੰਡੀਗੜ੍ਹ ਦੇ ਵਿਧਾਇਕ ਦਲ ਦੀ ਮੀਟਿੰਗ ਵਿੱਚ ਮੈਂਬਰਾਂ ਨੂੰ ਸ਼ਰਨਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਬਹੁਤ ਅਫਸੋਸ ਦੀ ਗੱਲ ਹੈ ਕਿ ਪਾਰਟੀ ਨੇ ਪਰਮਿੰਦਰ ਸਿੰਘ ਢੀਂਡਸਾ ਨੂੰ ਇੰਨਾ ਮਾਣ ਸਨਮਾਨ ਦਿੱਤਾ ਤੇ ਉਹ ਵਿਰੋਧੀ ਪਾਰਟੀ ਦੇ ਆਗੂ ਵਜੋਂ ਫਰਜ਼ ਨਿਭਾਉਣ ਤੋਂ ਨਾਕਾਮ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਇਸ ਰਾਜ ਅੰਦਰ ਸਾਰੇ ਮੋਰਚਿਆਂ 'ਤੇ ਬੁਰੀ ਤਰ੍ਹਾਂ ਨਾਕਾਮ ਹੋਈ ਅਤੇ ਮਹਿਸੂਸ ਕਰਦੀ ਹੈ ਕਿ ਸਿਰਫ ਅਕਾਲੀਆਂ ਵਿੱਚ ਵੰਡੀਆਂ ਪਾ ਕੇ ਇਸ ਦੀ ਕਿਸਮਤ ਚਮਕ ਸਕਦੀ ਹੈ। ਵਿਧਾਇਕ ਦਲ ਨੇ ਢਿੱਲੋਂ ਦੀ ਵਿਧਾਇਕ ਦਲ ਦੇ ਨਵੇਂ ਆਗੂ ਵਜੋਂ ਕੀਤੀ ਨਿਯੁਕਤੀ ਦਾ ਸਵਾਗਤ ਕਰਦਿਆਂ ਇਸ ਗੱਲ 'ਤੇ ਅਫਸੋਸ ਪ੍ਰਗਟ ਕੀਤਾ ਕਿ ਪਰਮਿੰਦਰ ਸਿੰਘ ਢੀਂਡਸਾ ਨੇ ਵਿਧਾਇਕ ਦਲ ਦੇ ਆਗੂ ਵਜੋਂ ਅਸਤੀਫਾ ਦੇਣ ਸਮੇਂ ਆਪਣੇ ਸਾਥੀਆਂ ਨਾਲ ਸਲਾਹ ਮਸ਼ਵਰਾ ਨਹੀਂ ਕੀਤਾ ਅਤੇ ਪਾਰਟੀ ਨਾਲੋਂ ਪਰਵਾਰ ਨੂੰ ਪਹਿਲ ਦਿੱਤੀ ਹੈ।

ਇਸੇ ਦੌਰਾਨ ਆਪਣੇ ਸਾਥੀਆਂ ਤੇ ਅਕਾਲੀ ਦਲ ਪ੍ਰਧਾਨ ਦਾ ਧੰਨਵਾਦ ਕਰਦਿਆਂ ਨਵੇਂ ਚੁਣੇ ਨੇਤਾ ਸ਼ਰਨਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਉਹ ਕਾਂਗਰਸ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਪੂਰੇ ਜੋਸ਼ ਨਾਲ ਕੰਮ ਕਰਨਗੇ।

# ਲੌਂਗੋਵਾਲ ਅਤੇ ਰਾਜੋਆਣਾ ਦੀ ਮੁਲਾਕਾਤ ਵਿਵਾਦ ਦਾ ਵਿਸ਼ਾ ਬਣੀ

## * ਐੱਮ ਪੀ ਬਿੱਟੂ ਦੀ ਚਿੱਠੀ ਉੱਤੇ ਜਾਂਚ ਦੇ ਹੁਕਮ ਜਾਰੀ



ਪਟਿਆਲਾ, 8 ਜਨਵਰੀ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਸ਼੍ਰੋਮਣੀ ਕਮੇਟੀ ਮੈਂਬਰਾਂ ਸਮੇਤ ਜੇਲ੍ਹ ਸੁਪਰਡੈਂਟ ਦੇ ਕਮਰੇ ਵਿੱਚ ਫਾਂਸੀ ਦੀ ਸਜ਼ਾ ਵਾਲੇ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕਰਨ ਤੋਂ ਵਿਵਾਦ ਛਿੜ ਗਿਆ ਹੈ। ਮੀਡੀਆ ਵਿੱਚ ਖਬਰਾਂ ਆਉਣ ਪਿੱਛੋਂ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਨੇ ਇਸ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਇੱਕ ਪੱਤਰ ਲਿਖਿਆ ਤਾਂ ਜੇਲ੍ਹ ਮੰਤਰੀ ਰੰਧਾਵਾ ਨੇ ਇਸ ਦੀ ਜਾਂਚ ਦੇ ਹੁਕਮ ਜਾਰੀ ਕਰ ਦਿੱਤੇ ਅਤੇ ਕਿਹਾ ਕਿ ਜੇ ਜੇਲ੍ਹ ਮੈਨੂਅਲ ਦੇ ਉਲਟ ਕੁਝ ਹੋਇਆ ਪਾਇਆ ਗਿਆ ਤਾਂ ਬਣਦੀ ਕਾਰਵਾਈ ਕੀਤੀ ਜਾਵੇਗੀ। ਦੂਜੇ ਪਾਸੇ ਕੱਲ੍ਹ ਆਈ ਜੀ (ਜੇਲ੍ਹਾਂ) ਓ ਪੀ ਮਿਸ਼ਰਾ ਕੱਲ੍ਹ ਪਟਿਆਲਾ ਜੇਲ੍ਹ ਪਹੁੰਚੇ, ਪਰ ਜੇਲ੍ਹ ਪ੍ਰਸ਼ਾਸਨ ਨੇ ਉਸ ਨੂੰ ਰੁਟੀਨ ਚੈਕਿੰਗ ਦੱਸਿਆ ਹੈ। ਸ਼ਾਮ ਨੂੰ ਜਾਂਚ ਦੇ ਹੁਕਮ ਜਾਰੀ ਹੋਣਾ ਇਸ ਦਾ ਇਸ਼ਾਰਾ ਹੈ ਕਿ ਸ਼ਾਇਦ ਆਈ ਜੀ ਇਸ ਜੇਲ੍ਹ ਵਿੱਚ ਜਾਂਚ ਲਈ ਪਹੁੰਚੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਸਾਬਕਾ ਪ੍ਰਧਾਨ ਪ੍ਰੋਫੈਸਰ ਕ੍ਰਿਪਾਲ ਸਿੰਘ ਬਡੂੰਗਰ ਅਤੇ ਪੰਜ ਮੈਂਬਰਾਂ ਦਾ ਵਫਦ ਇੱਕ ਦਿਨ ਪਹਿਲਾਂ ਬਲਵੰਤ ਸਿੰਘ ਰਾਜੋਆਣਾ ਨੂੰ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਮਿਲਿਆ ਸੀ। ਇਸ ਤੋਂ ਬਾਅਦ ਬਲਵੰਤ ਸਿੰਘ ਰਾਜੋਆਣਾ ਨੇ 11 ਜਨਵਰੀ ਤੋਂ ਜੇਲ੍ਹ ਵਿੱਚ ਭੁੱਖ ਹੜਤਾਲ ਰੱਖਣ ਦਾ ਫੈਸਲਾ ਮੁਲਤਵੀ ਕਰ ਦਿੱਤਾ। ਮੁਲਾਕਾਤ ਦੌਰਾਨ ਅੰਦਰ ਦੀਆਂ ਤਸਵੀਰਾਂ ਮੀਡੀਆ ਨੂੰ ਦਿੱਤੀਆਂ ਗਈਆਂ ਸਨ, ਜਿਸ 'ਤੇ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਨੇ ਇਤਰਾਜ਼ ਕੀਤਾ ਸੀ।

# ਕਾਂਗਰਸ ਐੱਮ ਪੀ ਸੰਤੋਖ ਚੌਧਰੀ ਦੇ ਪੁੱਤਰ ਵਿਕਰਮ ਚੌਧਰੀ ਉਤੇ ਫਿਰ ਗੰਭੀਰ ਦੋਸ਼ ਲੱਗੇ



ਜਲੰਧਰ, 8 ਜਨਵਰੀ (ਪੋਸਟ ਬਿਊਰੋ)- ਪਾਰਲੀਮੈਂਟ ਮੈਂਬਰ ਸੰਤੋਖ ਚੌਧਰੀ ਦੇ ਪੁੱਤਰ ਅਤੇ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਵਿਕਰਮ ਚੌਧਰੀ ਕੱਲ੍ਹ ਓਦੋਂ ਫਿਰ ਵਿਵਾਦਾਂ ਵਿੱਚ ਘਿਰ ਗਏ, ਜਦੋਂ ਬਸਤੀ ਨੌਂ ਵਿੱਚ ਰਤਨ ਜਿਮ ਇਕਵਿਪਮੈਂਟ ਨਾਂਅ ਦੀ ਫੈਕਟਰੀ ਚਲਾਉਣ ਵਾਲੇ ਰਿਸ਼ੂ ਉਰਫ ਗੁਰਸ਼ਰਨਜੀਤ, ਨਿਧੀ ਅਤੇ ਸਪਨਾ ਨੇ ਵਿਕਰਮਜੀਤ ਚੌਧਰੀ 'ਤੇ ਗੰਭੀਰ ਦੋਸ਼ ਲਾਏ ਕਿ ਉਸ ਦੀ ਸ਼ਹਿ 'ਤੇ ਵਿਕਰਮਜੀਤ ਦਾ ਮਾਸੜ ਸਹੁਰਾ ਵਿਜੇ ਕੁਮਾਰ ਉਨ੍ਹਾਂ ਦੀ ਫੈਕਟਰੀ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ।

ਪੀੜਤ ਰਿਸ਼ੂ ਨੇ ਦੱਸਿਆ ਕਿ ਮੇਰੇ ਵੱਡੇ ਭਰਾ ਨੇ ਉਕਤ ਜ਼ਮੀਨ ਦਿੱਲੀ ਦੇ ਸੁਰਿੰਦਰ ਕੁਮਾਰ ਤੋਂ ਕਿਰਾਏ 'ਤੇ ਲਈ ਸੀ। ਪਿਛਲੇ ਪੰਜ-ਛੇ ਸਾਲਾਂ ਤੋਂ ਜ਼ਮੀਨ ਮਾਲਕ ਜਾਂ ਉਸ ਵੱਲੋਂ ਕੋਈ ਕਿਰਾਇਆ ਵਸੂਲਣ ਨਹੀਂ ਆਇਆ। ਵਿਜੇ ਕੁਮਾਰ ਪਿਛਲੇ ਕਾਫੀ ਸਮੇਂ ਤੋਂ ਉਨ੍ਹਾਂ ਦੀ ਫੈਕਟਰੀ 'ਤੇ ਅੱਖ ਰੱਖਦਾ ਸੀ। ਪੰਜ ਜਨਵਰੀ ਨੂੰ ਉਹ ਆਪਣੇ 10-12 ਸਾਥੀਆਂ ਸਮੇਤ ਫੈਕਟਰੀ ਵਿੱਚ ਆਇਆ ਅਤੇ ਉਸ ਨੂੰ ਬਾਹਰ ਕੱਢ ਕੇ ਮੇਰੇ ਨਾਲ ਕੁੱਟ-ਮਾਰ ਕੀਤੀ। ਵਿਜੇ ਤੇ ਉਸ ਦੇ ਸਾਥੀਆਂ ਨੇ ਉਸ ਦੀ ਪਤਨੀ ਦੇ ਗਲੇ ਵਿੱਚੋਂ ਚੇਨ ਖੋਹ ਲਈ। ਰਿਸ਼ੂ ਨੇ ਦੱਸਿਆ ਕਿ ਉਨ੍ਹਾਂ ਨੇ ਸਾਰੇ ਮਾਮਲੇ ਦੀ ਸ਼ਿਕਾਇਤ ਬਸਤੀ ਬਾਵਾ ਖੇਲ ਥਾਣੇ ਨੂੰ ਕੀਤੀ ਤਾਂ ਡਿਊਟੀ ਅਫਸਰ ਏ ਐੱਸ ਆਈ ਰਘਬੀਰ ਨੇ ਉਨ੍ਹਾਂ ਦੀ ਸ਼ਿਕਾਇਤ ਦਰਜ ਕਰ ਲਈ, ਪਰ ਅੱਜ ਤੱਕ ਦੋਸ਼ੀਆਂ ਦੇ ਵਿਰੁੱਧ ਕਾਰਵਾਈ ਨਹੀਂ ਕੀਤੀ।

# ਖਾਲਿਸਤਾਨ ਪੱਖੀ ਨੇ ਅਦਾਲਤੀ ਕੰਪਲੈਕਸ ਵਿੱਚ ਸ਼ਿਵ ਸੈਨਾ ਆਗੂ ਦੇ ਖ਼ਿਲਾਫ਼ ਨਾਅਰੇ ਲਾਏ

ਅੰਮ੍ਰਿਤਸਰ, 8 ਜਨਵਰੀ (ਪੋਸਟ ਬਿਊਰੋ)- ਕੋਰਟ ਕੰਪਲੈਕਸ ਵਿੱਚ ਕੱਲ੍ਹ ਪੇਸ਼ੀ ਭੁਗਤਣ ਆਏ ਇੱਕ ਖਾਲਿਸਤਾਨ ਪੱਖੀ ਲਹਿਰ ਨਾਲ ਸਬੰਧਤ ਵਿਅਕਤੀ ਨੇ ਹਿੰਦੂ ਜਥੇਬੰਦੀ ਨਾਲ ਸਬੰਧਤ ਆਗੂ ਨੂੰ ਕੰਪਲੈਕਸ ਵਿੱਚ ਦੇਖਣ ਮਗਰੋਂ ਉਸ ਵਿਰੁੱਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ, ਜਿਸ ਕਾਰਨ ਪੁਲਸ ਨੂੰ ਖਾਲਿਸਤਾਨ ਪੱਖੀ ਆਗੂ ਨੂੰ ਇਥੇ ਬਖਸ਼ੀਖਾਨੇ ਵਿੱਚ ਬੰਦ ਕਰਨਾ ਪਿਆ ਅਤੇ ਅਮਨ-ਕਾਨੂੰਨ ਕਾਇਮ ਰੱਖਣ ਦੀ ਚਿੰਤਾ ਕਰਨੀ ਪਈ।

ਮਿਲੇ ਵੇਰਵਿਆਂ ਮੁਤਾਬਕ ਇਸ ਖਾਲਿਸਤਾਨ ਪੱਖੀ ਆਗੂ ਦੀ ਪਛਾਣ ਕੁਲਦੀਪ ਸਿੰਘ ਖਡੂਰ ਸਾਹਿਬ ਵਜੋਂ ਹੋਈ ਹੈ, ਜੋ ਰੈਫਰੈਂਡਮ 2020 ਦੇ ਕੇਸ ਵਿੱਚ ਗ੍ਰਿਫਤਾਰ ਹੈ। ਹਿੰਦੂ ਸ਼ਿਵ ਸੈਨਾ ਦਾ ਆਗੂ ਸੁਧੀਰ ਸੂਰੀ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਕੱਲ੍ਹ ਕਚਹਿਰੀ ਵਿੱਚ ਪੇਸ਼ੀ ਲਈ ਪੁੱਜਾ ਸੀ। ਜਦੋਂ ਇਹ ਘਟਨਾ ਵਾਪਰੀ, ਉਸ ਵੇਲੇ ਇਹ ਦੋਵੇਂ ਕੋਰਟ ਕੰਪਲੈਕਸ ਵਿੱਚ ਸਨ। ਖਾਲਿਸਤਾਨ ਪੱਖੀ ਆਗੂ ਤੀਜੀ ਮੰਜ਼ਿਲ 'ਤੇ ਅਦਾਲਤ ਵਿੱਚ ਪੇਸ਼ੀ ਲਈ ਪੁੱਜਾ ਹੋਇਆ ਸੀ, ਜਦੋਂ ਕਿ ਹਿੰਦੂ ਆਗੂ-ਦੂਜੀ ਮੰਜ਼ਿਲ 'ਤੇ ਸੀ। ਪੁਲਸ ਅਧਿਕਾਰੀਆਂ ਮੁਤਾਬਕ ਜਦੋਂ ਕੁਲਦੀਪ ਸਿੰਘ ਨੇ ਸੁਧੀਰ ਸੂਰੀ ਦੇਖਿਆ ਤਾਂ ਉਸ ਦੇ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਪੁਲਸ ਖਾਲਿਸਤਾਨ ਪੱਖੀ ਆਗੂ ਨੂੰ ਬਖਸ਼ੀਖਾਨੇ ਲੈ ਗਈ ਅਤੇ ਬੰਦ ਕਰ ਦਿੱਤਾ। ਦੂਜੇ ਪਾਸੇ ਸੁਧੀਰ ਸੂਰੀ ਨੇ ਪੁਲਸ ਕਮਿਸ਼ਨਰ ਨੂੰ ਇੱਕ ਸ਼ਿਕਾਇਤ ਦੇ ਕੇ ਦੋਸ਼ ਲਾਇਆ ਕਿ ਕੋਰਟ ਕੰਪਲੈਕਸ ਵਿੱਚ ਉਸ ਨੂੰ ਮਾਰਨ ਦੀ ਸਾਜ਼ਿਸ਼ ਸੀ।

# ਖਹਿਰਾ ਧੜੇ ਦੇ ਵਿਧਾਇਕਾਂ ਦਾ ਮਾਂ-ਪਾਰਟੀ ਦੇ ਨਾਲ ਮੋਹ ਜਾਗਣ ਲੱਗਾ!

ਬਠਿੰਡਾ, 8 ਜਨਵਰੀ (ਪੋਸਟ ਬਿਊਰੋ)- ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਦੇ ਸਾਥੀ ਇੱਕ-ਇੱਕ ਕਰਕੇ ਉਨ੍ਹਾਂ ਦਾ ਸਾਥ ਛੱਡ ਰਹੇ ਹਨ। ਖਹਿਰਾ ਦਾ ਸਾਥ ਦੇਣ ਵਾਲੇ ਕਈ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੇ ਉਨ੍ਹਾਂ ਤੋਂ ਦੂਰੀ ਬਣਾ ਲਈ ਹੈ। ਬਠਿੰਡਾ ਵਿਧਾਨ ਸਭਾ ਹਲਕੇ ਤੋਂ ਆਪ ਦੀ ਟਿਕਟ 'ਤੇ ਚੋਣ ਲੜਕੇ ਦੂਜੇ ਨੰਬਰ 'ਤੇ ਰਹਿਣ ਵਾਲੇ ਖਹਿਰਾ ਦੇ ਸਾਥੀ ਦੀਪਕ ਬਾਂਸਲ ਨੇ ਵੀ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੇ ਸੋਹਲੇ ਗਾਉਣੇ ਸ਼ੁਰੂ ਕਰ ਦਿੱਤੇ ਅਤੇ ਕੇਜਰੀਵਾਲ ਨਾਲ ਆਪਣੀ ਫੋਟੋ ਸੋਸ਼ਲ ਮੀਡੀਆ 'ਤੇ ਪਾ ਕੇ ਉਸ ਨੂੰ ਇਮਾਨਦਾਰ ਮੁੱਖ ਮੰਤਰੀ ਦੱਸਿਆ ਹੈ।

ਕੱਲ੍ਹ ਸਵੇਰੇ ਆਪਣੇ ਫੇਸਬੁੱਕ ਅਕਾਊਂਟ 'ਤੇ ਪਾਈ ਤਸਵੀਰ ਨਾਲ ਦੀਪਕ ਬਾਂਸਲ ਨੇ ਲਿਖਿਆ ਹੈ ਕਿ 'ਬਹੁਤ ਕਿਸਮਤ ਵਾਲੇ ਨੇ ਦਿੱਲੀ ਦੇ ਲੋਕ, ਜਿਨ੍ਹਾਂ ਨੂੰ ਅਰਵਿੰਦ ਕੇਜਰੀਵਾਲ ਵਰਗਾ ਮੁੱਖ ਮੰਤਰੀ ਮਿਲਿਆ ਹੈ। ਹਿੰਦੋਸਤਾਨ ਦੀ ਪਹਿਲੀ ਅਜਿਹੀ ਸਰਕਾਰ ਹੈ, ਜਿਸਨੇ ਪੰਜ ਸਾਲ ਪੂਰੀ ਇਮਾਰਦਾਰੀ ਅਤੇ ਲਗਨ ਨਾਲ ਰਿਕਾਰਡ ਤੋੜ ਕੰਮ ਕੀਤੇ ਹਨ। ਪੂਰਨ ਆਸ ਹੈ ਕਿ ਆਉਂਦੀਆਂ ਚੋਣਾਂ 'ਚ ਫਿਰ ਦਿੱਲੀ ਦੇ ਲੋਕ ਕਾਰਗੁਜ਼ਰੀ ਦੇ ਅਧਾਰ 'ਤੇ ਇਤਿਹਾਸ ਬਣਾਉਣਗੇ ਅਤੇ ਅਰਵਿੰਦ ਕੇਜਰੀਵਾਲ ਨੂੰ ਮੁੜ ਦਿੱਲੀ ਦਾ ਮੁੱਖ ਮੰਤਰੀ ਬਣਾਉਣਗੇ।" ਇਸ ਪੋਸਟ ਤੋਂ ਕਿਆਫੇ ਲੱਗ ਰਹੇ ਹਨ ਕਿ ਦੀਪਕ ਬਾਂਸਲ ਫਿਰ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਸਕਦੇ ਹਨ। ਬਾਂਸਲ ਪੰਜਾਬ ਏਕਤਾ ਪਾਰਟੀ ਦੇ ਉਹ ਆਗੂ ਹਨ, ਜਿਨ੍ਹਾਂ ਨੇ ਆਪ ਤੋਂ ਵੱਖ ਹੋਣ ਬਾਅਦ ਖਹਿਰਾ ਵੱਲੋਂ ਬਠਿੰਡਾ 'ਚ ਕੀਤੀ ਗਈ ਪਹਿਲੀ ਕਨਵੈਨਸ਼ਨ ਲਈ ਨਾ ਕੇਵਲ ਦਿਨ-ਰਾਤ ਇੱਕ ਕੀਤਾ ਸੀ ਸਗੋਂ ਉਹ ਇੱਕ ਤਰ੍ਹਾਂ ਨਾਲ ਕਨਵੈਨਸ਼ਨ ਦੇ ਪ੍ਰਬੰਧਾਂ ਦੀ ਦੇਖ-ਰੇਖ ਦੇ ਇੰਚਾਰਜ ਵੀ ਸਨ।

ਵਰਨਣ ਯੋਗ ਹੈ ਕਿ ਸੁਖਪਾਲ ਸਿੰਘ ਖਹਿਰਾ ਜਦੋਂ ਆਪ ਤੋਂ ਵੱਖ ਹੋਏ ਸਨ ਤਾਂ ਉਨ੍ਹਾਂ ਨਾਲ ਛੇ ਵਿਧਾਇਕ ਓਦੋਂ ਬਠਿੰਡਾ ਕਨਵੈਨਸ਼ਨ 'ਚ ਸਾਥੀਆਂ ਸਮੇਤ ਸ਼ਾਮਲ ਹੋਏ ਸਨ, ਪਰ ਹੌਲੀ-ਹੌਲੀ ਵਿਧਾਇਕਾਂ ਅਤੇ ਆਗੂਆਂ ਨੇ ਖਹਿਰਾ ਤੋਂ ਪਾਸਾ ਵੱਟਣਾ ਸ਼ੁਰ ਕਰ ਦਿੱਤਾ। ਕੰਵਰ ਸੰਧੂ ਨੇ ਖਹਿਰਾ ਤੋਂ ਦੂਰੀ ਬਣਾਉਣ ਤੋਂ ਬਾਅਦ ਚੁੱਪ ਵੱਟੀ ਹੋਈ ਹੈ। ਜਦੋਂ ਖਹਿਰਾ ਨੇ ਬਠਿੰਡਾ ਲੋਕ ਸਭਾ ਖੇਤਰ ਤੋਂ ਜਮਹੂਰੀ ਗੱਠਜੋੜ ਦੀ ਟਿਕਟ 'ਤੇ ਚੋਣ ਲੜੀ ਤਾਂ ਮੌੜ ਦੇ ਵਿਧਾਇਕ ਜਗਦੇਵ ਸਿੰਘ ਕਮਾਲੂ ਨੂੰ ਛੱਡ ਕੇ ਕੋਈ ਵੀ ਨਾਲ ਨਜ਼ਰ ਨਹੀਂ ਆਇਆ। ਜੈਤੋ ਦੇ ਵਿਧਾਇਕ ਬਲਦੇਵ ਸਿੰਘ ਵੀ ਸੁਖਪਾਲ ਸਿੰਘ ਖਹਿਰਾ ਨੂੰ ਛੱਡ ਕੇ ਆਮ ਆਦਮੀ ਪਾਰਟੀ 'ਚ ਮੁੜ ਗਏ ਹਨ। ਮਾਨਸਾ ਦੇ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ। ਖਹਿਰਾ ਦੇ ਸਾਥੀ ਵਿਧਾਇਕ ਪਿਰਮਲ ਸਿੰਘ, ਜੱਗਾ ਹਿੱਸੋਵਾਲ ਤੇ ਜਗਦੇਵ ਸਿੰਘ ਕਮਾਲੂ ਅਜੇ ਚੁੱਪ ਹਨ। ਇਹ ਤਿੰਨੇ ਵਿਧਾਇਕ ਅਜੇ ਖਹਿਰਾ ਨਾਲ ਹਨ। ਲੋਕ ਸਭਾ ਚੋਣ ਬਾਅਦ ਪੰਜਾਬ ਏਕਤਾ ਪਾਰਟੀ ਦੀਆਂ ਸਿਰਫ਼ ਤਿੰਨ ਮੀਟਿੰਗਾਂ ਹੋਈਆਂ, ਜਿਸ ਤੋਂ ਬਾਅਦ ਪਾਰਟੀ ਦੀਆਂ ਸਰਗਰਮੀਆਂ ਲਗਭੱਗ ਠੱਪ ਪਈਆਂ ਹਨ।

# ਚੰਡੀਗੜ੍ਹ ਵਿੱਚ ਜ਼ਮੀਨ ਤੋਂ 165 ਫੁੱਟ ਉਪਰ ਖਾਣਾ ਖਾਣ ਦਾ ਮੌਕਾ ਮਿਲੇਗਾ



ਚੰਡੀਗੜ੍ਹ, 8 ਜਨਵਰੀ (ਪੋਸਟ ਬਿਊਰੋ)- ਆਮ ਲੋਕਾਂ ਨੂੰ ਜਲਦੀ ਹੀ ਜ਼ਮੀਨ ਤੋਂ 165 ਫੁੱਟ ਉਪਰ ਜਾ ਕੇ ਖਾਣਾ ਖਾਣ ਦਾ ਮੌਕਾ ਮਿਲੇਗਾ। ਚੰਡੀਗੜ੍ਹ ਵਿੱਚ ਫਲਾਈ ਡਾਈਨਿੰਗ ਨਾਂਅ ਨਾਲ ਇਹ ਸਰਵਿਸ ਇਸੇ ਮਹੀਨੇ ਤੋਂ ਲੋਕਾਂ ਲਈ ਓਪਨ ਕਰਨ ਦੀ ਤਿਆਰੀ ਹੈ। ਇਸ ਤੋਂ ਪਹਿਲਾਂ ਇਹ ਕੰਪਨੀ ਬੰਗਲੌਰ ਤੇ ਆਗਰਾ ਵਿੱਚ ਇਹੋ ਸਰਵਿਸ ਚਲਾ ਰਹੀ ਹੈ। ਇਸ ਦੇ ਲਈ ਫਿਲਹਾਲ ਵੱਖ-ਵੱਖ ਥਾਂਈਂ ਲੋਕੇਸ਼ਨ ਫਾਈਨਲ ਕੀਤੀ ਜਾ ਰਹੀ ਹੈ, ਜਿਹੜੀ ਸੁਖਨਾ ਲੇਕ ਜਾਂ ਕੈਂਬਵਾਲਾ ਤੋਂ ਇਸ ਤਰ੍ਹਾਂ ਦੀ ਕੋਈ ਸਰਵਿਸ ਸ਼ੁਰੂ ਕੀਤੀ ਜਾ ਸਕਦੀ ਹੈ। ਵਰਨਣ ਯੋਗ ਹੈ ਕਿ ਚੰਡੀਗੜ੍ਹ ਵਿੱਚ ਇਸੇ ਤਰ੍ਹਾਂ ਦਾ ਵਿਾਰ ਕਲਾਗ੍ਰਾਮ ਵਿੱਚ ਸਾਲ 2009-2010 ਵਿੱਚ ਫੇਅਰ ਦੌਰਾਨ ਕੀਤਾ ਗਿਆ ਸੀ, ਪਰ ਇਹ ਟੈਂਪਰੇਰੀ ਸੀ ਅਤੇ ਥੋੜ੍ਹੇ ਦਿਨਾਂ ਬਾਅਦ ਬੰਦ ਹੋ ਗਿਆ ਸੀ। ਇਸ ਵਾਰ ਇਹ ਵਿਚਾਰ ਲੈ ਕੇ ਆ ਰਹੀ ਕੰਪਨੀ ਇਸ ਨੂੰ ਪਰਮਾਨੈਂਟ ਲਾਏਗੀ ਅਤੇ ਰੋਜ਼ ਪ੍ਰੀ ਬੁਕਿੰਗ ਦੇ ਜ਼ਰੀਏ ਅੱਠ ਸੈਸ਼ਨ ਵਿੱਚ ਲੋਕਾਂ ਨੂੰ 165 ਫੁੱਟ ਉਪਰ ਲਿਜਾ ਕੇ ਖਾਣਾ ਸਰਵ ਕੀਤਾ ਜਾਏਗਾ। ਕੰਪਨੀ ਦੇ ਐਮ ਡੀ ਦਮਨ ਕਪੂਰ ਨੇ ਕਿਹਾ ਕਿ ਇਸ ਬਾਰੇ ਮਨਜ਼ੂਰੀ ਪ੍ਰਸ਼ਾਸਨ ਤੋਂ ਮੰਗੀ ਗਈ ਹੈ ਅਤੇ ਲੋਕਾਂ ਦੀ ਸੇਫਟੀ ਅਤੇ ਸਕਿਓਰਿਟੀ ਦਾ ਪੂਰਾ ਪ੍ਰਬੰਧ ਕੀਤਾ ਜਾਏਗਾ। ਉਨ੍ਹਾਂ ਦੇ ਮੁਤਾਬਕ ਅਗਲੇ 15-20 ਦਿਨਾਂ ਵਿੱਚ ਇਹ ਸਰਵਿਸ ਚੰਡੀਗੜ੍ਹ ਵਿੱਚ ਸ਼ੁਰੂ ਹੋ ਜਾਵੇਗੀ, ਜਿਸ ਦੀ ਮਸ਼ੀਨਰੀ ਚੰਡੀਗੜ੍ਹ ਦੇ ਲਈ ਲਿਆਂਦੀ ਜਾ ਰਹੀ ਹੈ। ਇਸ ਸਰਵਿਸ ਦੇ ਸ਼ਨੀਵਾਰ ਅਤੇ ਐਤਵਾਰ ਨੂੰ 3999 ਰੁਪਏ ਹਰੇਕ ਪਰਸਨ ਦੇ ਲੱਗਣਗੇ ਜਦ ਕਿ ਬਾਕੀ ਦਿਨਾਂ ਵਿੱਚ 2499 ਰੁਪਏ ਦਾ ਰੇਟ ਰੱਖਿਆ ਗਿਆ ਹੈ।

# ਬੱਬੂ ਮਾਨ ਦੇ ਖ਼ਿਲਾਫ਼ ਕਾਰਵਾਈ ਦੀ ਮੰਗ ਉੱਠੀ

ਬਠਿੰਡਾ, 8 ਜਨਵਰੀ (ਪੋਸਟ ਬਿਊਰੋ)- ਮੀਰ ਆਲਮ ਭਾਈਚਾਰੇ ਨੇ ਪੰਜਾਬੀ ਦੇ ਪ੍ਰਸਿੱਧ ਗਾਇਕ ਬੱਬੂ ਮਾਨ 'ਤੇ ਉਨ੍ਹਾਂ ਦੀਆਂ ਔਰਤਾਂ ਖ਼ਿਲਾਫ਼ ਮਾੜੀ ਸ਼ਬਦਾਵਲੀ ਵਰਤ ਕੇ ਭਾਵਨਾਵਾਂ ਨੂੰ ਠੇਸ ਪੁਚਾਉਣ ਦਾ ਦੋਸ਼ ਹੇਠ ਕਾਨੂੰਨੀ ਕਾਰਵਾਈ ਦੇ ਲਈ ਐਸ ਐਸ ਪੀ ਨੂੰ ਸ਼ਿਕਾਇਤ ਦਿੱਤੀ ਹੈ।

ਇਸ ਭਾਈਚਾਰੇ ਨਾਲ ਸਬੰਧਤ ਪੰਜਾਬੀ ਗਾਇਕ ਲਵਜੀਤ ਸਿੰਘ, ਬਾਬਾ ਜੰਟਾਂ ਖ਼ਾਨ, ਬਲਦੇਵ ਖ਼ਾਨ ਅਤੇ ਕਾਲੀ ਖ਼ਾਨ ਨੇ ਐਸ ਐਸ ਪੀ ਡਾ. ਨਾਨਕ ਸਿੰਘ ਨੂੰ ਦਿੱਤੀ ਸ਼ਿਕਾਇਤ 'ਚ ਕਿਹਾ ਕਿ ਉਹ ਮੀਰ ਆਲਮ ਭਾਈਚਾਰੇ ਨਾਲ ਸਬੰਧ ਰੱਖਦੇ ਹਨ ਜਿਸ ਨੂੰ ਰਾਜ ਸਰਕਾਰ ਨੇ ਪੱਛੜੀਆਂ ਸ਼੍ਰੇਣੀਆਂ ਵਿੱਚ ਰੱਖਿਆ ਹੈ। ਉਨ੍ਹਾਂ ਦੱਸਿਆ ਕਿ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ 'ਤੇ ਪੰਜਾਬੀ ਗਾਇਕ ਤੇਜਿੰਦਰ ਸਿੰਘ ਉਰਫ਼ ਬੱਬੂ ਮਾਨ ਅਤੇ ਉਸਦੇ ਸਾਥੀਆਂ ਦੀ ਇੱਕ ਵੀਡੀਓ ਚੱਲ ਰਹੀ ਹੈ ਜਿਸ ਵਿੱਚ ਭਾਈਚਾਰੇ ਦਾ ਅਪਮਾਨ ਕੀਤਾ ਗਿਆ ਹੈ। ਉਸ ਵੱਲੋਂ ਭਾਈਚਾਰੇ ਦੀ ਔਰਤ ਸਬੰਧੀ ਇੱਕ ਝੂਠੀ ਤੇ ਮਨਘੜਤ ਕਹਾਣੀ ਸੁਣਾਈ ਗਈ ਜਿਸ ਵਿੱਚ ਭਾਈਚਾਰੇ ਦੀਆਂ ਔਰਤਾਂ ਦੇ ਚਰਿੱਤਰ 'ਤੇ ਉਂਗਲ ਚੁੱਕੀ ਗਈ ਹੈ। ਉਕਤ ਵੀਡੀਓ ਤਿਆਰ ਕਰਨ ਮਗਰੋਂ ਬੱਬੂ ਮਾਨ ਆਪਣੇ ਸਾਥੀਆਂ ਨੂੰ ਉਕਤ ਵੀਡੀਓ ਨੂੰ ਸੋਸ਼ਲ ਮੀਡੀਆ 'ਤੇ ਪਾਉਣ ਲਈ ਵੀ ਉਕਸਾ ਰਿਹਾ ਹੈ। ਇਨ੍ਹਾਂ ਲੋਕਾਂ ਨੇ ਐਸ ਐਸ ਪੀ ਤੋਂ ਮੰਗ ਕੀਤੀ ਕਿ ਬੱਬੂ ਮਾਨ ਤੇ ਉਸਦੇ ਸਾਥੀਆਂ ਖ਼ਿਲਾਫ਼ ਕੇਸ ਦਰਜ ਕਰਕੇ ਸਮੁੱਚੇ ਭਾਈਚਾਰੇ ਨੂੰ ਇਨਸਾਫ ਦਿਵਾਇਆ ਜਾਵੇ।

# ਬੱਸ ਤੇ ਕਾਰ ਦੀ ਟੱਕਰ ਵਿੱਚ ਨੌਜਵਾਨ ਦੀ ਮੌਤ

ਆਦਮਪੁਰ ਦੋਆਬਾ, 8 ਜਨਵਰੀ (ਪੋਸਟ ਬਿਊਰੋ)- ਕੱਲ੍ਹ ਦੁਪਹਿਰ ਜੰਡੂ ਸਿੰਘਾਂ ਦੇ ਬੱਗਾ ਪੁਲ 'ਤੇ ਪਨਬੱਸ ਅਤੇ ਕਾਰ ਦੀ ਭਿਆਨਕ ਟੱਕਰ ਹੋਣ ਨਾਲ ਕਾਰ ਚਾਲਕ ਦੀ ਮੌਤ ਹੋ ਗਈ ਪਤਾ ਲੱਗੀ ਹੈ।

ਮਿਲੀ ਜਾਣਕਾਰੀ ਮੁਤਾਬਕ ਪੰਡਿਤ ਰਵੀ ਨੰਦਨ ਸ਼ਰਮਾ (40) ਪੁੱਤਰ ਕਮਲ ਦੇਵ ਵਾਸੀ ਸ਼ਿਵ ਮੰਦਿਰ ਆਦਮਪੁਰ ਜਲੰਧਰ ਤੋਂ ਕਾਰ ਉੱਤੇ ਆਪਣੇ ਘਰ ਆਦਮਪੁਰ ਜਾ ਰਿਹਾ ਸੀ ਕਿ ਬੱਗਾ ਪੁਲ 'ਤੇ ਪਨਬੱਸ ਨਾਲ ਉਸ ਦੀ ਕਾਰ ਪਿੱਛੋਂ ਟਕਰਾਅ ਗਈ, ਜਿਸ ਕਰ ਕੇ ਉਹ ਗੰਭੀਰ ਜ਼ਖ਼ਮੀ ਹੋ ਗਿਆ। ਉਸ ਨੂੰ ਬੱਸ ਡਰਾਇਵਰ ਅਤੇ ਸਥਾਨਕ ਲੋਕ ਕਿਸੇ ਹੋਰ ਗੱਡੀ ਵਿੱਚ ਆਦਮਪੁਰ ਦੇ ਨਿੱਜੀ ਹਸਪਤਾਲ ਲੈ ਕੇ ਗਏ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਹਾਦਸੇ ਵਾਲੀ ਹੁਸ਼ਿਆਰਪੁਰ ਡਿੱਪੂ ਦੀ ਪਨਬੱਸ ਨੂੰ ਡਰਾਈਵਰ ਲਖਵਿੰਦਰ ਸਿੰਘ ਚਲਾ ਰਿਹਾ ਸੀ। ਇਹ ਬੱਸ ਵੀ ਆਦਮਪੁਰ ਵੱਲ ਜਾ ਰਹੀ ਸੀ। ਮ੍ਰਿਤਕ ਪੰਡਿਤ ਰਵੀ ਸ਼ਰਮਾ ਦੀ ਪਤਨੀ ਦੀ ਤਿੰਨ ਸਾਲ ਪਹਿਲਾਂ ਮੌਤ ਹੋ ਚੁੱਕੀ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224


# ਪੰਜਾਬ ਸਰਕਾਰ ਵੱਲੋਂ ਸੋਧੇ ਹੋਏ ਲੋਕ ਪੱਖੀ ਮਿਊਂਸਪਲ ਬਿਲਡਿੰਗ ਨਿਯਮ ਜਾਰੀ

ਚੰਡੀਗੜ੍ਹ, 8 ਜਨਵਰੀ (ਪੋਸਟ ਬਿਊਰੋ)- ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੱਲ੍ਹ ਸੋਧੇ ਹੋਏ ਪੰਜਾਬ ਮਿਊਂਸਪਲ ਬਿਲਡਿੰਗ ਨਿਯਮ ਜਾਰੀ ਕਰ ਦਿੱਤੇ। ਇਹ ਸੋਧੇ ਨਿਯਮ ਪੁਰਾਣੀਆਂ ਵਿਵਸਥਾਵਾਂ ਦੀਆਂ ਕਮੀਆਂ ਨੂੰ ਦੂਰ ਕਰਦਿਆਂ ਸੂਬੇ 'ਚ ਢਿੱਲੀ ਉਸਾਰੀ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਕੰਮਾਂ ਨੂੰ ਹੁਲਾਰਾ ਦੇਣ ਲਈ ਬਣਾਏ ਗਏ ਹਨ।

ਲੋਕਲ ਬਾਡੀਜ਼ ਮੰਤਰੀ ਬ੍ਰਹਮ ਮਹਿੰਦਰਾ ਦੇ ਦੱਸਣ ਅਨੁਸਾਰ ਇਨ੍ਹਾਂ ਨਵੇਂ ਨਿਯਮਾਂ 'ਚ ਰਿਹਾਇਸ਼ੀ, ਵਪਾਰਕ ਅਤੇ ਉਦਯੋਗਿਕ ਇਮਾਰਤਾਂ, ਹੋਟਲ, ਮਲਟੀਪਲੈਕਸ ਅਤੇ ਹੋਰ ਬੁਨਿਆਦੀ ਢਾਂਚਿਆਂ ਦੀ ਉਸਾਰੀ ਦੇ ਪ੍ਰਾਜੈਕਟ ਸ਼ਾਮਲ ਹਨ। ਇਸ ਦਾ ਉਦੇਸ਼ ਸਾਰੇ ਭਾਈਵਾਲਾਂ ਲਈ ਸੂਬੇ 'ਚ ਉਸਾਰੀ ਦੇ ਕੰਮਾਂ ਨੂੰ ਨਿਰਵਿਘਨ ਅਤੇ ਸੁਚਾਰੂ ਢੰਗ ਨਾਲ ਚਲਾਉਣਾ ਹੈ। ਲੋਕਲ ਬਾਡੀਜ਼ ਦੇ ਐਡੀਸ਼ਨਲ ਚੀਫ ਸੈਕਟਰੀ ਸੰਜੇ ਕੁਮਾਰ ਨੇ ਦੱਸਿਆ ਕਿ ਇਸ ਵਿਭਾਗ ਦੇ ਟਾਊਨ ਪਲਾਨਿੰਗ ਵਿੰਗ ਨੇ ਇਨ੍ਹਾਂ ਨਿਯਮਾਂ ਨੂੰ 31 ਦਸੰਬਰ 2019 ਨੂੰ ਨੋਟੀਫਾਈ ਕੀਤਾ ਸੀ। ਸੋਧੇ ਹੋਏ ਨਿਯਮਾਂ ਅਨੁਸਾਰ ਸਿਨੇਮਾ ਨੂੰ ਮਲਟੀਪਲੈਕਸ ਮੰਨਿਆ ਜਾਵੇਗਾ, ਜਿਸ ਦੀ ਸਮਰੱਥਾ ਦੋ ਤੋਂ ਵਧਾ ਕੇ ਚਾਰ ਕੀਤੀ ਗਈ ਤੇ ਸੀਟਾਂ ਦੀ ਗਿਣਤੀ 999 ਕੀਤੀ ਹੈ। ਛੋਟੀਆਂ ਸ਼ਹਿਰੀ ਸਥਾਨਕ ਯੂਨਿਟਾਂ ਵਿੱਚ ਨਿਵੇਸ਼ ਵਧਾਉਣ ਲਈ ਕਲਾਸ ਇੱਕ ਤੇ ਦੋ ਕਸਬਿਆਂ ਵਿੱਚ ਛੋਟੇ ਪਲਾਟ ਦੇ ਅਕਾਰ ਨੂੰ ਅਨੁਕੂਲ ਬਣਾਉਣ ਲਈ ਮਲਟੀਪਲੈਕਸ ਦੇ ਪਲਾਟ ਦਾ ਅਗਲਾ ਹਿੱਸਾ ਘਟਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਮਾਲਕ ਤੇ ਬਿਲਡਰ 50 ਫੁੱਟ ਚੌੜੀ ਸੜਕ ਉੱਤੇ ਵਪਾਰਕ ਹਿੱਸੇ ਨਾਲ ਆਪਣੇ ਮੌਜੂਦ ਸਿਨੇਮਾ ਨੂੰ ਮਲਟੀਪਲੈਕਸ ਵਜੋਂ ਬਦਲ ਸਕਦੇ ਹਨ। ਮਲਟੀਪਲੈਕਸ ਦੀ ਜ਼ਮੀਨੀ ਕਵਰੇਜ ਵੀ ਵਧਾਈ ਗਈ ਹੈ।



ਇਸ ਤੋਂ ਇਲਾਵਾ ਬਿਲਡਰ ਵਧੇਰੇ ਫਲੈਟ ਬਣਾ ਸਕਦੇ ਹਨ। ਸ਼ਹਿਰੀ ਪੰਜਾਬ ਵਿੱਚ ਯੋਜਨਾਬੱਧ ਵਿਕਾਸ ਅਤੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ, ਹੋਟਲ, ਮੋਟਲ ਤੇ ਗੈਸਟ ਹਾਊਸ ਨੂੰ ਵੀ ਸੋਧੇ ਹੋਏ ਨਿਯਮਾਂ 'ਚ ਸ਼ਾਮਲ ਕੀਤਾ ਗਿਆ ਹੈ। ਪੁਰਾਣੇ ਨਿਯਮਾਂ ਵਿੱਚ ਹੋਟਲਾਂ ਲਈ ਪਲਾਟ ਦਾ ਘੱਟੋ-ਘੱਟ ਆਕਾਰ 1000 ਵਰਗ ਮੀਟਰ ਸੀ ਪਰ ਸੰਘਣੀ ਆਬਾਦੀ ਵਾਲੇ ਸ਼ਹਿਰੀ ਖੇਤਰਾਂ, ਰੇਲਵੇ ਸਟੇਸ਼ਨਾਂ ਅਤੇ ਬੱਸ ਅੱਡਿਆਂ ਦੇ ਨੇੜੇ ਸਸਤਟ ਹੋਟਲਾਂ ਦੀ ਜ਼ਰੂਰਤ ਸੀ। ਅਜਿਹੇ ਖੇਤਰਾਂ 'ਚ ਸਿਰਫ਼ ਛੋਟੇ ਅਕਾਰ ਦੇ ਪਲਾਟ ਮਿਲਦੇ ਹਨ, ਇਸ ਲਈ ਪਲਾਟ ਦਾ ਅਕਾਰ 1000 ਗਜ਼ ਤੋਂ ਘਟਾ ਕੇ 200 ਮੀਟਰ ਕਰ ਦਿੱਤਾ ਗਿਆ ਹੈ। ਗੈਸਟ ਹਾਊਸਾਂ ਤੇ ਬੋਰਡਿੰਗ ਅਤੇ ਰਿਹਾਇਸ਼ 'ਤੇ ਸੇਵਾ ਅਪਾਰਟਮੈਂਟਾਂ ਦੇ ਨਿਯਮਾਂ ਵਿੱਚ ਢਿੱਲ ਦਿੱਤੀ ਗਈ ਹੈ। ਨਵੇਂ ਨਿਯਮਾਂ ਨਾਲ ਉਦਯੋਗਿਕ ਯੂਨਿਟਾਂ ਦੇ ਨਾਲੋ-ਨਾਲ ਸਟੋਰੇਜ਼ ਗੋਦਾਮਾਂ ਬਣਾਉਣ ਨੂੰ ਉਨ੍ਹਾਂ ਇਕਾਈਆਂ ਦੀ ਸਥਾਪਨਾ ਵਾਲੇ ਮੁੱਲਾਂ 'ਤੇ ਹੀ ਬਣਾਉਣ ਦੀ ਆਗਿਆ ਵੀ ਮਿਲਦੀ ਹੈ। ਪੰਜਾਬ 'ਚ ਕੱਪੜਾ ਉਦਯੋਗ ਨੂੰ ਹੁਲਾਰਾ ਦੇਣ ਲਈ ਟੈਕਸਟਾਈਲ ਅਤੇ ਕੱਪੜਾ ਉਦਯੋਗ ਤੇ ਸੂਚਨਾ ਤਕਨਾਲੋਜੀ ਉਦਯੋਗਾਂ ਦੀਆਂ ਇਮਾਰਤਾਂ ਦੀ ਉਚਾਈ ਨੂੰ 15 ਮੀਟਰ ਤੋਂ ਵਧਾ ਕੇ 21 ਮੀਟਰ ਕਰ ਦਿੱਤਾ ਗਿਆ ਹੈ। ਸੋਧੇ ਹੋਏ ਨਿਯਮਾਂ ਤਹਿਤ ਹਸਪਤਾਲਾਂ ਜਾਂ ਨਰਸਿੰਗ ਕਾਲਜਾਂ, ਹੋਸਟਲਾਂ ਆਦਿ ਦੇ ਮੈਡੀਕਲ ਕਾਲਜਾਂ ਨੂੰ ਸੰਸਥਾਗਤ ਇਮਾਰਤਾਂ ਮੰਨਿਆ ਜਾਵੇਗਾ।

ਬੱਚਿਆਂ ਦੀ ਸੁਰੱਖਿਆ ਤੇ ਸਹੂਲਤਾਂ ਹਿੱਤ ਗਰੁੱਪ ਹਾਊਸਿੰਗ ਪ੍ਰਾਜੈਕਟਾਂ 'ਚ ਕਰੱਚ ਅਤੇ ਪ੍ਰਾਇਮਰੀ ਸਕੂਲ ਨੂੰ ਵੀ ਮਨਜ਼ੂਰੀ ਦਿੱਤੀ ਜਾਣ ਵਾਲੀ ਬਾਲਕੋਨੀ ਦੇ ਆਕਾਰ ਨੂੰ 1.2 ਮੀਟਰ ਤੋਂ ਵਧਾ ਕੇ 1.8 ਮੀਟਰ ਕੀਤਾ ਗਿਆ ਹੈ। ਸੋਧੇ ਗਏ ਨਿਯਮਾਂ 'ਚ ਰਿਹਾਇਸ਼ੀ ਖੇਤਰਾਂ ਵਿੱਚ ਡੇਅ ਕੇਅਰ ਸੈਂਟਰ ਅਤੇ ਪਲੇਅ ਵੇਅ ਸਕੂਲ ਹਨ। ਬਿਹਤਰ ਜੀਵਨ ਬਤੀਤ ਕਰਨ ਵਾਲੇ ਵਾਤਾਵਰਣ ਪ੍ਰਦਾਨ ਕਰਨ ਲਈ ਬਿਰਧ ਆਸ਼ਰਮ, ਦਿਵਿਆਂਗ ਲੋਕਾਂ, ਮਾਨਸਿਕ ਰੋਗੀਆਂ, ਕੰਮਕਾਜੀ ਔਰਤਾਂ, ਪੁਰਸ਼ ਹੋਸਟਲ, ਬਾਲਗ ਸਿੱਖਿਆ ਕੇਂਦਰ, ਅਨਾਥ ਆਸ਼ਰਮ, ਬੱਚਿਆਂ ਦਾ ਕੇਂਦਰ, ਰੈਣ-ਬਸੇਰੇ, ਧਾਰਮਿਕ ਇਮਾਰਤਾਂ ਤੇ ਆਂਗਣਵਾੜੀ ਲਈ ਕੇਅਰ ਸੈਂਟਰ ਲਈ ਨਿਯਮ ਪੇਸ਼ ਕੀਤੇ ਗਏ ਹਨ।



## ਤਖਤ ਪਟਨਾ ਸਾਹਿਬ ਦੇ ਪ੍ਰਧਾਨ ਅਵਤਾਰ ਸਿੰਘ ਹਿਤ ਫਿਰ ਫਸੇ

ਨਵੀਂ ਦਿੱਲੀ, 8 ਜਨਵਰੀ (ਪੋਸਟ ਬਿਊਰੋ)- ਤਖਤ ਪਟਨਾ ਸਾਹਿਬ ਦੇ ਪ੍ਰਧਾਨ ਅਵਤਾਰ ਸਿੰਘ ਹਿਤ ਇੱਕ ਵਾਰ ਫਿਰ ਧਾਰਮਿਕ ਉਲੰਘਣਾ ਦੇ ਮਾਮਲੇ ਵਿੱਚ ਫਸ ਗਏ ਦਿਖਾਈ ਦੇ ਰਹੇ ਹਨ। ਪਟਨਾ ਸਾਹਿਬ ਵਿੱਚ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ 353ਵੇਂ ਪ੍ਰਕਾਸ਼ ਪੁਰਬ ਮੌਕੇ 31 ਦਸੰਬਰ 2019 ਨੂੰ ਕਵੀ ਦਰਬਾਰ ਕੀਤਾ ਗਿਆ ਸੀ, ਜਿਸ ਵਿਚ ਅਵਤਾਰ ਸਿੰਘ ਹਿਤ ਕਵੀ ਦਰਬਾਰ ਸ਼ੁਰੂ ਹੋਣ ਮੌਕੇ ਬੋਲ ਰਹੇ ਸਨ ਕਿ ਕਵੀ ਦਰਬਾਰ ਸ਼ੁਰੂ ਹੋਣਾ ਹੈ, ਕਵਿਤਾ ਜਿਨ੍ਹਾਂ ਨੇ ਪੜ੍ਹਨੀ ਹੈ। ਕਵਿਤਾ ਪਹਿਲੀ ਗੱਲ ਕਿ ਛੋਟੀ ਪੜ੍ਹੋ। ਦੂਸਰੀ ਗੱਲ ਕਿ ਕਵਿਤਾ ਵਧੀਆ ਹੋਵੇ, ਜੋ ਨੰਬਰ ਵਨ ਹੋਵੇ, ਪੜ੍ਹੋ ਅਤੇ ਅਵਤਾਰ ਸਿੰਘ ਹਿੱਤ ਗਾਲ੍ਹਾਂ ਕੱਢ ਕੇ ਇਹ ਵੀ ਕਹਿ ਰਹੇ ਹਨ ਕਿ ਅਜਿਹੇ ਵਿੱਚ ਟਾਈਮ ਖਰਾਬ ਨਾ ਕਰਨਾ। ਇਹ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਅਤੇ ਸਿੱਖਾਂ ਵਿਚ ਇਸ ਪ੍ਰਤੀ ਰੋਸ ਪੈਦਾ ਹੋ ਗਿਆ ਹੈ।

## ਮਾਤਾ-ਪਿਤਾ ਦਾ ਸਹੀ ਤਾਲਮੇਲ ਬੱਚਿਆਂ ਵਿੱਚ ਵਧਦਾ ਗੁੱਸਾ ਅਤੇ ਤਣਾਅ ਘਟਾ ਸਕਦੈ

ਅਹਿਮਦਾਬਾਦ, 8 ਜਨਵਰੀ (ਪੋਸਟ ਬਿਊਰੋ)- ਮੰਨੀ-ਪ੍ਰਮੰਨੀ ਪੇਰੈਂਟਿੰਗ ਮਾਹਰ ਆਸ਼ਾ ਵਘਾਸਿਆ ਦਾ ਮੰਨਣਾ ਹੈ ਕਿ ਅੱਜ ਕੱਲ੍ਹ ਦੇ ਦੌਰ ਵਿੱਚ ਬੱਚਿਆਂ ਵਿੱਚ ਵਧਦੇ ਗੁੱਸੇ ਅਤੇ ਤਣਾਅ ਨਾਲ ਨਜਿੱਠਣ ਲਈ ਦੇਸ਼ ਵਿੱਚ ਪੇਰੈਂਟਿੰਗ ਮਤਲਬ ਮਾਤਾ-ਪਿਤਾ ਵੱਲੋਂ ਬੱਚਿਆਂ ਦੇ ਸਹੀ ਪਾਲਣ-ਪੋਸ਼ਣ ਦੀ ਪੇਸ਼ੇਵਰ ਟਰੇਨਿੰਗ ਜ਼ਰੂਰੀ ਹੋ ਗਈ ਹੈ। ਆਸ਼ਾ ਵਘਾਸਿਆ ਨੇ ਬੱਚਿਆਂ ਨਾਲ ਚੰਗਾ ਵਿਹਾਰ ਕਰਨ ਅਤੇ ਉਨ੍ਹਾਂ ਨਾਲ ਵੱਧ ਤੋਂ ਵੱਧ ਗੱਲਬਾਤ ਕਰਨ ਲਈ ਉਤਸ਼ਾਹਤ ਕਰਨ ਦਾ ਸੁਝਾਅ ਵੀ ਦਿੱਤਾ ਹੈ। ਗੁਜਰਾਤ ਵਿੱਚ ਪਹਿਲੇ ਪੇਰੈਂਟਿੰਗ ਸਟੂਡੀਓ 'ਵੀ ਪਾਜ਼ੇਟਿਵ ਪੇਰੈਂਟਿੰਗ' ਦੀ ਸ਼ੁਰੂਆਤ ਕਰਨ ਵਾਲੀ ਆਸ਼ਾ ਨੇ ਕੱਲ੍ਹ ਕਿਹਾ ਕਿ ਬੱਚਿਆਂ ਨੂੰ ਇੱਕ ਬਿਹਤਰੀਨ ਵਿਅਕਤੀ ਬਣਨ ਲਈ ਚੰਗੀ ਪੇਰੈਂਟਿੰਗ ਦੀ ਬਹੁਤ ਲੋੜ ਹੈ। ਉਸ ਨੇ ਕਿਹਾ ਕਿ ਭਾਰਤ ਵਿੱਚ ਪੇਰੈਂਟਿੰਗ ਬਹੁਤ ਰੂੜੀਵਾਦੀ ਹੈ, ਇਸੇ ਕਾਰਨ ਅੱਲ੍ਹੜ ਉਮਰ ਵਿੱਚ ਬੱਚਿਆਂ ਨੂੰ ਸ਼ਾਇਦ ਹੀ ਕਦੇ ਮਾਤਾ-ਪਿਤਾ ਨਾਲ ਹਰ ਵਿਸ਼ੇ 'ਤੇ ਖੁੱਲ੍ਹ ਕੇ ਗੱਲ ਕਰਦੇ ਦੇਖਿਆ ਗਿਆ ਹੈ। ਉਸ ਨੇ ਕਿਹਾ ਕਿ ਬੱਚਿਆਂ ਵਿੱਚ ਤਣਾਅ ਜਾਂ ਗੁੱਸੇ ਦਾ ਸਿੱਧਾ ਸੰਬੰਧ ਆਮ ਤੌਰ 'ਤੇ ਪੇਰੈਂਟਿੰਗ ਮਤਲਬ ਮਾਤਾ-ਪਿਤਾ ਨਾਲ ਉਨ੍ਹਾਂ ਦੇ ਸੰਬੰਧਾਂ ਨਾਲ ਹੁੰਦਾ ਹੈ। ਅੱਜ ਦੇ ਸਮਾਰਟ ਫੋਨ ਦੇ ਜ਼ਮਾਨੇ ਵਿੱਚ ਕਈ ਸਾਧਨ ਉਪਲਬਧ ਹਨ। ਅਜਿਹੇ ਵਿੱਚ ਮਾਤਾ-ਪਿਤਾ ਲਈ ਉਨ੍ਹਾਂ ਨਾਲੇ ਤਾਲਮੇਲ ਬਿਠਾਉਣਾ ਮੁਸ਼ਕਲ ਹੋ ਗਿਆ ਹੈ।

## ਮੁੱਖ ਮੰਤਰੀ ਉਮੀਦਵਾਰ ਦੇ ਐਲਾਨ ਬਿਨਾਂ ਹੀ ਦਿੱਲੀ ਚੋਣਾਂ ਵਿਚ ਲਈ ਮੈਦਾਨ 'ਚ ਕੁੱਦੇਗੀ ਭਾਜਪਾ

ਨਵੀਂ ਦਿੱਲੀ, 8 ਜਨਵਰੀ (ਪੋਸਟ ਬਿਊਰੋ)- ਸਾਲ 2013 ਅਤੇ 2015 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਦਾ ਐਲਾਨ ਕਰਕੇ ਮਾਤ ਖਾ ਚੁੱਕੀ ਭਾਜਪਾ ਇਸ ਵਾਰ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਦੇ ਨਾਂ ਦਾ ਐਲਾਨ ਕੀਤੇ ਬਿਨਾਂ ਹੀ ਚੋਣ ਮੈਦਾਨ 'ਚ ਕੁੱਦਣ ਦੀ ਤਿਆਰੀ ਵਿੱਚ ਹੈ। ਇਸੇ ਲਈ ਪਾਰਟੀ ਆਗੂ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਦਾ ਨਾਂ ਦੱਸਣ ਤੋਂ ਫਿਲਹਾਲ ਟਾਲਾ ਵੱਟ ਰਹੇ ਹਨ।



ਪਤਾ ਲੱਗਾ ਹੈ ਕਿ ਭਾਜਪਾ ਇਸ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ ਉੱਤੇ ਵੋਟਾਂ ਮੰਗੇਗੀ ਅਤੇ ਇਹ ਚੋਣਾਂ ਪਾਰਲੀਮੈਂਟ ਮੈਂਬਰ ਤੇ ਦਿੱਲੀ ਭਾਜਪਾ ਪ੍ਰਦੇਸ਼ ਦੇ ਪ੍ਰਧਾਨ ਮਨੋਜ ਤਿਵਾੜੀ ਦੀ ਅਗਵਾਈ ਹੇਠ ਲੜੀਆਂ ਜਾਣਗੀਆਂ। ਇਸ ਬਾਰੇ ਜਾਣਕਾਰ ਸੂਤਰਾਂ ਨੇ ਦੱਸਿਆ ਕਿ ਭਾਜਪਾ ਦੀ ਪਹਿਲਾਂ ਇਹ ਰਿਵਾਇਤ ਨਹੀਂ ਸੀ ਕਿ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਦਾ ਨਾਂ ਐਲਾਨਿਆ ਜਾਵੇ, ਸਿਰਫ਼ 2013 ਅਤੇ 2015 ਵਿੱਚ ਏਦਾਂ ਕੀਤਾ ਗਿਆ ਸੀ। ਇਸ ਲਈ ਭਾਜਪਾ ਹਾਈ ਕਮਾਨ ਇਸ ਵਾਰ ਚੋਣਾਂ ਮਗਰੋਂ ਵਿਧਾਇਕਾਂ ਉਪਰ ਫ਼ੈਸਲਾ ਛੱਡਣ ਦੇ ਹੱਕ ਵਿੱਚ ਹੈ।

ਕੇਂਦਰੀ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਸੰਕੇਤ ਦਿੱਤੇ ਸਨ ਕਿ ਮਨੋਜ ਤਿਵਾੜੀ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਹੋ ਸਕਦੇ ਹਨ, ਪਰ ਬਾਅਦ ਵਿੱਚ ਇਸ ਬਿਆਨ ਦਾ ਸਪੱਸ਼ਟੀਕਰਨ ਦਿੱਤਾ ਸੀ। ਪਿਛਲੇ ਮਹੀਨੇ ਕੇਂਦਰੀ ਗ੍ਰਹਿ ਮੰਤਰੀ ਤੇ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ ਲੋਕ ਸਭਾ ਮੈਂਬਰ ਪ੍ਰਵੇਸ਼ ਸਾਹਿਬ ਸਿੰਘ ਵਰਮਾ ਦਾ ਨਾਂ ਲੈ ਕੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਵਿਕਾਸ ਦੇ ਮੁੱਦੇ 'ਤੇ ਬਹਿਸ ਦੀ ਚੁਣੌਤੀ ਦਿੱਤੀ ਸੀ। ਉਦੋਂ ਕਿਆਸ ਲਾਏ ਗਏ ਸਨ ਕਿ ਵਰਮਾ ਇਸ ਅਹੁਦੇ ਲਈ ਉਮੀਦਵਾਰ ਹੋ ਸਕਦੇ ਹਨ। ਪਾਰਟੀ ਨੇ 2013 ਦੀਆਂ ਚੋਣਾਂ ਦੌਰਾਨ ਦਿੱਲੀ ਦੇ ਸੀਨੀਅਰ ਆਗੂ ਡਾ. ਹਰਸ਼ਵਰਧਨ ਨੂੰ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਐਲਾਨਿਆ ਸੀ ਤੇ ਪਾਰਟੀ ਬਣੀ ਪਰ ਸਰਕਾਰ ਪਹਿਲੀ ਵਾਰ ਸਿਆਸੀ ਦ੍ਰਿਸ਼ ਉਪਰ ਆਈ ਆਮ ਆਦਮੀ ਪਾਰਟੀ (28 ਸੀਟਾਂ) ਨੇ ਕਾਂਗਰਸ (8 ਸੀਟਾਂ) ਨਾਲ ਮਿਲ ਕੇ ਬਣਾਈ ਸੀ।

2015 ਦੀ ਵਿਧਾਨ ਸਭਾ ਚੋਣ ਅੰਨਾ ਹਜ਼ਾਰੇ ਅੰਦੋਲਨ ਦੀ ਅਰਵਿੰਦ ਕੇਜਰੀਵਾਲ ਦੀ ਸਾਥੀ ਰਹੀ ਸਾਬਕਾ ਆਈ ਪੀ ਐਸ ਅਧਿਕਾਰੀ ਕਿਰਨ ਬੇਦੀ ਨੂੰ ਸ੍ਰੀ ਕੇਜਰੀਵਾਲ ਦੇ ਸਾਹ-ਮਣੇ ਮੁੱਖ ਮੰਤਰੀ ਦੇ ਅਹੁਦੇ ਦੀ ਉਮੀਦਵਾਰ ਬਣਾ ਕੇ ਲੜੀ ਗਈ ਪਰ ਭਾਜਪਾ ਮਾਤਰ ਤਿੰਨ ਹਲਕੇ ਹੀ ਜਿੱਤ ਸਕੀ ਸੀ।

## ਬਿਜਲੀ ਚੋਰੀ ਕਰਦੇ ਫੜੇ ਗਏ ਨੌਂ ਬਿਜਲੀ ਅਫਸਰਾਂ ਨੂੰ ਹੋਇਆ 27 ਲੱਖ ਜੁਰਮਾਨਾ

ਪਾਣੀਪਤ, 8 ਜਨਵਰੀ (ਪੋਸਟ ਬਿਊਰੋ)- ਥਰਮਲ ਅਫਸਰ ਕਲੋਨੀ ਵਿੱਚ ਬਿਜਲੀ ਚੋਰੀ ਕਰਦੇ ਫੜੇ ਨੌਂ ਅਧਿਕਾਰੀਆਂ 'ਤੇ ਸੱਤ ਲੱਖ ਰੁਪਏ ਜੁਰਮਾਨਾ ਲਾਇਆ ਗਿਆ ਹੈ। ਸਾਰੇ ਅਧਿਕਾਰੀਆਂ ਦੇ ਜੁਰਮਾਨੇ ਦੀ ਐੱਲ ਐੱਲ-ਵਨ ਭਰ ਕੇ ਉਨ੍ਹਾਂ ਨੂੰ ਜੁਰਮਾਨੇ ਦੇ ਨੋਟਿਸ ਫੜਾ ਦਿੱਤੇ ਗਏ ਹਨ।

ਪਤਾ ਲੱਗਾ ਹੈ ਕਿ ਬਿਜਲੀ ਚੋਰੀ ਦੀ ਸ਼ਿਕਾਇਤ ਉੱਤੇ ਬਿਜਲੀ ਮੰਤਰੀ ਰਣਜੀਤ ਚੌਟਾਲਾ ਨੇ ਚਾਰ ਜਨਵਰੀ ਰਾਤ ਨੂੰ ਛਾਪੇਮਾਰੀ ਕਰ ਕੇ ਚੋਰੀਆਂ ਫੜੀਆਂ ਸਨ। ਚੋਰੀ ਦੇ ਕੇਸ ਵਿੱਚ ਫੜੇ ਗਏ ਕਿਸੇ ਵੀ ਅਧਿਕਾਰੀ ਦਾ ਨਾਂਅ ਮੰਤਰੀ ਅਜੇ ਬਿਜਲੀ ਅਧਿਕਾਰੀਆਂ ਨੇ ਨਹੀਂ ਦੱਸਿਆ। ਅਧਿਕਾਰੀਆਂ ਦੀਆਂ ਕੋਠੀਆਂ ਵਿੱਚ ਫੜੀ ਗਈ ਬਿਜਲੀ ਚੋਰੀ ਦੇ ਕੇਸ ਖਤਮ ਕਰਨ ਬਾਰੇ ਚੰਡੀਗੜ੍ਹ ਵਿੱਚ ਬਿਜਲੀ ਮੰਤਰੀ ਰਣਜੀਤ ਸਿੰਘ ਚੌਟਾਲਾ ਅਤੇ ਬਿਜਲੀ ਨਿਗਮ ਦੇ ਉਚ ਅਧਿਕਾਰੀਆਂ ਦੀ ਬੈਠਕ ਚੱਲੀ ਤਾਂ ਇਸੇ ਗੱਲ ਬਾਰੇ ਚਰਚਾ ਰਹੀ ਕਿ ਬੈਠਕ ਵਿੱਚ ਅੰਤਿਮ ਫੈਸਲਾ ਇਹੀ ਰਿਹਾ ਕਿ ਕਿਸੇ ਵੀ ਅਧਿਕਾਰੀ ਦੀ ਚੋਰੀ ਰੱਦ ਨਹੀਂ ਕੀਤੀ ਜਾਏਗੀ।



ਪਾਣੀਪਤ ਥਰਮਲ ਪਾਵਰ ਸਟੇਸ਼ਨ ਦੇ ਇੰਜੀਨੀਅਰ ਐਸੋਸੀਏਸ਼ਨ ਦੇ ਪ੍ਰਧਾਨ ਸੀ ਐੱਸ ਕੌਸ਼ਿਕ ਦੀ ਅਗਵਾਈ ਵਿੱਚ ਸਥਾਨਕ ਅਧਿਕਾਰੀ ਬਿਜਲੀ ਮੰਤਰੀ ਨੂੰ ਮਿਲਣ ਚੰਡੀਗੜ੍ਹ ਗਏ ਸਨ। ਦੱਸਿਆ ਜਾਂਦਾ ਹੈ ਕਿ ਥਰਮਲ ਦੇ ਇੱਕ ਉਚ ਅਧਿਕਾਰੀ ਨੂੰ ਸਭ ਤੋਂ ਵੱਧ 1.10 ਲੱਖ ਰੁਪਏ ਜੁਰਮਾਨਾ ਲਗਾਇਆ ਗਿਆ ਹੈ।

ਥਰਮਲ ਅਧਿਕਾਰੀਆਂ ਨੇ ਆਪਣੀਆਂ ਕੋਠੀਆਂ ਸਾਹਮਣੇ ਖੜ੍ਹੇ ਪੋਲ ਕੇਬਲ ਵਿੱਚ ਕੱਟ ਮਾਰ ਕੇ ਕੁੰਡੀਆਂ ਲਾਈਆਂ ਹੋਈਆਂ ਸਨ। ਇਸੇ ਕੁੰਡੀ ਕੁਨੈਕਸ਼ਨ ਨਾਲ ਅਧਿਕਾਰੀਆਂ ਦੇ ਘਰਾਂ ਵਿੱਚ ਬਿਜਲੀ ਸਪਲਾਈ ਚੱਲ ਰਹੀ ਸੀ। ਮੰਤਰੀ ਨੇ ਥਰਮਲ ਦੇ ਚੀਫ ਇੰਜੀਨੀਅਰ, ਡੀ ਏ ਵੀ ਥਰਮਲ ਸਕੂਲ ਅਤੇ ਅੱਠ ਐੱਸ ਈ ਰੈਂਕ ਦੇ ਅਧਿਕਾਰੀਆਂ ਦੀਆਂ ਕੋਠੀਆਂ 'ਤੇ ਚੋਰੀ ਦੇ ਸ਼ੱਕ ਵਿੱਚ ਛਾਪੇਮਾਰੀ ਕੀਤੀ ਸੀ। ਇਸੇ ਛਾਪੇਮਾਰੀ ਦੌਰਾਨ ਚੋਰੀ ਦੇ ਨੌਂ ਕੇਸ ਬਣਾ ਕੇ ਸਾਰਿਆਂ ਦੀ ਐੱਲ ਐੱਲ ਵਨ ਭਰ ਦਿੱਤੀ ਗਈ ਹੈ।

## ਅਜਿਹੀ 'ਜ਼ਾਲਿਮਾਨਾ ਸਿਆਸਤ' ਪਹਿਲਾਂ ਕਦੇ ਨਹੀਂ ਦੇਖੀ: ਸ਼ਿਵ ਸੈਨਾ




ਮੁੰਬਈ, 8 ਜਨਵਰੀ (ਪੋਸਟ ਬਿਊਰੋ)- ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ ਐਨ ਯੂ) ਦੇ ਵਿਦਿਆਰਥੀਆਂ ਉਤੇ ਹਮਲਿਆ ਪਿੱਛੋਂ ਸ਼ਿਵ ਸੈਨਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਵਰ੍ਹਦਿਆਂ ਦੋਸ਼ ਲਾਇਆ ਹੈ ਕਿ ਉਹ ਜੋ ਕੁਝ ਚਾਹੁੰਦੇ ਹਨ, ਉਹੋ ਕੁਝ ਵਾਪਰ ਰਿਹਾ ਹੈ, ਪਰ ਅਸੀਂ ਅਜਿਹੀ 'ਜ਼ਾਲਿਮਾਨਾ ਸਿਆਸਤ' ਮੁਲਕ 'ਚ ਪਹਿਲਾਂ ਕਦੇ ਵੀ ਨਹੀਂ ਦੇਖੀ ਹੈ।

ਸ਼ਿਵ ਸੈਨਾ ਦੇ ਮੁੱਖ ਪੱਤਰ 'ਸਾਮਨਾ' ਦੇ ਸੰਪਾਦਕੀ ਵਿੱਚ ਸ਼ਿਵ ਸੈਨਾ ਨੇ ਦੋਸ਼ ਲਾਇਆ ਕਿ ਭਾਜਪਾ ਸੋਧੇ ਹੋਏ ਨਾਗਰਿਕਤਾ ਕਾਨੂੰਨ (ਸੀ ਏ ਏ) ਦੇ ਮੁੱਦੇ ਉੱਤੇ 'ਹਿੰਦੂ-ਮੁਸਲਮਾਨਾਂ 'ਚ ਦੰਗੇ' ਦੇਖਣਾ ਚਾਹੁੰਦੀ ਸੀ ਪਰ ਉਨ੍ਹਾਂ ਦੇ ਮਨਸੂਬੇ ਪੂਰੇ ਨਹੀਂ ਹੋਏ। ਸੀ ਏ ਏ ਦੇ ਮੁੱਦੇ ਉੱਤੇ ਭਾਜਪਾ ਖੁੱਡੇ ਲੱਗ ਗਈ ਹੈ ਤਾਂ 'ਬਦਲੇ ਦੀ ਭਾਵਨਾ' ਨਾਲ ਕਈ ਹੋਰ ਘਟਨਾਵਾਂ ਵਾਪਰ ਰਹੀਆਂ ਹਨ। ਜੇ ਐਨ ਯੂ ਦੇ ਵਿਦਿਆਰਥੀਆਂ 'ਤੇ ਹਮਲੇ ਦੀ ਤੁਲਨਾ 26/11 ਦੇ ਮੁੰਬਈ ਦਹਿਸ਼ਤੀ ਹਮਲਿਆਂ ਨਾਲ ਕਰਦਿਆਂ ਸ਼ਿਵ ਸੈਨਾ ਨੇ ਕਿਹਾ ਕਿ 'ਵੰਡੀਆਂ ਵਾਲੀ ਸਿਆਸਤ' ਮੁਲਕ ਲਈ ਖ਼ਤਰਨਾਕ ਹੈ। ਸੰਪਾਦਕੀ ਵਿੱਚ ਕਿਹਾ ਗਿਆ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਵੱਲੋਂ ਜੇ ਐਨ ਯੂ ਵਿੱਚ 'ਅਣਪਛਾਤੇ' ਹਮਲਾਵਰਾਂ ਦੇ ਖ਼ਿਲਾਫ਼ ਕੇਸ ਦਰਜ ਕਰਨ ਦਾ ਫੈਸਲਾ ਹਾਸੋ-ਹੀਣਾ ਹੈ। ਉਨ੍ਹਾਂ ਦਾਅਵਾ ਕੀਤਾ, "ਜਿਹੜੇ ਜੇ ਐਨ ਯੂ ਵਿੱਚ ਨਕਾਬਪੋਸ਼ ਗਏ ਸਨ, ਉਹ ਅਣਪਛਾਤੇ ਨਹੀਂ ਹਨ।" ਸ਼ਿਵ ਸੈਨਾ ਨੇ ਕਿਹਾ ਕਿ ਜਦੋਂ ਅਮਿਤ ਸ਼ਾਹ ਕਾਂਗਰਸ ਆਗੂਆਂ ਰਾਹੁਲ ਗਾਂਧੀ ਤੇ ਪ੍ਰਿਯੰਕਾ ਗਾਂਧੀ ਵਾਡਰਾ 'ਤੇ ਹਿੰਸਾ ਭੜਕਾਉਣ ਦਾ ਦੋਸ਼ ਲਾਉਂਦੇ ਹਨ ਤਾਂ ਉਹ (ਸ਼ਾਹ) ਕਬੂਲ ਕਰਦੇ ਹਨ ਕਿ ਦੋਵੇਂ ਆਗੂਆਂ ਕੋਲ ਕੇਂਦਰ ਵੱਲੋਂ ਲਿਆਂਦੇ ਗਏ ਕਾਨੂੰਨ ਦੇ ਖ਼ਿਲਾਫ਼ ਭੀੜ ਇਕੱਠੀ ਕਰਨ ਦੀ ਵੱਧ ਤਾਕਤ ਹੈ। ਉਨ੍ਹਾਂ ਮੁਤਾਬਕ ਪ੍ਰਿਯੰਕਾ ਤੇ ਰਾਹੁਲ ਵੱਲੋਂ ਹਿੰਸਾ ਭੜਕਾਉਣ ਦਾ ਤਾਂ ਪਤਾ ਨਹੀਂ, ਪਰ ਇੱਕ ਗੱਲ ਪੱਕੀ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਤੇ ਉਨ੍ਹਾਂ ਦੀ ਪਾਰਟੀ ਨੂੰ ਨਵੇਂ ਨਾਗਰਿਕਤਾ ਕਾਨੂੰਨ 'ਤੇ 'ਸਫ਼ਾਈ' ਦੇਣ ਲਈ ਪਰਚੇ ਵੰਡਣੇ ਪੈ ਰਹੇ ਹਨ।

## ਗਨੌਰ ਵਿੱਚ ਦੋ ਲੋਕਾਂ ਨੂੰ ਗੋਲੀ ਮਾਰੀ, ਇੱਕ ਦੀ ਮੌਤ

ਗਨੌਰ (ਹਰਿਆਣਾ), 8 ਜਨਵਰੀ (ਪੋਸਟ ਬਿਊਰੋ)- ਹਰਿਆਣਾ ਦੇ ਜ਼ਿਲਾ ਸੋਨੀਪਤ ਵਿੱਚ ਬੜੀ-ਸ਼ਾਹਪੁਰ ਰੋਡ ਤੋਂ ਥਾਣਾ ਬੜੀ ਪੁਲਸ ਨੇ ਇੱਕ ਵਿਅਕਤੀ ਦੀ ਲਾਸ਼ ਬਰਾਮਦ ਕੀਤੀ ਹੈ, ਜਦ ਕਿ ਲਾਸ਼ ਤੋਂ ਕੁਝ ਦੂਰ ਉਸ ਦਾ ਇੱਕ ਸਾਥੀ ਜ਼ਖਮੀ ਹਾਲਤ ਵਿੱਚ ਮਿਲਿਆ ਹੈ। ਦੋਵਾਂ ਵਿਅਕਤੀਆਂ 'ਤੇ ਗੋਲੀਆਂ ਚਲਾਈਆਂ ਗਈਆਂ ਹਨ।

ਪੁਲਸ ਨੇ ਜ਼ਖਮੀ ਵਿਅਕਤੀ ਨੂੰ ਗਨੌਰ ਦੇ ਕਮਿਊਨਿਟੀ ਸਿਹਤ ਕੇਂਦਰ ਵਿੱਚ ਭਰਤੀ ਕਰਾਇਆ, ਪਰੰਤੂ ਉਸ ਦੀ ਗੰਭੀਰ ਹਾਲਤ ਦੇਖਦੇ ਹੋਏ ਡਾਕਟਰਾਂ ਨੇ ਉਸ ਨੂੰ ਰੋਹਤਕ ਪੀ ਜੀ ਆਈ ਰੈਫਰ ਕਰ ਦਿੱਤਾ। ਘਟਨਾ ਵਾਲੀ ਜਗ੍ਹਾ ਤੋਂ ਇੱਕ ਗੈਰ ਕਾਨੂੰਨੀ ਪਿਸਤੌਲ ਅਤੇ ਜ਼ਿੰਦਾ ਕਾਰਤੂਸ ਵੀ ਬਰਾਮਦ ਹੋਏ ਹਨ। ਪੁਲਸ ਅਨੁਸਾਰ ਗੋਲੀ ਲੱਗਣ ਨਾਲ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਵਿਅਕਤੀ ਦੀ ਪਛਾਣ ਪੰਜਾਬ ਵਿੱਚ



ਕਪੂਰਥਲਾ ਦੇ ਪਿੰਡ ਦਾਊਦਪੁਰ ਦੇ ਸਤਵੰਤ ਉਰਫ ਜਸਵੰਤ ਦੇ ਰੂਪ ਵਿੱਚ ਹੋਈ ਹੈ, ਜਦ ਕਿ ਮ੍ਰਿਤਕ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ। ਡੀ ਐੱਸ ਪੀ ਗਨੌਰ ਸੰਦੀਪ ਮਲਿਕ ਨੇ ਦੱਸਿਆ ਕਿ ਜਾਂਚ ਵਿੱਚ ਪਤਾ ਲੱਗਾ ਹੈ ਕਿ ਇਨ੍ਹਾਂ 'ਤੇ ਹਮਲਾ ਕੀਤਾ ਗਿਆ ਹੈ। ਜ਼ਖਮੀ ਜਸਵੰਤ ਦੇ ਹੋਸ਼ ਵਿੱਚ ਆਉਣ ਦਾ ਵੀ ਇੰਤਜ਼ਾਰ ਕੀਤਾ ਜਾ ਰਿਹਾ ਹੈ, ਤਾਂ ਕਿ ਜਾਣਕਾਰੀ ਮਿਲ ਸਕੇ। ਫਿਲਹਾਲ ਪੁਲਸ ਨੇ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਡੀ ਐੱਸ ਪੀ ਸੰਦੀਪ ਮਲਿਕ ਨੇ ਦੱਸਿਆ ਕਿ ਜਾਂਚ ਵਿੱਚ ਪਤਾ ਲੱਗਾ ਕਿ ਜਸਵੰਤ 'ਤੇ ਪੰਜਾਬ ਵਿੱਚ 10 ਤੋਂ ਵੱਧ ਸੰਗੀਨ ਮਾਮਲੇ ਦਰਜ ਹਨ। ਇਸ ਦੇ ਇਲਾਵਾ ਉਸ ਦੀ ਜੇਬ 'ਚੋਂ ਵੋਲਵੋ ਬਸ ਦੀ ਟਿਕਟ ਵੀ ਮਿਲੀ ਹੈ।

## ਕਾਨੂੰਨੀ ਫਰਜ਼ ਵੱਜੋਂ ਫਾਂਸੀ ਦੇਣ ਤੋਂ ਪਹਿਲਾਂ ਜੇਲ੍ਹਰ ਦੌੜ ਲਾਉਂਦੈ

ਨਵੀਂ ਦਿੱਲੀ, 8 ਜਨਵਰੀ (ਪੋਸਟ ਬਿਊਰੋ)- ਨਿਰਭੈਆ ਕਾਂਡ ਦੇ ਦੋਸ਼ੀਆਂ ਦੇ ਮੌਤ ਦੇ ਵਾਰੰਟ ਜਾਰੀ ਹੋਣ ਪਿੱਛੋਂ ਦੋਸ਼ੀਆਂ ਨੂੰ 14 ਦਿਨ ਸਮਾਂ ਮਿਲਿਆ ਹੈ। ਇਸ ਤੋਂ ਪਹਿਲਾਂ ਪਟਿਆਲਾ ਹਾਊਸ ਕੋਰਟ ਦੇ ਜੱਜ ਨੇ ਵੀਡੀਓ ਕਾਨਫ਼ਰੰਸਿੰਗ ਜ਼ਰੀਏ ਚਾਰਾਂ ਦੋਸ਼ੀਆਂ ਨਾਲ ਗੱਲ ਕੀਤੀ। ਇਸ ਦੌਰਾਨ ਮੀਡੀਆ ਨੂੰ ਵੀ ਅੰਦਰ ਨਹੀਂ ਸੀ ਜਾਣ ਦਿੱਤਾ ਗਿਆ। ਸੁਣਵਾਈ ਦੌਰਾਨ ਨਿਰਭੈਆ ਦੀ ਮਾਂ ਅਤੇ ਦੋਸ਼ੀ ਮੁਕੇਸ਼ ਦੀ ਮਾਂ ਅਦਾਲਤ ਵਿੱਚ ਹੀ ਰੋ ਪਈਆਂ।

ਪਤਾ ਲੱਗਾ ਹੈ ਕਿ ਕਿਸੇ ਵੀ ਦੋਸ਼ੀ ਨੂੰ ਫਾਂਸੀ ਦੇਣ ਤੋਂ ਪਹਿਲਾਂ ਜੇਲ੍ਹਰ ਇੱਕ ਦੌੜ ਲਾਉਂਦਾ ਹੈ। ਫਾਂਸੀ ਦੇਣ ਤੋਂ ਠੀਕ ਪਹਿਲਾਂ ਜੇਲ੍ਹਰ ਦੌੜ ਕੇ ਆਪਣੇ ਦਫ਼ਤਰ ਜਾਂਦਾ ਹੈ। ਜਦੋਂ ਨਿਰਭੈਆ ਬਲਾਤਕਾਰ ਕੇਸ ਦੇ ਦੋਸ਼ੀਆਂ ਨੂੰ ਫਾਂਸੀ ਦਿੱਤੀ ਗਈ ਤਾਂ ਉਸ ਵਕਤ ਵੀ ਅਜਿਹਾ ਹੀ ਹੋਵੇਗਾ। ਬਲੈਕ ਵਾਰੰਟ ਜਾਰੀ ਹੋਣ ਦੇ ਬਾਅਦ ਅਦਾਲਤ ਵੱਲੋਂ ਨਿਰਧਾਰਿਤ ਤਰੀਕ ਅਤੇ ਸਮੇਂ 'ਤੇ ਚਾਰਾਂ ਨੂੰ ਫਾਂਸੀ ਦਿੱਤੀ ਜਾਵੇਗੀ, ਪਰ ਫਾਂਸੀ ਦੇਣ ਤੋਂ ਪਹਿਲਾਂ ਜੇਲ੍ਹ ਸੁਪਰਡੈਂਟ ਇੱਕ ਵਾਰ ਦੌੜ ਕੇ ਇਹ ਦੇਖਣ ਆਪਣੇ ਦਫ਼ਤਰ ਜਾਂਦੇ ਹਨ ਕਿ ਕਿਤੇ ਫਾਂਸੀ ਰੋਕਣ ਦਾ ਕੋਈ ਆਦੇਸ਼ ਤਾਂ ਨਹੀਂ ਆਇਆ। ਜੇ ਕੋਈ ਆਦੇਸ਼ ਨਹੀਂ ਹੁੰਦਾ ਤਾਂ ਤੈਅ ਸਮੇਂ 'ਤੇ ਫਾਂਸੀ ਦੇ ਦਿੱਤੀ ਜਾਂਦੀ ਹੈ। ਫਾਂਸੀ ਤੋਂ ਪਹਿਲਾਂ ਕੈਦੀਆਂ ਨੂੰ ਨੁਹਾਇਆ ਜਾਂਦਾ ਤੇ ਨਾਸ਼ਤਾ ਦਿੱਤਾ ਜਾਂਦਾ ਹੈ। ਫਿਰ ਕਾਲੇ ਕੱਪੜੇ ਪੁਆ ਕੇ ਫਾਂਸੀ ਦੇ ਫੰਦੇ ਤੱਕ ਲਿਜਾਇਆ ਜਾਂਦਾ ਹੈ। ਉਸ ਸਮੇਂ ਕੈਦੀ ਦੇ ਨਾਲ 12 ਸੁਰੱਖਿਆ ਕਰਮੀਂ ਹੁੰਦੇ ਹਨ। ਫਾਂਸੀ ਦਿੰਦੇ ਸਮੇਂ ਸਿਰਫ਼ ਚਾਰ ਲੋਕ ਮੌਜੂਦ ਹੁੰਦੇ ਹਨ। ਫਾਂਸੀ ਦੇਣ ਦੇ ਬਾਅਦ ਅੱਧੇ ਘੰਟੇ ਤੱਕ ਸਰੀਰ ਨੂੰ ਫਾਂਸੀ ਦੇ ਫੰਦੇ 'ਤੇ ਲਟਕਿਆ ਰਹਿਣ ਦਿੱਤਾ ਜਾਂਦਾ ਹੈ।

## 30 ਕਰੋੜ ਦੇ ਨੋਟਾਂ ਉੱਤੇ ਵੱਖਵਾਦੀ ਨਾਅਰੇ ਲਿਖੇ ਹੋਣ ਦਾ ਮਾਮਲਾ ਸੁਪਰੀਮ ਕੋਰਟ ਪੁੱਜਾ

ਨਵੀਂ ਦਿੱਲੀ, 8 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਜੰਮੂ-ਕਸ਼ਮੀਰ ਵਿੱਚ ਭਾਰਤੀ ਰਿਜ਼ਰਵ ਬੈਂਕ ਦੀ ਬ੍ਰਾਂਚ ਵਿੱਚ ਉਨ੍ਹਾਂ ਨੋਟਾਂ, ਜਿਨ੍ਹਾਂ 'ਤੇ ਵੱਖਵਾਦੀ ਨਾਅਰੇ ਲਿਖੇ ਸਨ, ਨੂੰ ਬਦਲਣ ਦੇ ਕੇਸ ਦੀ ਅਦਾਲਤੀ ਨਿਗਰਾਨੀ ਵਿੱਚ ਸੀ ਬੀ ਆਈ ਜਾਂਚ ਕਰਾਉਣ ਦੀ ਮੰਗ 'ਤੇ ਸਾਲਿਸਟਰ ਜਨਰਲ ਕੋਲੋਂ ਰਾਇ ਮੰਗੀ ਹੈ।

ਇਸ ਸੰਬੰਧ ਵਿੱਚ ਦੋਸ਼ ਇਹ ਹੈ ਕਿ 2013 ਵਿੱਚ ਤੀਹ ਕਰੋੜ ਰੁਪਏ ਮੁੱਲ ਦੇ ਨੋਟ ਜੰਮੂ ਦੀ ਆਰ ਬੀ ਆਈ ਬ੍ਰਾਂਚ ਵਿੱਚ ਬਦਲੇ ਗਏ ਸਨ, ਜਿਨ੍ਹਾਂ ਉੱਤੇ ਵੱਖਵਾਦੀ ਨਾਅਰੇ ਲਿਖੇ ਸਨ। ਚੀਫ ਜਸਟਿਸ ਐੱਸ ਏ ਬੋਬੜੇ ਦੀ ਅਗਵਾਈ ਵਾਲੀ ਬੈਂਚ ਨੇ ਸਾਲਿ-ਸਟਰ ਜਨਰਲ ਤੁਸ਼ਾਰ ਮਹਿਤਾ ਨੂੰ ਕਿਹਾ ਕਿ ਉਹ ਇਸ ਸ਼ਿਕਾਇਤ ਉਤੇ ਵਿਚਾਰ ਕਰਨ ਅਤੇ ਦੋ ਹਫਤਿਆਂ ਅੰਦਰ ਇਸ ਬਾਰੇ ਆਪਣਾ ਪੱਖ ਦੱਸਣ। ਆਰ ਟੀ ਆਈ ਵਰਕਰ ਸਤੀਸ਼ ਭਾਰਦਵਾਜ ਨੇ ਇਸ ਮਾਮਲੇ ਵਿੱਚ ਪਟੀਸ਼ਨ ਦਾਇਰ ਕੀਤੀ ਹੈ ਅਤੇ ਸੀਨੀਅਰ ਆਦਲਤ ਦੀ ਨਿਗਰਾਨੀ ਵਿੱਚ ਸੀ ਬੀ ਆਈ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਪਟੀਸ਼ਨਰ ਅਨੁਸਾਰ ਕਸ਼ਮੀਰ ਗ੍ਰੈਫਿਟੀ ਨਾਂਅ ਦੇ ਵੱਖਵਾਦੀ ਸਮੂਹ ਨੇ ਫੇਸਬੁਕ 'ਤੇ ਲਿਖਿਆ ਹੈ ਕਿ ਅਗਸਤ 2013 ਵਿੱਚ ਤੀਹ ਕਰੋੜ ਰੁਪਏ ਦੇ ਨੋਟਾਂ 'ਤੇ ਵੱਖਵਾਦੀ ਨਾਅਰੇ ਲਿਖੇ ਗਏ ਸਨ।

## ਪ੍ਰਸਿੱਧ ਢਾਡੀ ਈਦੂ ਸ਼ਰੀਫ਼ ਦਾ ਦੇਹਾਂਤ

ਪੰਚਕੂਲਾ, 8 ਜਨਵਰੀ (ਪੋਸਟ ਬਿਊਰੋ)- ਉਘੇ ਸੂਫ਼ੀ ਢਾਡੀ ਈਦੂ ਸ਼ਰੀਫ਼ ਦਾ ਕੱਲ੍ਹ ਦੇਹਾਂਤ ਹੋ ਗਿਆ। ਮਨੀਮਾਜਰਾ ਦੀ ਆਪਣੀ ਰਿਹਾਇਸ਼ 'ਤੇ ਬਾਅਦ ਦੁਪਹਿਰ ਉਨ੍ਹਾਂ ਨੇ ਆਖ਼ਰੀ ਸਾਹ ਲਏ।

ਵਰਨਣ ਯੋਗ ਹੈ ਕਿ 70 ਸਾਲਾ ਈਦੂ ਲੰਮੇ ਸਮੇਂ ਤੋਂ ਅਧਰੰਗ ਤੋਂ ਪੀੜਤ ਸਨ। ਉਨ੍ਹਾਂ ਦੇ ਬੇਟੇ ਸੁੱਖੀ ਖਾਨ ਨੇ ਦੱਸਿਆ ਕਿ ਈਦੂ ਚਾਰ ਸਾਲ ਤੋਂ ਮੰਜੇ 'ਤੇ ਸਨ ਤੇ ਇਲਾਜ ਚੱਲ ਰਿਹਾ ਸੀ। ਕੁਝ ਦਿਨਾਂ ਤੋਂ ਹਾਲਤ ਵੱਧ ਮਾੜੀ ਹੋ ਗਈ ਸੀ ਤੇ ਕੁਝ ਖਾ-ਪੀ ਨਹੀਂ ਰਹੇ ਸਨ। ਈਦੂ ਸ਼ਰੀਫ਼ ਲੰਮਾ ਸਮਾਂ ਨਾਰਥ ਜ਼ੋਨ ਕਲਚਰਲ ਸੈਂਟਰ ਨਾਲ ਵੀ ਜੁੜੇ ਰਹੇ। ਈਦੂ ਦੇ ਗਾਏ ਗੀਤੇ ਅਤੇ ਵਜਾਈ ਸਾਰੰਗੀ ਵਿੱਚ ਅਜਿਹਾ ਜਾਦੂ ਸੀ ਕਿ ਮਰਹੂਮ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਡੇਢ ਘੰਟਾ ਖੜ੍ਹੇ ਹੋ ਕੇ ਉਸ ਨੂੰ ਸੁਣਦੇ ਰਹੇ ਸਨ। ਉਨ੍ਹਾਂ ਦਾ ਸਬੰਧ ਮਹਾਰਾਜ ਪਟਿਆਲਾ ਦੇ ਸ਼ਾਹੀ ਸੰਗੀਤਕ ਘਰਾਣੇ ਨਾਲ ਵੀ ਸੀ। ਭਾਰਤ ਉਤਸਵ ਵੇਲੇ ਈਦੂ ਨੂੰ ਮਿਊਜ਼ਿਕ ਟਾਈਮਜ਼ ਨੇ ਰਿਕਾਰਡ ਕੀਤਾ ਸੀ। ਉਸ ਦੀ ਗਾਈ ਹੀਰ ਦੀ ਕਲੀ ਦਾ ਕੋਈ ਜੋੜ ਨਹੀਂ ਸੀ। ਈਦੂ ਆਖ਼ਰੀ ਸਾਹਾਂ ਤੱਕ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਹੀ ਪ੍ਰਫੁੱਲਤ ਕਰਦੇ ਰਹੇ।

## ਵਿਦਿਆਰਥੀਆਂ ਦੇ ਸਮਰਥਨ ਵਿੱਚ ਦੀਪਿਕਾ ਪਾਦੂਕੋਨ ਜੇ ਐਨ ਯੂ ਪੁੱਜੀ



ਨਵੀਂ ਦਿੱਲੀ, 8 ਜਨਵਰੀ (ਪੋਸਟ ਬਿਊਰੋ)- ਬਾਲੀਵੁੱਡ ਅਦਾਕਾਰਾ ਦੀਪਿਕਾ ਪਾਦੂਕੋਨ ਕੱਲ੍ਹ ਸ਼ਾਮ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ 'ਚ ਪ੍ਰਦਰਸ਼ਨ ਕਰਦੇ ਵਿਦਿਆਰਥੀਆਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕਰਨ ਪੁੱਜੀ। ਇਸ ਮੌਕੇ ਉਹ ਜੇ ਐਨ ਯੂ ਦੀ ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਆਇਸ਼ੀ ਘੋਸ਼ ਨੂੰ ਵੀ ਮਿਲੀ। ਸੀ ਪੀ ਆਈ ਐਮ ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਆਗੂ ਡੀ ਰਾਜਾ ਵੀ ਇਸ ਮੌਕੇ ਮੌਜੂਦ ਸਨ।

ਦੀਪਿਕਾ ਕੱਲ੍ਹ ਸ਼ਾਮ ਕਰੀਬ 7.45 ਵਜੇ ਅਚਾਨਕ ਜੇ ਐਨ ਯੂ ਪਹੁੰਚੀ। ਇਸ ਦੌਰਾਨ ਕੀਰਬ ਉਹ 10-15 ਮਿੰਟ ਤੱਕ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਦੇ ਨਾਲ ਰਹੀ। ਇਸ ਦੌਰਾਨ ਉਸ ਨੇ ਸੰਬੋਧਨ ਨਹੀਂ ਕੀਤਾ। ਬਾਲੀਵੁੱਡ ਅਦਾਕਾਰਾ ਦੀ ਮੌਜੂਦਗੀ ਵਿੱਚ ਜੇ ਐਨ ਯੂ ਦੇ ਸਾਬਕਾ ਪ੍ਰਧਾਨ ਕਨ੍ਹੱਈਆ ਕੁਮਾਰ ਨੇ 'ਜੈ ਭੀਮ' ਦੇ ਨਾਅਰੇ ਲਾਏ, ਜਦੋਂ ਕਿ ਆਇਸ਼ੀ ਘੋਸ਼ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਤੁਸੀਂ ਕੁਝ ਬੋਲਣ ਦੀ ਸਥਿਤੀ 'ਚ ਹੁੰਦੇ ਹੋ, ਤਾਂ ਤੁਹਾਨੂੰ ਬੋਲਣਾ ਚਾਹੀਦਾ ਹੈ।

## ਰਾਜੀਵ ਗਾਂਧੀ ਦੇ ਦੋਸ਼ੀਆਂ ਦੀ ਰਿਹਾਈ ਦੀ ਤਜਵੀਜ਼ ਰੱਦ ਕੀਤੀ ਸੀ

ਚੇਨਈ, 8 ਜਨਵਰੀ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਮਦਰਾਸ ਹਾਈ ਕੋਰਟ ਨੂੰ ਕਿਹਾ ਕਿ ਉਸ ਨੇ ਰਾਜੀਵ ਗਾਂਧੀ ਕਤਲ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਵਾਲੇ ਸਾਰੇ ਦੋਸ਼ੀਆਂ ਨੂੰ ਛੱਡਣ ਦਾ ਤਾਮਿਲਨਾਡੂ ਸਰਕਾਰ ਦਾ ਮਾਰਚ 2016 ਦਾ ਫੈਸਲਾ ਦੋ ਸਾਲ ਪਹਿਲਾਂ ਰੱਦ ਕਰ ਦਿੱਤਾ ਸੀ, ਕਿਉਂਕਿ ਇਸ ਨਾਲ 'ਖ਼ਤਰਨਾਕ ਪਰੰਪਰਾ' ਪੈਣੀ ਸੀ।

ਇਸ ਮਾਮਲੇ ਵਿੱਚ ਕੇਂਦਰ ਸਰਕਾਰ ਨੇ ਇਹ ਵੀ ਕਿਹਾ ਕਿ ਮਾਮਲੇ ਦੀ ਜਾਂਚ ਕਰਨ ਵਾਲੇ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੇ ਵੀ ਇਸ ਤਜਵੀਜ਼ ਦਾ ਵਿਰੋਧ ਕੀਤਾ ਸੀ। ਕੇਂਦਰੀ ਸਰਕਾਰ ਨੇ 18 ਅਪ੍ਰੈਲ 2018 ਨੂੰ ਤਾਮਿਲਨਾਡੂ ਦੇ ਮੁੱਖ ਸਕੱਤਰ ਨੂੰ ਲਿਖੇ ਪੱਤਰ ਵਿੱਚ ਕਿਹਾ ਸੀ ਕਿ ਦੋਸ਼ੀਆਂ ਦੀ ਸਜ਼ਾ ਦੁਬਾਰਾ ਘੱਟ ਕਰਨ ਦੀ ਤਜਵੀਜ਼ ਨੂੰ ਮਨਜ਼ੂਰੀ ਦੇਣਾ ਸਹੀ ਨਹੀਂ। ਕੇਂਦਰੀ ਗ੍ਰਹਿ ਮੰਤਰਾਲੇ ਨੇ ਆਪਣੇ ਪੱਤਰ 'ਚ ਕਿਹਾ ਸੀ ਕਿ ਚਾਰ ਵਿਦੇਸ਼ੀ ਨਾਗਰਿਕਾਂ ਨੇ ਤਿੰਨ ਭਾਰਤੀ ਨਾਗਰਿਕਾਂ ਨਾਲ ਮਿਲ ਕੇ ਸਾਬਕਾ ਪ੍ਰਧਾਨ ਮੰਤਰੀ ਤੇ ਹੋਰ 15 ਲੋਕਾਂ ਦੀ ਹੱਤਿਆ ਕੀਤੀ ਸੀ। ਇਨ੍ਹਾਂ ਨੂੰ



ਰਿਹਾਅ ਕਰਨ ਨਾਲ ਖ਼ਤਰਨਾਕ ਪ੍ਰੰਪਰਾ ਪਵੇਗੀ, ਜਿਸਦਾ ਭਵਿੱਖ ਵਿੱਚ ਇਸ ਤਰ੍ਹਾਂ ਦੇ ਦੂਜੇ ਕੇਸਾਂ 'ਤੇ ਅੰਤਰਰਾਸ਼ਟਰੀ ਅਸਰ ਪੈਣ ਦੀ ਸੰਭਾਵਨਾ ਵਧੇਗੀ। ਜਸਟਿਸ ਆਰ ਸੁਬਈਆ ਤੇ ਜਸਟਿਸ ਆਰ ਪੋਂਗੀਅਨ ਦੇ ਬੈਂਚ ਦੇ ਸਾਹਮਣੇ ਐਡੀਸ਼ਨਲ ਸਾਲਸੀਟਰ ਜਨਰਲ ਜੀ ਰਾਜਗੋਪਾਲ ਨੇ ਉਸ ਪੱਤਰ ਦੀ ਕਾਪੀ ਪੇਸ਼ ਕੀਤੀ।

ਅਦਾਲਤ ਸੱਤਾਂ ਵਿੱਚੋਂ ਇੱਕ ਸਜ਼ਾ ਯਾਫਤਾ ਨਲਿਨੀ ਸ਼੍ਰੀਹਰਨ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ ਨੇ ਕਿਹਾ ਸੀ ਕਿ ਕੈਬਨਿਟ ਵੱਲੋਂ ਉਸ ਨੂੰ ਅਤੇ ਹੋਰ ਲੋਕਾਂ ਨੂੰ ਛੱਡਣ ਦੀਆਂ ਸਿਫਾਰਸ਼ਾਂ ਦੇ ਬਾਅਦ ਉਸ ਨੂੰ ਵੇਲੋਰ ਜੇਲ੍ਹ ਵਿੱਚ ਰੱਖਣਾ ਗੈਰਕਾਨੂੰਨੀ ਹੈ। ਇਸ ਪੱਤਰ ਦਾ ਨੋਟਿਸ ਲੈਂਦੇ ਹੋਏ ਅਦਾਲਤ ਨੇ ਕੇਂਦਰੀ ਗ੍ਰਹਿ ਸਕੱਤਰ ਨੂੰ ਇਸ ਮਾਮਲੇ 'ਚ ਧਿਰ ਬਣਾਉਂਦੇ ਹੋਏ ਅਧਿਕਾਰੀਆਂ ਨੂੰ 28 ਜਨਵਰੀ ਤੱਕ ਜਵਾਬੀ ਐਫੀਡੇਵਿਟ ਪੇਸ਼ ਕਰਨ ਲਈ ਕਿਹਾ ਅਤੇ ਉਦੋਂ ਤੱਕ ਲਈ ਮਾਮਲੇ ਨੂੰ ਮੁਲਤਵੀ ਕਰ ਦਿੱਤਾ ਹੈ। ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਇੱਕ ਚੋਣ ਰੈਲੀ 'ਚ 21 ਮਈ 1991 ਨੂੰ ਆਤਮਘਾਤੀ ਹਮਲੇ 'ਚ ਹੱਤਿਆ ਕਰ ਦਿੱਤੀ ਗਈ ਸੀ। ਵਿਸ਼ੇਸ਼ ਟਾਡਾ ਅਦਾਲਤ ਨੇ ਇਸ ਮਾਮਲੇ ਵਿੱਚ ਸੱਤ ਲੋਕਾਂ: ਵੀ ਸ਼੍ਰੀਹਰਨ, ਟੀ ਸਤੇਂਦਰਰਾਜਾ, ਜੈਕੁਮਾਰ, ਰਾਬਰਟ ਪਾਇਸ (ਸਾਰੇ ਸ਼੍ਰੀਲੰਕਾਈ ਨਾਗਰਿਕ) ਅਤੇ ਏ ਜੀ ਪਰਰੀਵਲਨ, ਰਵੀਚੰਦਰਨ ਤੇ ਨਲਿਨੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ। ਬਾਅਦ 'ਚ ਇਨ੍ਹਾਂ ਦੀ ਸਜ਼ਾ ਨੂੰ ਉਮਰ ਕੈਦ 'ਚ ਬਦਲ ਦਿੱਤਾ ਗਿਆ ਸੀ। ਤਾਮਿਲਨਾਡੂ ਸਰਕਾਰ ਨੇ ਇਸ ਆਧਾਰ 'ਤੇ ਸਾਰਿਆਂ ਨੂੰ ਰਿਹਾਅ ਕਰਨ ਦੀ ਤਜਵੀਜ਼ ਕੀਤੀ ਸੀ ਕਿ ਸਾਰਿਆਂ ਨੇ 24 ਸਾਲ ਤੋਂ ਜ਼ਿਆਦਾ ਸਮੇਂ ਤੱਕ ਜੇਲ੍ਹ 'ਚ ਕੱਟ ਲਏ ਹਨ।



## ਐੱਫ ਏ ਟੀ ਐੱਫ ਦੀ ਸ਼ਰਤ ਪੂਰਾ ਕਰਨ ਵਾਲਾ ਬਿਲ ਪਾਕਿਸਤਾਨ ਵਿੱਚ ਪਾਸ



ਇਸਲਾਮਾਬਾਦ, 8 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਨੇ ਐੱਫ ਏ ਟੀ ਐੱਫ ਦੀ ਇੱਕ ਮਹੱਤਵ ਪੂਰਨ ਸ਼ਰਤ ਨੂੰ ਪੂਰਾ ਕਰਨ ਸੰਬੰਧੀ ਅਹਿਮ ਬਿੱਲ ਪਾਸ ਕੀਤਾ ਹੈ। ਇਸ ਵਿੱਚ ਸੂਚਨਾਵਾਂ ਅਤੇ ਅਪਰਾਧੀਆਂ ਦੀ ਅਦਲਾ ਬਦਲੀ ਨੂੰ ਲੈ ਕੇ ਕੁਝ ਖਾਸ ਨਿਯਮ ਲਾਗੂ ਕੀਤੇ ਗਏ ਹਨ।

ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫ ਏ ਟੀ ਐੱਫ) ਨੇ ਪਾਕਿਸਤਾਨ ਨੂੰ ਫਰਵਰੀ 2020 ਤੱਕ 'ਗ੍ਰੇਅ' ਸੂਚੀ ਵਿੱਚ ਰੱਖਿਆ ਹੈ। ਇਸ ਨੇ ਅਕਤੂਬਰ ਵਿੱਚ ਚਿਤਾਵਨੀ ਦਿੱਤੀ ਸੀ ਕਿ ਜੇ ਪਾਕਿ-ਸਤਾਨ ਨੇ 27 ਸਵਾਲਾਂ ਦੀ ਸੂਚੀ ਵਿੱਚ ਬਾਕੀ 22 ਨੁਕਤਿਆਂ ਦੀ ਪਾਲਣਾ ਨਹੀਂ ਕੀਤੀ ਤਾਂ ਉਸ ਨੂੰ ਕਾਲੀ ਸੂਚੀ ਵਿੱਚ ਪਾ ਦਿੱਤਾ ਜਾਏਗਾ। ਆਪਸੀ ਕਾਨੂੰਨੀ ਸਹਾਇਤਾ ਬਿੱਲ ਪਾਕਿਸਤਾਨ ਦੀ ਪਾਰਲੀਮੈਂਟ ਦੇ ਹੇਠਲੇ ਸਦਨ ਨੈਸ਼ਨਲ ਅਸੈਂਬਲੀ ਵਿੱਚ ਸੋਮਵਾਰ ਸ਼ਾਮ ਪਾਸ ਕੀਤਾ ਗਿਆ ਸੀ। ਇਸ ਕਾਨੂੰਨ ਨਾਲ ਸਰਕਾਰ ਗਵਾਹਾਂ, ਸ਼ੱਕੀਆਂ ਅਤੇ ਅਪਰਾਧੀਆਂ ਦੇ ਟਿਕਾਣਿਆਂ ਅਤੇ ਉਨ੍ਹਾਂ ਦੀ ਪਛਾਣ ਦੇ ਬਾਰੇ ਜਾਣਕਾਰੀ ਲਈ ਕਿਸੇ ਦੇਸ਼ ਨੂੰ ਆਪਸੀ ਕਾਨੂੰਨੀ ਮਦਦ ਦੀ ਅਪੀਲ ਭੇਜਣ ਦੇ ਸਮਰੱਥ ਹੋ ਸਕੇਗੀ। ਇਸ ਦੇ ਬਾਅਦ ਲੋੜੀਂਦੀ ਪ੍ਰਕਿਰਿਆ ਹੇਠ ਉਸ ਵਿਅਕਤੀ ਦੀ ਪਾਕਿ ਦੀ ਹਿਰਾਸਤ ਵਿੱਚ ਹਵਾਲਗੀ ਕੀਤੀ ਜਾ ਸਕਦੀ ਹੈ। ਪਾਕਿਸਤਾਨ ਉਸ ਦੇਸ਼ ਦੀ ਕਾਨੂੰਨੀ ਪ੍ਰਕਿਰਿਆ ਨਾਲ ਜਾਂਚ ਜਾਂ ਕਾਰਵਾਈ ਨਾਲ ਜੁੜੀਆਂ ਜਾਇਦਾਦਾਂ ਨੂੰ ਜ਼ਬਤ ਜਾਂ ਕੁਰਕ ਕਰ ਸਕਦਾ ਹੈ। ਸਦਨ ਵਿੱਚ ਇਸ ਬਿੱਲ ਨੂੰ ਮੰਤਰੀ ਅਲੀ ਮੁਹੰਮਦ ਖਾਨ ਨੇ ਪੇਸ਼ ਕੀਤਾ। ਪਾਕਿਸਤਾਨ ਪੀਪੁਲਸ ਪਾਰਟੀ ਦੇ ਸੰਸਦੀ ਨੇਤਾ ਸੈਯਦ ਨਾਵੇਦ ਨੇ ਬਿੱਲ ਨੂੰ ਪਾਕਿ-ਸਤਾਨ ਦੇ ਨਾਗਰਿਕਾਂ ਦੇ ਮੂਲ ਅਧਿਕਾਰਾਂ ਦੇ ਖਿਲਾਫ ਦੱਸਿਆ।

## ਜਨਰਲ ਬਾਜਵਾ ਦਾ ਕਾਰਜਕਾਲ ਵਧਾਉਣ ਲਈ ਪਾਕਿ ਪਾਰਲੀਮੈਂਟ ਵੱਲੋਂ ਬਿੱਲ ਪਾਸ





ਇਸਲਾਮਾਬਾਦ, 8 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੀ ਪਾਰਲੀਮੈਂਟ ਦੇ ਹੇਠਲੇ ਸਦਨ ਕੌਮੀ ਅਸੈਂਬਲੀ ਨੇ ਕੱਲ੍ਹ ਨੂੰ ਆਪਣੀ ਫ਼ੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਾਵਾ ਦਾ ਕਾਰਜਕਾਲ ਤਿੰਨ ਸਾਲ ਵਧਾਉਣ ਦੇ ਬਿੱਲ ਸਮੇਤ ਤਿੰਨ ਮਹੱਤਵ ਪੂਰਨ ਬਿੱਲ ਪਾਸ ਕਰ ਦਿੱਤੇ। ਇਨ੍ਹਾਂ ਨੂੰ ਅੱਗੋਂ ਉੱਪਰਲੇ ਸਦਨ ਸੈਨੇਟ ਵਿੱਚ ਪੇਸ਼ ਕੀਤਾ ਜਾਏਗਾ। ਰੱਖਿਆ ਬਾਰੇ ਸਥਾਈ ਕਮੇਟੀ ਨੇ ਕੱਲ੍ਹ ਨੂੰ ਇਨ੍ਹਾਂ ਬਿੱਲਾਂ ਨੂੰ ਮਨਜ਼ੂਰੀ ਦੇ ਦਿੱਤੀ ਸੀ।

ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਕਰੀਬੀ ਅਤੇ ਵਿਸ਼ਵਾਸ ਪਾਤਰ ਮੰਨੇ ਜਾਣ ਵਾਲੇ ਜਨਰਲ ਬਾਜਵਾ ਦਾ ਤਿੰਨ ਸਾਲ ਦਾ ਕਾਰਜਕਾਲ ਪਿਛਲੇ ਸਾਲ 29 ਨਵੰਬਰ ਨੂੰ ਖ਼ਤਮ ਹੋਣਾ ਸੀ, ਪ੍ਰੰਤੂ ਪ੍ਰਧਾਨ ਮੰਤਰੀ ਨੇ 19 ਅਗਸਤ ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਖੇਤਰੀ ਸੁਰੱਖਿਆ ਸਥਿਤੀ ਦਾ ਹਵਾਲਾ ਦੇ ਕੇ 59 ਸਾਲਾ ਫ਼ੌਜ ਮੁਖੀ ਦਾ ਕਾਰਜਕਾਲ ਤਿੰਨ ਸਾਲ ਵਧਾ ਦਿੱਤਾ ਸੀ। 28 ਨਵੰਬਰ ਨੂੰ ਸੁਪਰੀਮ ਕੋਰਟ ਨੇ ਸਰਕਾਰ ਦੇ ਇਸ ਆਦੇਸ਼ 'ਤੇ ਇਹ ਕਹਿ ਕੇ ਰੋਕ ਲਾ ਦਿੱਤੀ ਸੀ ਕਿ ਫ਼ੌਜ ਮੁਖੀ ਦੇ ਕਾਰਜਕਾਲ ਨੂੰ ਵਾਧਾ ਦੇਣ ਦਾ ਕੋਈ ਕਾਨੂੰਨ ਨਹੀਂ ਹੈ। ਸਰਬ ਉਚ ਅਦਾਲਤ ਨੇ ਸਰਕਾਰ ਦੇ ਭਰੋਸੇ ਪਿੱਛੋਂ ਜਨਰਲ ਬਾਜਵਾ ਦੇ ਸੇਵਾ ਕਾਲ ਵਿੱਚ ਛੇ ਮਹੀਨੇ ਦਾ ਵਾਧਾ ਕਰ ਦਿੱਤਾ ਸੀ। ਸਰਕਾਰ ਨੇ ਅਦਾਲਤ ਨੂੰ ਪਾਰਲੀਮੈਂਟ ਵਿੱਚ ਛੇ ਮਹੀਨੇ ਅੰਦਰ ਫ਼ੌਜ ਮੁੱਖੀ ਦੇ ਸੇਵਾ ਕਾਲ ਵਾਧੇ ਅਤੇ ਦੁਬਾਰਾ ਨਿਯੁਕਤੀ ਦਾ ਕਾਨੂੰਨ ਪਾਸ ਕਰਵਾਉਣ ਦਾ ਭਰੋਸਾ ਦਿੱਤਾ ਸੀ। ਇਸ 'ਤੇ ਅਮਲ ਕਰਦੇ ਹੋਏ ਰੱਖਿਆ ਮੰਤਰੀ ਪਰਵੇਸ਼ ਖਟਕ ਨੇ ਤਿੰਨ ਬਿੱਲ ਪਾਕਿਸਤਾਨ ਫ਼ੌਜ (ਸੋਧ) ਬਿੱਲ 2020, ਪਾਕਿਸਤਾਨ ਜਲ ਸੈਨਾ (ਸੋਧ) ਬਿੱਲ 2020 ਸਦਨ ਵਿੱਚ ਪੇਸ਼ ਕੀਤੇ। ਮੁੱਖ ਵਿਰੋਧੀ ਪਾਰਟੀਆਂ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਅਤੇ ਪਾਕਿਸਤਾਨ ਪੀਪੀਲਜ਼ ਪਾਰਟੀ ਨੇ ਵੀ ਇਨ੍ਹਾਂ ਦਾ ਸਮਰਥਨ ਕੀਤਾ।

## ਆਸਟਰੇਲੀਆ ਵਿੱਚ ਅੱਗ ਨਾਲ ਨਜਿੱਠਣ ਲਈ ਕ੍ਰਿਸ ਨੇ 10 ਲੱਖ ਡਾਲਰ ਦਿੱਤੇ



ਮੈਲਬਰਨ, 8 ਜਨਵਰੀ (ਪੋਸਟ ਬਿਊਰੋ)- ਹਾਲੀਵੁੱਡ ਅਦਾਕਾਰ ਕ੍ਰਿਸ ਹੇਮਸਵਰਥ ਨੇ ਆਸਟਰੇਲੀਆ ਵਿੱਚ ਲੱਗੀ ਅੱਗ ਨਾਲ ਨਜਿੱਠਣ ਲਈ ਕੱਲ੍ਹ 10 ਲੱਖ ਡਾਲਰ ਦਾਨ ਕੀਤੇ ਹਨ।

ਨਿਊ ਸਾਊਥ ਵੇਲਜ਼ ਦੇ ਬਾਇਰਾਨ ਬੇਅ ਵਿੱਚ ਰਹਿੰਦੇ 36 ਸਾਲ ਦੇ ਅਦਾਕਾਰ ਕ੍ਰਿਸ ਹੇਮਸਵਰਥ ਨੇ ਇੰਸਟਾਗ੍ਰਾਮ 'ਤੇ ਇੱਕ ਭਾਵੁਕ ਵੀਡੀਓ ਸਾਂਝੀ ਕੀਤੀ। ਉਸ ਨੇ ਲਿਖਿਆ, ਤੁਹਾਡੇ ਵਾਂਗ ਮੈਂ ਵੀ ਆਸਟਰੇਲੀਆ ਵਿੱਚ ਲੱਗੀ ਅੱਗ ਨਾਲ ਨਜਿੱਠਣ ਵਿੱਚ ਯੋਗਦਾਨ ਦੇਣਾ ਚਾਹੁੰਦਾ ਹਾਂ। ਉਨ੍ਹਾਂ ਲਿਖਿਆ, ਮੇਰਾ ਪਰਵਾਰ ਅਤੇ ਮੈਂ 10 10 ਲੱਖ ਡਾਲਰ ਦੇ ਰਹੇ ਹਾਂ. ਆਸ ਹੈ ਕਿ ਤੁਸੀਂ ਲੋਕ ਵੀ ਕੁਝ ਯੋਗਦਾਨ ਦੇਵੋਗੇ। ਇੱਕ ਪੈਸੇ ਦੀ ਵੀ ਕੀਮਤ ਹੈ। ਤੁਸੀਂ ਜੋ ਦਿਓਗੇ ਉਸ ਦੀ ਤਾਰੀਫ ਹੋਵੇਗੀ। ਦੁਨੀਆ ਭਰ ਤੋਂ ਮਿਲ ਰਹੀਆਂ ਦੁਆਵਾਂ ਅਤੇ ਦਾਨ ਪ੍ਰਸ਼ੰਸਾ ਤੋਂ ਪਰ੍ਹੇ ਹਨ। ਇਹ ਅਸਲ ਵਿੱਚ ਮਾਇਨੇ ਰੱਖਦਾ ਹੈ। ਨਿਊ ਸਾਊਥ ਵੇਲਜ਼ ਅਤੇ ਵਿਕਟੋਰੀਆ ਰਾਜ ਦੇ ਜੰਗਲਾਂ ਵਿੱਚ ਲੱਗੀ ਅੱਗ ਨੇ ਹਜ਼ਾਰਾਂ ਨੂੰ ਤਬਾਹ ਕੀਤਾ ਹੈ ਅਤੇ ਇਸ ਦੇ ਕਾਰਨ ਹਜ਼ਾਰਾਂ ਲੋਕ ਅਤੇ ਟੂਰਿਸਟ ਤਟੀ ਖੇਤਰ ਵੱਲ ਜਾਣ ਲਈ ਮਜਬੂਰ ਹੋ ਗਏ ਹਨ। ਕਰੀਬ 60 ਲੱਖ ਹੈਕਟੇਅਰ ਫਸਲ ਬਰਬਾਦ ਹੋਈ ਹੈ। ਉਥੇ 20 ਤੋਂ ਵੱਧ ਲੋਕਾਂ ਦੇ ਮਾਰੇ ਜਾਣ ਦੀ ਖਬਰ ਹੈ।

ਅਦਾਕਾਰਾ ਨਿਕੋਲ ਕਿਡਮੈਨ, ਅਦਾਕਾਰ ਹਿਊਗ ਜੈਕਮੈਨ, ਨਿਕ ਕ੍ਰੋਲ, ਜੋਏਲ ਐਡਜਰਟਨ ਅਤੇ ਪੋਪ ਗਾਇਕ ਪਿੰਕ ਵੀ ਅੱਗ ਨਾਲ ਨਜਿੱਠਣ ਵਿੱਚ ਮਦਦ ਨਹੀਂ ਦਾਨ ਦੇ ਚੁੱਕੇ ਹਨ।

## ਟਰੰਪ 'ਤੇ ਮਹਾਦੋਸ਼ 'ਚ ਗਵਾਹੀ ਦੇਣਾ ਚਾਹੁੰਦੇ ਹਨ ਜੌਨ ਬੋਲਟਨ



ਵਾਸ਼ਿੰਗਟਨ, 8 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਕੌਮੀ ਸੁਰੱਖਿਆ ਸਲਾਹਕਾਰ (ਐਨ ਐਸ ਏ) ਜੋਹਨ ਬੋਲਟਨ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖ਼ਿਲਾਫ਼ ਪਾਰਲੀਮੈਂਟ ਦੇ ਉਪਰੀ ਸਦਨ ਸੈਨੇਟ 'ਚ ਹੋਣ ਵਾਲੀ ਮਹਾਦੋਸ਼ ਦੀ ਸੁਣਵਾਈ ਵਿੱਚ ਗਵਾਹੀ ਦੇਣ ਦੀ ਇੱਛਾ ਪ੍ਰਗਟ ਕੀਤੀ ਹੈ।

ਟਰੰਪ ਨੇ ਬੋਲਟਨ ਨੂੰ ਪਿਛਲੇ ਸਾਲ ਸਤੰਬਰ ਵਿੱਚ ਐਨ ਐਸ ਏ ਅਹੁਦੇ ਤੋਂ ਬਰਖ਼ਾਸਤ ਕੀਤਾ ਸੀ। ਬੋਲਟਨ ਦੇ ਇਸ ਐਲਾਨ ਨਾਲ ਟਰੰਪ ਖ਼ਿਲਾਫ਼ ਮਹਾਦੋਸ਼ ਦੀ ਪ੍ਰਕਿਰਿਆ ਵਿੱਚ ਨਵੀਂ ਕੜੀ ਜੁੜ ਗਈ ਹੈ। ਅਮਰੀਕਾ ਦੇ ਇਤਿਹਾਸ ਵਿੱਚ ਟਰੰਪ ਤੀਜੇ ਰਾਸ਼ਟਰਪਤੀ ਹਨ ਜਿਨ੍ਹਾਂ 'ਤੇ ਮਹਾਦੋਸ਼ ਚਲਾਇਆ ਜਾ ਰਿਹਾ ਹੈ। ਇਹ ਅਜੇ ਤੈਅ ਨਹੀਂ ਹੈ ਕਿ ਸੈਨੇਟ ਵਿੱਚ ਮਹਾਦੋਸ਼ ਦੀ ਸੁਣਵਾਈ ਕਦੋਂ ਸ਼ੁਰੂ ਹੋਵੇਗੀ। ਬੋਲਟਨ ਨੇ ਕਿਹਾ ਕਿ ਮੈਂ ਇਸ ਨਤੀਜੇ ਉੱਤੇ ਪੁੱਜਾ ਹਾਂ ਕਿ ਜੇ ਸੈਨੇਟ ਮੇਰੀ ਗਵਾਹੀ ਲਈ ਸੰਮਨ ਭੇਜਦੀ ਹੈ ਤਾਂ ਇਸਦਾ ਸਾਹਮਣਾ ਕਰਨ ਲਈ ਤਿਆਰ ਹਾਂ। ਮੈਂ ਬਤੌਰ ਨਾਗਰਿਕ ਅਤੇ ਸਾਬਕਾ ਕੌਮੀ ਸੁਰੱਖਿਆ ਸਲਾਹਕਾਰ ਵਜੋਂ ਵੀ ਆਪਣੇ ਫਰਜ਼ਾਂ ਦੀ ਪੂਰਤੀ ਕਰਨਾ ਚਾਹੁੰਦਾ ਹਾਂ।

18 ਦਸੰਬਰ ਨੂੰ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਦੇ ਬਹੁਮਤ ਵਾਲੇ ਪਾਰਲੀਮੈਂਟ ਦੇ ਹੇਠਲੇ ਸਦਨ ਪ੍ਰਤੀਨਿਧੀ ਸਭਾ ਨੇ ਟਰੰਪ ਖ਼ਿਲਾਫ਼ ਮਹਾਦੋਸ਼ 'ਤੇ ਮੋਹਰ ਲਗਾਈ ਸੀ। ਟਰੰਪ ਖ਼ਿਲਾਫ਼ ਸੱਤਾ ਦੀ ਦੁਰਵਰਤੋਂ ਤੇ ਸੰਸਦ ਦੀ ਕਾਰਵਾਈ 'ਚ ਰੋੜਾ ਅਟਕਾਉਣ ਦੇ ਦੋਸ਼ ਤੈਅ ਕੀਤੇ ਗਏ ਹਨ।

## ਜਨਰਲ ਸੁਲੇਮਾਨੀ ਦੀਆਂ ਅੰਤਿਮ ਰਸਮਾਂ ਮੌਕੇ ਭਗਦੜ, 50 ਮੌਤਾਂ



ਵਾਸ਼ਿੰਗਟਨ, 8 ਜਨਵਰੀ (ਪੋਸਟ ਬਿਊਰੋ)- ਅਮਰੀਕੀ ਹਮਲੇ ਵਿੱਚ ਮਾਰੇ ਗਏ ਇਰਾਨੀ ਜਨਰਲ ਕਾਇਮ ਸੁਲੇਮਾਨੀ ਦੀਆਂ ਅੰਤਿਮ ਰਸਮਾਂ ਮੌਕੇ ਕੱਲ੍ਹ ਭਗਦੜ ਕਾਰਨ ਕਰੀਬ 50 ਜਣੇ ਮਾਰੇ ਗਏ ਅਤੇ 48 ਜ਼ਖ਼ਮੀ ਹੋ ਗਏ। ਇਰਾਨ ਦੇ ਸਰਕਾਰੀ ਟੈਲੀਵਿਜ਼ਨ ਦੀ ਰਿਪੋਰਟ ਮੁਤਾਬਕ ਘਟਨਾ ਰੈਵੋਲਿਊਸ਼ਨਰੀ ਗਾਰਡਜ਼ ਦੇ ਮ੍ਰਿਤਕ ਕਮਾਂਡਰ ਦੇ ਜੱਦੀ ਸ਼ਹਿਰ ਕਰਮਨ ਵਿੱਚ ਵਾਪਰੀ। ਤਾਬੂਤ ਦੇ ਪਿੱਛੇ ਲੋਕਾਂ ਦਾ ਕਾਫ਼ਲਾ ਜਾ ਰਿਹਾ ਸੀ ਤਾਂ ਭਾਜੜ ਪੈ ਗਈ। ਕੱਲ੍ਹ ਜਦ ਸੁਲੇਮਾਨੀ ਦਾ ਤਾਬੂਤ ਤਹਿਰਾਨ ਲਿਆਂਦਾ ਗਿਆ ਤਾਂ ਕਰੀਬ 10 ਲੱਖ ਲੋਕ ਜੁੜ ਗਏ ਸਨ। ਲੋਕਾਂ ਨੇ ਅਮਰੀਕਾ ਤੋਂ ਬਦਲਾ ਲੈਣ ਦੇ ਨਾਅਰੇ ਮਾਰੇ ਸਨ। ਗਾਰਡਜ਼ ਦੇ ਆਗੂ ਨੇ ਧਮਕੀ ਦਿੱਤੀ ਹੈ ਕਿ ਅਮਰੀਕਾ ਦੀ ਹਮਾਇਤ ਪ੍ਰਾਪਤ ਥਾਵਾਂ ਨੂੰ 'ਅੱਗ ਲਾ ਕੇ ਸਾੜ' ਦਿੱਤਾ ਜਾਵੇਗਾ। ਲੋਕਾਂ ਦੀ ਵੱਡੀ ਭੀੜ ਨੇ 'ਇਸਰਾਇਲ ਦੀ ਮੌਤ' ਦੇ ਨਾਅਰੇ ਮਾਰੇ। ਕਰਮਨ ਵਿੱਚ ਹਜ਼ਾਰਾਂ ਲੋਕਾਂ ਦੇ ਇਕੱਠ ਅੱਗੇ ਆਗੂ ਹੋਸੈਨ ਸਲਾਮੀ ਨੇ ਇਹ ਅਹਿਦ ਲਿਆ।

## ਏ ਟੀ ਐੱਮ ਕਾਰਡ ਬਦਲ ਕੇ 10 ਮਿੰਟ ਵਿੱਚ ਤੀਹ ਹਜ਼ਾਰ ਰੁਪਏ ਕਢਵਾ ਲਏ

ਜਲੰਧਰ, 8 ਜਨਵਰੀ (ਪੋਸਟ ਬਿਊਰੋ)- ਸ਼ਹਿਰ ਵਿੱਚ ਠੱਗੀ ਕਰਨ ਵਾਲੇ ਜਾਅਲਸਾਜ਼ਾਂ ਦਾ ਗਿਰੋਹ ਸਰਗਰਮ ਹੈ। ਮਾਡਲ ਹਾਊਸ ਦੇ ਪਿਸ਼ੌਰੀਆਂ ਮੁਹੱਲੇ ਦੇ ਕੇਸ਼ਵ ਵਰਮਾ ਨਾਲ ਵੀ ਉਨ੍ਹਾਂ ਨੇ ਠੱਗੀ ਮਾਰ ਲਈ ਹੈ। ਜੋਤੀ ਚੌਕ ਨੇੜੇ ਰੈਡੀਮੇਡ ਸ਼ਾਪ ਵਿੱਚ ਕੰਮ ਕਰਨ ਵਾਲਾ ਕੇਸ਼ਵ ਸੋਮਵਾਰ ਰਾਤ ਨੌਂ ਵਜੇ ਦੇ ਕਰੀਬ ਮਾਡਲ ਹਾਊਸ ਵਿੱਚ ਘੁੱਲੇ ਦੀ ਚੱਕੀ ਨੇੜੇ ਏ ਟੀ ਐੱਮ ਤੋਂ ਕੈਸ਼ ਕਢਵਾਉਣ ਗਿਆ ਸੀ। ਓਥੇ ਤਿੰਨ ਨੌਜਵਾਨ ਉਸ ਦੇ ਪਿੱਛੇ ਖੜ੍ਹੇ ਹੋ ਗਏ। ਏ ਟੀ ਐੱਮ ਤੋਂ ਇੱਕ ਹਜ਼ਾਰ ਰੁਪਏ ਨਿਕਲੇ ਤਾਂ ਇੱਕ ਨੌਜਵਾਨ ਨੇ ਗੱਲਬਾਤ ਸ਼ੁਰੂ ਕਰ ਦਿੱਤੀ। ਕੇਸ਼ਵ ਨੇ ਇੱਕ ਹਜ਼ਾਰ ਰੁਪਏ ਜੇਬ ਵਿੱਚ ਪਾ ਲਏ, ਪਰ ਠੱਗ ਨੇ ਇਸੇ ਦੌਰਾਨ ਏ ਟੀ ਐੱਮ ਕਾਰਡ ਬਦਲ ਲਿਆ। ਬੂਥ ਤੋਂ ਬਾਹਰ ਆਉਣ 'ਤੇ ਉਸ ਨੂੰ ਅਹਿਸਾਸ ਹੋਇਆ ਕਿ ਕਾਰਡ ਬਦਲ ਗਿਆ ਹੈ। ਵਾਪਸ ਏ ਟੀ ਐੱਮ ਵੱਲ ਨੂੰ ਗਿਆ ਤਾਂ ਜਾਅਲਸਾਜ ਜਾ ਚੁੱਕੇ ਸਨ ਅਤੇ 10 ਮਿੰਟ ਦੇ ਅੰਦਰ ਖਾਤੇ ਵਿੱਚੋਂ ਤੀਹ ਹਜ਼ਾਰ ਰੁਪਏ ਨਿਕਲਣ ਦਾ ਮੈਸੇਜ ਆ ਗਿਆ। ਜਾਅਲਸਾਜ਼ਾਂ ਨੇ ਤਿੰਨ ਟ੍ਰਾਂਜੈਕਸ਼ਨ ਕਰ ਕੇ ਤੀਹ ਹਜ਼ਾਰ ਰੁਪਏ ਕਢਵਾ ਲਏ ਤਾਂ ਕੇਸ਼ਵ ਨੇ ਏ ਟੀ ਐੱਮ ਕਾਰਡ ਬਲਾਕ ਕਰਵਾ ਕੇ ਇਸ ਬਾਰੇ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ।

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

## ਸਦੀ ਦੇ ਅੰਤ ਤੱਕ ਗੰਗਾ ਡੈਲਟੇ ਦਾ ਪਾਣੀ ਵਧੇਗਾ



ਲੰਡਨ, 8 ਜਨਵਰੀ (ਪੋਸਟ ਬਿਊਰੋ)- ਪੂਰਬੀ ਭਾਰਤ ਅਤੇ ਬੰਗਲਾ ਦੇਸ਼ ਦੇ ਵਿੱਚੋਂ ਵਗਣ ਵਾਲੀ ਗੰਗਾ, ਬ੍ਰਹਮਪੁੱਤਰ ਤੇ ਮੇਘਨਾ ਨਦੀ ਦੇ ਡੈਲਟਾ ਦਾ ਜਲ ਪੱਧਰ ਇਸ ਸਦੀ ਦੇ ਅੰਤ ਤੱਕ 1.4 ਮੀਟਰ ਤੱਕ ਵੱਧ ਸਕਦਾ ਹੈ। ਜਲ ਪੱਧਰ ਵਿੱਚ ਵਾਧਾ ਤੇ ਢਿੱਗਾਂ ਡਿੱਗਣ ਦੇ ਖੇਤਰੀ ਅੰਦਾਜ਼ੇ ਦੱਸਣ ਵਾਲਾ ਇਹ ਅਧਿਐਨ ਕੱਲ੍ਹ ਪੀ ਐਨ ਏ ਐਸ ਨਾਮਕ ਜਰਨਲ ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਇਸ ਵਿੱਚ ਕਿਹਾ ਗਿਆ ਹੈ ਕਿ ਇਸ ਦੇ ਸਿੱਟਿਆਂ 'ਤੇ ਕੰਮ ਕਰਕੇ ਅਸੀਂ ਭਾਰਤ ਅਤੇ ਬੰਗਲਾ ਦੇਸ਼ ਵਿੱਚ ਹੜ੍ਹਾਂ ਤੋਂ ਹੋਣ ਵਾਲੇ ਨੁਕਸਾਨ ਨੂੰ ਘੱਟ ਕਰ ਸਕਦੇ ਹਾਂ।

ਫਰਾਂਸ ਦੇ ਸੀ ਐਨ ਆਰ ਐਸ ਇੰਸਟੀਚਿਊਟ ਅਤੇ ਵੱਖ-ਵੱਖ ਦੇਸ਼ਾਂ ਦੇ ਖੋਜਕਰਤਾਵਾਂ ਮੁਤਾਬਿਕ ਇਹ ਖੇਤਰ ਨਾ ਕੇਵਲ ਦੁਨੀਆਂ ਵਿੱਚ ਸਭ ਤੋਂ ਵੱਡਾ, ਸਗੋਂ ਇਹ ਸਭ ਤੋਂ ਸੰਘਣੀ ਆਬਾਦੀ ਵਾਲਾ ਡੈਲਟਾ ਹੈ। ਇਹ ਪੌਣਪਾਣੀ ਬਦਲਣ ਲਈ ਸੰਵੇਦਨਸ਼ੀਲ ਥਾਵਾਂ ਵਿੱਚੋਂ ਵੀ ਇੱਕ ਹੈ। ਆਪਣੇ ਸਿੱਟਿਆਂ ਵਿੱਚ ਖੋਜਕਰਤਾਵਾਂ ਨੇ ਇਹ ਜ਼ਰੂਰ ਕਿਹਾ ਹੈ ਕਿ ਪਾਣੀ ਦਾ ਪੱਧਰ ਵੱਧਣ ਦੀ ਹੱਦ ਅਤੇ ਉਸ ਨਾਲ ਪੈਣ ਵਾਲੇ ਪ੍ਰਭਾਵ ਦੇ ਬਾਰੇ ਹਾਲੇ ਪੂਰੀ ਜਾਣਕਾਰੀ ਨਹੀਂ ਮਿਲ ਸਕੀ। ਬੰਗਲਾ ਦੇਸ਼ ਦੇ ਦੋ-ਤਿਹਾਈ ਤੇ ਪੂਰਬੀ ਭਾਰਤ ਦੇ ਇਲਾਕੇ ਦੇ ਇਸ ਡੈਲਟਾ ਵਿੱਚ ਪਹਿਲੇ ਤੋਂ ਹੀ ਹੜ੍ਹ ਦਾ ਖ਼ਤਰਾ ਰਹਿੰਦਾ ਹੈ।

ਮੌਜੂਦਾ ਅਧਿਐਨ ਤਹਿਤ ਡੈਲਟਾ ਦੀਆਂ 101 ਥਾਵਾਂ 'ਤੇ ਪਾਣੀ ਅਤੇ ਸਮੁੰਦਰ ਦੇ ਪੱਧਰ ਦੀ ਮਾਸਿਕ ਰੀਡਿੰਗ ਦਾ ਵਿਸ਼ਲੇਸ਼ਣ ਕੀਤਾ ਗਿਆ। ਇਸ ਤੋਂ ਪਤਾ ਚਲਦਾ ਹੈ ਕਿ 1968 ਤੋਂ 2012 ਵਿਚਕਾਰ ਪਾਣੀ ਦੇ ਪੱਧਰ ਵਿੱਚ ਔਸਤਨ ਤਿੰਨ ਮਿਲੀਮੀਟਰ ਪ੍ਰਤੀ ਸਾਲ ਦਾ ਵਾਧਾ ਹੋਇਆ ਹੈ। ਇਹ ਸਮੁੰਦਰ ਦੇ ਪੱਧਰ ਵਿੱਚ ਹੋਣ ਵਾਲੇ ਵਿਸ਼ਵ ਪੱਧਰੀ ਵਾਧੇ ਦੀ ਤੁਲਨਾ ਵਿੱਚ ਜ਼ਿਆਦਾ ਹੈ ਜੋ ਇਸੇ ਸਮਾਂ-ਸੀਮਾ ਵਿੱਚ ਦੋ ਮਿਲੀਮੀਟਰ ਪ੍ਰਤੀ ਸਾਲ ਹੈ। ਇਸ ਪਿੱਛੋਂ ਖੋਜਕਰਤਾਵਾਂ ਨੇ ਇਸ ਖੇਤਰ ਵਿੱਚ ਢਿੱਗਾਂ ਡਿੱਗਣ ਦਾ ਅਨੁਮਾਨ ਲਾਇਆ ਤਾਂ ਪਤਾ ਲੱਗਾ ਕਿ 1993 ਤੋਂ 2012 ਵਿਚਕਾਰ ਡੈਲਟਾ ਵਿੱਚ ਵੱਧ ਤੋਂ ਵੱਧ ਢਿੱਗਾਂ ਡਿੱਗਣਾ ਇੱਕ ਤੋਂ ਸੱਤ ਮਿਲੀਮੀਟਰ ਪ੍ਰਤੀ ਸਾਲ ਦੇ ਵਿਚਕਾਰ ਸੀ। ਅਧਿਐਨ ਮੁਤਾਬਕ ਜੇ ਇਸੇ ਦਰ ਨਾਲ ਢਿੱਗਾਂ ਡਿੱਗਣਾ ਜਾਰੀ ਰਿਹਾ ਤਾਂ ਸਦੀ ਦੇ ਅੰਤ ਤੱਕ ਪਾਣੀ ਦੇ ਪੱਧਰ ਵਿੱਚ 85-140 ਸੈਂਟੀਮੀਟਰ ਵਾਧਾ ਹੋ ਸਕਦਾ ਹੈ। ਇਹ ਅੰਕੜਾ ਤਾਜ਼ਾ ਜਾਰੀ ਹੋਈ ਰਿਪੋਰਟ 'ਚ ਦੱਸੇ ਗਏ ਅਨੁਮਾਨਾਂ ਤੋਂ ਦੋਗੁਣਾ ਹੈ।

## ਆਈ ਐਸ ਆਈ ਵੱਲੋਂ ਜ਼ਿਆ-ਉਲ-ਹਕ ਬਾਰੇ ਕਿਤਾਬ ਜ਼ਬਤ

ਕਰਾਚੀ, 8 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨੀ ਨਾਵਲਕਾਰ ਤੇ ਨਿਊਯਾਰਕ ਟਾਈਮਜ਼ ਦੇ ਪੱਤਰਕਾਰ ਦਾ ਕਹਿਣਾ ਹੈ ਕਿ ਉਸਦੇ ਦੇਸ਼ ਦੇ ਸਾਬਕਾ ਤਾਨਾਸ਼ਾਹ ਜ਼ਿਆ-ਉਲ-ਹਕ ਬਾਰੇ ਲਿਖੀ ਉਸ ਦੀ ਕਿਤਾਬ ਦੀਆਂ ਕਾਪੀਆਂ ਪਾਕਿਸਤਾਨ ਦੀ ਖ਼ੁਫ਼ੀਆਂ ਏਜੰਸੀ ਆਈ ਐਸ ਆਈ ਨੇ ਜ਼ਬਤ ਕਰ ਲਈਆਂ ਅਤੇ ਆਈ ਐਸ ਆਈ ਨੇ ਉਸ ਦੇ ਪ੍ਰਕਾਸ਼ਕ ਦੇ ਛਾਪੇ ਵੀ ਮਾਰੇ ਹਨ, ਜਿਸ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ।

ਨਾਵਲਕਾਰ ਮੁਹੰਮਦ ਹਨੀਫ ਨੇ ਦੱਸਿਆ ਕਿ ਕੱਲ੍ਹ ਆਈ ਐਸ ਆਈ ਨੇ ਕਰਾਚੀ ਵਿੱਚ ਛਾਪੇ ਮਾਰੇ ਅਤੇ ਉਸ ਦੀ ਚਰਚਿਤ ਕਿਤਾਬ 'ਏ ਕੇਸ ਆਫ ਐਕਸਪਲੋਡਿੰਗ ਮੈਂਗੋਜ਼' ਸਾਲ 2008 ਵਿੱਚ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਹੋਈ ਸੀ। ਤਦ ਵੀ ਇਹ ਕਿਤਾਬ ਖ਼ੂਬ ਚਰਚਾ ਵਿੱਚ ਆਈ ਸੀ। ਇਸ ਵਿੱਚ ਲੇਖਕ ਨੇ ਦਾਅਵਾ ਕੀਤਾ ਸੀ ਕਿ ਸਾਲ 1988 ਵਿੱਚ ਜਹਾਜ਼ ਵਿੱਚ ਰੱਖੀ ਅੰਬ ਦੀ ਪੇਟੀ ਵਿੱਚ ਲੁਕਾ ਕੇ ਰੱਖੇ ਬੰਬ ਵਿੱਚ ਧਮਾਕਾ ਕਰਕੇ ਤਾਨਾਸ਼ਾਹ ਜ਼ਿਆ-ਉਲ-ਹਕ ਦੀ ਹੱਤਿਆ ਕੀਤੀ ਗਈ ਸੀ। ਪਾਕਿ-ਸਤਾਨ ਦੇ ਪੂਰਬੀ ਪੰਜਾਬ ਸੂਬੇ ਵਿੱਚ ਹੋਏ ਇਸ ਜਹਾਜ਼ ਹਾਦਸੇ ਵਿੱਚ ਹਕ ਦੇ ਨਾਲ ਉਸ ਵਿੱਚ ਸਵਾਰ ਅਮਰੀਕੀ ਰਾਜਦੂਤ ਅਰਨਾਲਡ ਰਾਫੇਲ ਅਤੇ ਓਦੋਂ ਦੇ ਆਈ ਐਸ ਆਈ ਮੁਖੀ ਜਨਰਲ ਅਖ਼ਤਰ ਅਬਦੂਰ ਰਹਿਮਾਨ ਵੀ ਮਾਰੇ ਗਏ ਸਨ। ਮੁਹੰਮਦ ਹਨੀਫ ਦੀ ਕਿਤਾਬ ਇੱਕ ਦਹਾਕੇ ਪਿੱਛੋਂ ਉਰਦੂ ਵਿੱਚ ਛਪੀ ਹੈ। ਉਸ ਦਾ ਦੋਸ਼ ਹੈ ਕਿ ਜ਼ਿਆ-ਉਲ-ਹਕ ਦੇ ਪਰਵਾਰ ਨੇ ਪ੍ਰਕਾਸ਼ਕ ਨੂੰ ਇੱਕ ਚਿੱਠੀ ਭੇਜ ਕੇ ਇਸ ਕਿਤਾਬ ਦੇ ਪ੍ਰਕਾਸ਼ਨ 'ਤੇ ਇਤਰਾਜ਼ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਕਿਤਾਬ 1977 ਵਿੱਚ ਪਾਕਿਸਤਾਨ ਦੇ ਤਖਤਾ ਪਲਟ ਕਰਨ ਵਾਲੇ ਫ਼ੌਜੀ ਤਾਨਾਸ਼ਾਹ ਦੀ ਸਾਖ ਨੂੰ ਖ਼ਰਾਬ ਕਰਦੀ ਹੈ। ਹਨੀਫ ਨੇ ਦੋਸ਼ ਲਾਇਆ ਕਿ ਪਰਵਾਰ ਦੀ ਇਸ ਸ਼ਿਕਾਇਤ ਦੇ ਬਾਅਦ ਹੀ ਆਈ ਐਸ ਆਈ ਨੇ ਉਨ੍ਹਾਂ ਦੀਆਂ ਕਿਤਾਬਾਂ ਜ਼ਬਤ ਕੀਤੀਆਂ ਹਨ।

## ਹਿੰਦੂ ਜਿੱਨਾਹ ਵਜੋਂ ਉੱਭਰੇ ਹਨ ਨਰਿੰਦਰ ਮੋਦੀ: ਤਰੁਣ ਗੋਗੋਈ

ਗੋਹਾਟੀ, 8 ਜਨਵਰੀ (ਪੋਸਟ ਬਿਊਰੋ)- ਸੀਨੀਅਰ ਕਾਂਗਰਸੀ ਨੇਤਾ ਤੇ ਆਸਾਮ ਦੇ ਸਾਬਕਾ ਮੁੱਖ ਮੰਤਰੀ ਤਰੁਣ ਗੋਗੋਈ ਨੇ ਨਾਗਰਿਕਤਾ ਸੋਧ ਬਾਰੇ ਕੱਲ੍ਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਵੱਡਾ ਹਮਲਾ ਬੋਲਿਆ। ਇਸ ਮੌਕੇ ਤਰੁਣ ਗੋਗੋਈ ਨੇ ਨਰਿੰਦਰ ਮੋਦੀ ਨੂੰ ਹਿੰਦੂ ਜਿੱਨਾਹ ਤੱਕ ਕਹਿ ਦਿੱਤਾ। ਉਨ੍ਹਾਂ ਕਿਹਾ ਕਿ ਮੋਦੀ ਭਾਰਤ ਦੀ ਧਰਮ ਦੇ ਆਧਾਰ 'ਤੇ ਵੰਡ ਕਰਨ ਵਾਲੇ ਮੁਹੰਮਦ ਅਲੀ ਜਿੱਨਾਹ ਦੀ 'ਟੂ ਨੇਸ਼ਨ ਥਿਊਰੀ' ਨੂੰ ਹੀ ਫਾਲੋ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਕਾਂਗਰਸ 'ਤੇ ਦੋਸ਼ ਲਾਉਂਦੇ ਹਨ ਕਿ ਇਹ ਪਾਰਟੀ ਪਾਕਿਸਤਾਨ ਦੀ ਭਾਸ਼ਾ ਬੋਲਦੀ ਹੈ, ਪਰ ਮੋਦੀ ਨੇ ਖੁਦ ਨੂੰ ਗੁਆਂਢੀ ਦੇਸ਼ ਦੇ ਪੱਧਰ ਤੱਕ ਡੇਗ ਲਿਆ ਹੈ। ਉਹ ਜਿੱਨਾਹ ਦੇ ਦੋ ਦੇਸ਼ਾਂ ਦੇ ਸਿਧਾਂਤ ਵੱਲ ਅੱਗੇ ਵਧ ਰਹੇ ਹਨ। ਉਹ ਭਾਰਤ ਦੇ ਹਿੰਦੂ ਜਿੱਨਾਹ ਵਜੋਂ ਉਭਰੇ ਹਨ। ਗੋਗੋਈ ਨੇ ਕਿਹਾ ਕਿ ਨਾਗਰਿਕਤਾ ਸੋਧ ਕਾਨੂੰਨ ਅਤੇ ਐਨ ਆਰ ਸੀ ਬਾਰੇ ਜਿਵੇਂ ਸਾਰੇ ਦੇਸ਼ ਵਿੱਚ ਵਿਖਾਵੇ ਹੋਏ ਹਨ, ਭਾਵ ਲੋਕਾਂ ਨੇ ਭਾਜਪਾ ਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਦੇ ਹਿੰਦੂਤਵ ਦੇ ਵਿਚਾਰ ਨੂੰ ਰੱਦ ਕਰ ਦਿੱਤਾ ਹੈ।

## ਅਲਮਾਰੀ ਡਿੱਗ ਕੇ ਬੱਚੇ ਦੀ ਮੌਤ ਲਈ ਆਇਕੀਆ 331 ਕਰੋੜ ਰੁਪਏ ਜਿੰਨਾ ਮੁਆਵਜ਼ਾ ਦੇਵੇਗੀ



ਨਿਊ ਯਾਰਕ, 8 ਜਨਵਰੀ (ਪੋਸਟ ਬਿਊਰੋ)- ਦੁਨੀਆ ਦੀ ਵੱਡੀ ਫਰਨੀਚਰ ਰਿਟੇਲਰ ਕੰਪਨੀ ਆਇਕੀਆ ਦੀ ਕੱਪੜੇ ਦੀ ਅਲਮਾਰੀ ਡਿੱਗਣ ਨਾਲ ਹੋਈ ਬੱਚੇ ਦੀ ਮੌਤ ਕੇਸ ਵਿੱਚ ਕੰਪਨੀ 331 ਕਰੋੜ ਰੁਪਏ ਦੇ ਬਰਾਬਰਾ ਦਾ ਮੁਆਵਜ਼ਾ ਦੇਣ ਦੇ ਲਈ ਤਿਆਰ ਹੋ ਗਈ ਹੈ। ਕੈਲੀਫੋਰਨੀਆ ਵਿੱਚ ਮਈ 2017 ਵਿੱਚ ਦੋ ਸਾਲ ਦੇ ਜੋਸੇਫ ਡਡੇਕ ਉਤੇ ਆਇਕੀਆ ਦੀ ਕੱਪੜੇ ਦੀ ਅਲਮਾਰੀ ਡਿੱਗ ਗਈ ਸੀ ਅਤੇ ਸਾਹ ਘੁੱਟਣ ਨਾਲ ਜੋਸੇਫ ਦੀ ਮੌਤ ਹੋ ਗਈ ਸੀ।

ਸਾਲ 2016 ਵਿੱਚ ਵੀ ਆਇਕੀਆ ਨੇ ਤਿੰਨ ਪਰਵਾਰਾਂ ਨੂੰ 3600 ਕਰੋੜ ਰੁਪਏ ਦਾ ਮੁਆਵਜ਼ਾ ਦਿੱਤਾ ਸੀ। ਇਨ੍ਹਾਂ ਬੱਚਿਆਂ ਦੇ ਉਪਰ ਵੀ ਇਸੇ ਸਵੀਡਿਸ਼ ਕੰਪਨੀ ਦੀ ਅਲਮਾਰੀ ਡਿੱਗ ਕੇ ਮੌਤ ਹੋਈ ਸੀ। ਵਕੀਲ ਨੇ ਕਿਹਾ ਕਿ ਅਮਰੀਕਾ ਦੇ ਇਤਿਹਾਸ ਵਿੱਚ ਗਲਤ ਤਰੀਕੇ ਨਾਲ ਹੋਈ ਬੱਚੇ ਦੀ ਮੌਤ ਦੇ ਕੇਸ ਵਿੱਚ ਇਹ ਅੱਜ ਤੱਕ ਦਾ ਸਭ ਤੋਂ ਵੱਡਾ ਸੈਟਲਮੈਂਟ ਹੈ। ਬੱਚੇ ਦੇ ਮਾਤਾ-ਪਿਤਾ ਜੋਲਿਨ ਅਤੇ ਕ੍ਰੇਗ ਡਡੇਕ ਨੇ ਕਿਹਾ ਕਿ ਅਸੀਂ ਸੋਚਿਆ ਵੀ ਨਹੀਂ ਸੀ ਕਿ ਇਸ ਤੀਹ ਇੰਚ ਦੇ ਡ੍ਰੈਸਰ ਦੇ ਡਿੱਗਣ ਨਾਲ ਸਾਡੇ ਦੋ ਸਾਲਾ ਬੱਚੇ ਨਾਲ ਅਜਿਹਾ ਹੋ ਸਕਦਾ ਹੈ। ਬਾਅਦ ਵਿੱਚ ਸਾਨੂੰ ਸਮਝ ਆਇਆ ਕਿ ਇਹ ਡਿਜ਼ਾਈਨ ਤੋਂ ਹੀ ਗਲਤ ਸੀ। ਅਸੀਂ ਇਹ ਕੇਸ ਇਸ ਲਈ ਲੜ ਰਹੇ ਸੀ ਤਾਂ ਕਿ ਇਹ ਕਹਾਣੀ ਦੁਨੀਆ ਸਾਹਮਣੇ ਆਏ, ਜਿਸ ਤੋਂ ਫਿਰ ਕਿਸੇ ਦੂਸਰੇ ਪਰਵਾਰ ਨਾਲ ਅਜਿਹਾ ਨਾ ਹੋਵੇ। ਇਨ੍ਹਾਂ ਹਾਦਸਿਆਂ ਦੇ ਬਾਅਦ ਕੰਪਨੀ ਨੇ ਸੇਫਟੀ ਇਸ਼ਿਊ ਦੇ ਕਾਰਨ 32 ਕਿਲੋ ਵਜ਼ਨ ਵਾਲੀਆਂ ਇਨ੍ਹਾਂ ਲੱਖਾਂ ਅਲਮਾਰੀਆਂ ਨੂੰ ਰਿਕਾਲ ਕਰ ਲਿਆ ਸੀ। ਇਸ ਅਲਮਾਰੀ ਦੇ ਡਿੱਗਣ ਨਾਲ ਪੰਜ ਹਰ ਬੱਚਿਆਂ ਦੀ ਵੀ ਮੌਤ ਹੋਈ ਸੀ। ਇਹ ਕੰਪਨੀ ਦੇ ਇਤਿਹਾਸ ਵਿੱਚ ਕਿਸੇ ਪ੍ਰੋਡਕਟ ਨੂੰ ਵਾਪਸ ਬੁਲਾਉਣ ਦਾ ਸਭ ਤੋਂ ਵੱਡਾ ਮਾਮਲਾ ਸੀ। ਸਾਲ 1943 ਵਿੱਚ ਸਿਰਫ 17 ਸਾਲ ਦੇ ਕੈਂਪੇਡ ਨੇ ਸਵੀਡਨ ਵਿੱਚ ਕੰਪਨੀ ਦੀ ਸਥਾਪਨਾ ਕੀਤੀ ਸੀ। 2019 ਵਿਚ ਕੰਪਨੀ ਦਾ ਰੈਵੇਨਿਊ 3.25 ਲੱਖ ਕਰੋੜ ਰੁਪਏ ਸੀ। ਆਇਕੀਆ ਮੌਜੂਦਾ ਸਮੇਂ ਵਿੱਚ ਦੁਨੀਆ ਦੀ ਵੱਡੀ ਫਰਨੀਚਰ ਰਿਟੇਲਰ ਕੰਪਨੀਆਂ ਵਿੱਚੋਂ ਇੱਕ ਹੈ। ਇਹ ਯੂਰਪੀਨ ਮਲਟੀਨੇਸ਼ਨ ਗਰੁੱਪ ਫਰਨੀਚਰ ਦੀ ਡਿਜ਼ਾਈਨ ਕਰਦਾ ਹੈ ਅਤੇ ਰੇਡੀ ਏਸੈਂਬਲ ਫਰਨੀਚਰ ਦੀ ਵਿਕਰੀ ਕਰਦਾ ਹੈ। ਕੰਪਨੀ ਕਿਚੇਨ ਇੰਪਲਾਇੰਸ ਅਤੇ ਹੋਮ ਅਸੈਸਰੀਜ਼ ਵੀ ਬਣਾ ਕੇ ਵੇਚਦੀ ਹੈ।

# ਪਾਵਰਕਾਮ ਵੱਲੋਂ ਨਾਭਾ ਪਾਵਰ ਪਲਾਂਟ ਨੂੰ ਸਮਝੌਤੇ ਰੱਦ ਕਰਨ ਦਾ ਨੋਟਿਸ



ਪਟਿਆਲਾ, 8 ਜਨਵਰੀ (ਪੋਸਟ ਬਿਊਰੋ)- ਨਾਭਾ ਪਾਵਰ ਪਲਾਂਟ (ਐੱਨ ਪੀ ਐੱਲ) ਦੇ ਬੰਦ ਹੋਣ ਕਾਰਨ ਪੀ ਐੱਸ ਪੀ ਸੀ ਐੱਲ ਨੂੰ ਬਿਜਲੀ ਉਤਪਾਦਨ ਲਈ ਆਪਣੇ ਪਲਾਂਟ ਚਲਾਉਣੇ ਪੈ ਰਹੇ ਹਨ। ਜਦ ਐੱਨ ਪੀ ਐੱਲ ਬਿਜਲੀ ਖਰੀਦ ਸਮਝੌਤਾ (ਪੀ ਪੀ ਏ) ਹੇਠ ਬਿਜਲੀ ਹਾਸਲ ਨਹੀਂ ਕਰਵਾ ਰਿਹਾ ਤਾਂ ਪਾਵਰਕਾਮ ਨੇ ਐੱਨ ਪੀ ਐੱਲ ਨੂੰ ਨੋਟਿਸ ਕਢਵਾ ਕੇ ਸਮਝੌਤਾ ਰੱਦ ਕਰਨ ਅਤੇ ਪੀ ਪੀ ਏ ਨੂੰ ਮੁੜ ਸੰਗਠਿਤ ਕਰਨ ਲਈ ਕਿਹਾ ਕਹੀ ਹੈ। ਇਸ ਕੰਪਨੀ ਦੇ ਥਰਮਲ ਪਲਾਂਟ ਵਿੱਚ ਫਿਊਲ ਗੈਸ ਡਿਸਫਲਾਈਰਜ਼ਰ (ਐੱਫ ਜੀ ਡੀ) ਪ੍ਰੋਜੈਕਟ ਨਾ ਲਗਾਉਣ ਦੇ ਕਾਰਨ ਇਸ ਦੇ 1400 ਮੈਗਾਵਾਟ ਦੇ ਪਲਾਂਟ ਨੇ 31 ਦਸੰਬਰ ਤੋਂ ਬਿਜਲੀ ਉਤਪਾਦਨ ਬੰਦ ਕਰ ਦਿੱਤਾ ਸੀ।

ਇਹ ਪਹਿਲੀ ਵਾਰ ਹੈ ਕਿ ਪਾਵਰਕਾਮ ਨੇ ਤਿੰਨਾਂ ਪ੍ਰਾਈਵੇਟ ਥਰਮਲ ਪਲਾਂਟਾਂ ਨੂੰ ਇਸ ਤਰ੍ਹਾਂ ਦਾ ਨੋਟਿਸ ਦਿੱਤਾ ਹੈ। ਇਨ੍ਹਾਂ ਤਿੰਨਾ ਪਲਾਟਾਂ ਨੂੰ ਸਾਲਾਨਾ ਬਿਜਲੀ ਸਪਲਾਈ ਦੇ ਬਿਨਾਂ ਵੀ 2700 ਕਰੋੜ ਰੁਪਏ ਦੇਣੇ ਪੈਂਦੇ ਹਨ। ਸੱਤਾ ਵਿੱਚ ਵਾਪਸੀ ਵੇਲੇ ਕਾਂਗਰਸ ਨੇ ਐਲਾਨ ਕੀਤਾ ਸੀ ਕਿ ਤੈਅ ਲਾਗਤ ਤੋਂ ਵੱਧ ਨਿੱਜੀ ਸਮਝੌਤੇ ਉੱਤੇ ਵਿਚਾਰ ਕਰ ਕੇ ਦੋਬਾਰਾ ਸਮਝੌਤੇ ਕੀਤੇ ਜਾਣਗੇ, ਜੋ ਕੀਤੇ ਨਹੀਂ ਸਨ ਅਤੇ ਨਤੀਜਾ ਇਸ ਤਰ੍ਹਾਂ ਦੇ ਅੜਿੱਕੇ ਵਿੱਚ ਨਿਕਲ ਰਿਹਾ ਹੈ।

# ਬੈਂਕ ਖਾਤੇ ਤੋਂ ਧੋਖੇ ਨਾਲ 91 ਲੱਖ ਕਢਾਉਣ ਵਾਲੇ ਕਾਂਗਰਸੀ ਆਗੂ ਤੇ ਪਤਨੀ ਖ਼ਿਲਾਫ਼ ਕੇਸ ਦਰਜ

ਨੂਰਮਹਿਲ, 8 ਜਨਵਰੀ (ਪੋਸਟ ਬਿਊਰੋ)- ਜਲੰਧਰ ਦਿਹਾਤੀ ਪੁਲਸ ਦੇ ਐਨ ਆਰ ਆਈ ਥਾਣੇ ਨੇ ਨੂਰਮਹਿਲ ਦੇ ਇੱਕ ਕਾਂਗਰਸੀ ਆਗੂ ਤੇ ਉਸ ਦੀ ਪਤਨੀ ਵਿਰੁੱਧ ਜਾਅਲਸਾਜ਼ੀ ਦੇ ਦੋਸ਼ਾਂ ਹੇਠ ਮੁਕੱਦਮਾ ਦਰਜ ਕੀਤਾ ਹੈ।




ਥਾਣਾ ਮੁਖੀ ਬਲਕਾਰ ਸਿੰਘ ਨੇ ਦੱਸਿਆ ਕਿ ਦੋਸ਼ੀਆਂ ਦੀ ਪਹਿਚਾਣ ਦਵਿੰਦਰ ਕੁਮਾਰ ਸੰਧੂ ਅਤੇ ਉਸ ਦੀ ਪਤਨੀ ਉਪਨੀਤ ਕੌਰ ਸੰਧੂ ਮਹੱਲਾ ਕਿਲ੍ਹਾ ਨੂਰਮਹਿਲ ਵਜੋਂ ਹੋਈ ਹੈ। ਕੈਨੇਡਾ ਰਹਿੰਦੇ ਐਨ ਆਰ ਆਈ ਤੇ ਨੂਰਮਹਿਲ ਦੇ ਵਾਸੀ ਪੰਕਜ ਸੰਧੂ, ਜੋ ਦੋਸ਼ੀ ਦਵਿੰਦਰ ਕੁਮਾਰ ਸੰਧੂ ਦਾ ਛੋਟਾ ਭਰਾ ਹੈ, ਨੇ ਐਡੀਸ਼ਨਲ ਡਾਇਰੈਕਟਰ ਜਨਰਲ ਐਨ ਆਰ ਆਈ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ ਕਿ ਉਸ ਦਾ ਤੇ ਉਸ ਦੀ ਪਤਨੀ ਦਾ ਨੂਰਮਹਿਲ ਦੇ ਇੱਕ ਬੈਂਕ ਵਿੱਚ ਸਾਂਝਾ ਐਨ ਆਰ ਆਈ ਖ਼ਾਤਾ ਹੈ ਅਤੇ ਉਸ ਨੇ ਇਸ ਖ਼ਾਤੇ ਦੀ ਇੱਕ ਚੈਕ ਬੁੱਕ ਜਿਸ 'ਚ ਕੁਝ ਚੈਕਾਂ 'ਤੇ ਦਸਖ਼ਤ ਕੀਤੇ ਹੋਏ ਸਨ, ਆਪਣੇ ਪਿਤਾ ਸਵ. ਤੀਰਥ ਰਾਮ ਸੰਧੂ ਨੂੰ ਇਸ ਸ਼ਰਤ 'ਤੇ ਦਿੱਤੀ ਸੀ ਕਿ ਸਿਰਫ਼ ਉਹੀ ਬੈਂਕ 'ਚੋਂ ਪੈਸੇ ਕਢਵਾਉਣਗੇ, ਜਿਨਾਂ ਦੀ ਮੌਤ 28 ਅਗਸਤ 2015 'ਚ ਹੋ ਗਈ ਸੀ। ਪੰਕਜ ਸੰਧੂ ਨੇ ਕਿਹਾ ਕਿ ਕਿਸੇ ਤਰ੍ਹਾਂ ਚੈਕ ਬੁੱਕ ਉਸ ਦੇ ਭਰਾ ਦਵਿੰਦਰ ਕੁਮਾਰ ਸੰਧੂ ਦੇ ਹੱਥ ਲੱਗ ਗਈ ਤੇ ਦੋਵਾਂ ਪਤੀ-ਪਤਨੀ ਨੇ ਉਸ ਵੱਲੋਂ ਦਸਤਖ਼ਤ ਕੀਤੇ ਚੈਕਾਂ 'ਤੇ ਹੇਰਾ-ਫੇਰੀ ਰਾਹੀਂ 91 ਲੱਖ ਰੁਪਏ ਦੀ ਰਕਮ ਕਢਵਾ ਲਈ। ਏ ਡੀ ਜੀ ਪੀ (ਐਨ ਆਰ ਆਈ) ਨੇ ਇਹ ਸ਼ਿਕਾਇਤ ਜਾਂਚ ਲਈ ਆਈ ਜੀ, ਐਨ ਆਰ ਆਈ ਜਲੰਧਰ ਨੂੰ ਭੇਜ ਦਿੱਤੀ ਤੇ ਉਨ੍ਹਾਂ ਨੇ ਅੱਗੇ ਐਨ ਆਰ ਆਈ ਥਾਣੇ ਦੇ ਮੁਖੀ ਨੂੰ ਪੜਤਾਲ ਕਰਨ ਲਈ ਕਿਹਾ। ਥਾਣਾ ਮੁਖੀ ਨੇ ਰਿਪੋਰਟ ਬਣਾ ਕੇ ਉਚ ਅਧਿਕਾਰੀਆਂ ਨੂੰ ਭੇਜ ਦਿੱਤੀ। ਏ ਡੀ ਜੀ ਪੀ ਪੜਤਾਲ ਦੀ ਰਿਪੋਰਟ ਪਿੱਛੋਂ ਇਸ ਬਾਰੇ ਦਵਿੰਦਰ ਕੁਮਾਰ ਤੇ ਉਸ ਦੀ ਪਤਨੀ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ।

# ਢੀਂਡਸਾ ਪਿਤਾ-ਪੁੱਤਰ ਨੂੰ ਅਕਾਲੀ ਦਲ 'ਚੋਂ ਕੱਢਣ ਦੀ ਤਿਆਰੀ

ਸੰਗਰੂਰ, 8 ਜਨਵਰੀ (ਪੋਸਟ ਬਿਊਰੋ)- ਅਕਾਲੀ ਦਲ ਨੇ ਪਾਰਟੀ ਦੇ ਸੀਨੀਅਰ ਆਗੂ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਅਤੇ ਸਾਬਕਾ ਵਿੱਤ ਮੰਤਰੀ ਤੇ ਹਲਕਾ ਲਹਿਰਾ ਤੋਂ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੂੰ ਪਾਰਟੀ 'ਚੋਂ ਕੱਢਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਪਾਰਟੀ ਦੀਆਂ ਸੰਗਰੂਰ ਤੇ ਬਰਨ-'ਲਾ ਜ਼ਿਲ੍ਹਾ ਇਕਾਈਆਂ ਵੱਲੋਂ ਢੀਂਡਸਾ ਪਿਤਾ-ਪੁੱਤਰ ਖ਼ਿਲਾਫ਼ ਮਤਾ ਪਾਸ ਕਰ ਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਮੰਗ ਕੀਤੀ ਹੈ ਕਿ ਦੋਵਾਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਜਾਵੇ ਅਤੇ ਯੋਗ ਆਗੂਆਂ ਨੂੰ ਅੱਗੇ ਲਿਆਂਦਾ ਜਾਵੇ। ਇਥੇ ਪ੍ਰੈਸ ਕਾਨਫਰੰਸ ਵਿੱਚ ਪਾਰਟੀ ਵੱਲੋਂ ਇਨ੍ਹਾਂ ਦੋਵੇਂ ਜ਼ਿਲ੍ਹਿਆਂ ਦੇ ਇੰਚਾਰਜ ਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਦੱਸਿਆ ਕਿ ਹਲਕਾ ਇੰਚਾਰਜਾਂ, ਸ਼੍ਰੋਮਣੀ ਕਮੇਟੀ ਮੈਂਬਰਾਂ, ਜ਼ਿਲ੍ਹਾ ਅਤੇ ਸਰਕਲ ਅਹੁਦੇਦਾਰਾਂ ਨੇ ਸਰਬ ਸੰਮਤੀ ਨਾਲ ਮਤਾ ਪਾਸ ਕਰ ਕੇ ਪਾਰਟੀ ਤੋਂ ਮੰਗ ਕੀਤੀ ਹੈ ਕਿ ਢੀਂਡਸਾ ਪਿਤਾ-ਪੁੱਤਰ ਖ਼ਿਲਾਫ਼ ਪਾਰਟੀ ਵਿਰੋਧੀ ਕਾਰਵਾਈਆਂ ਦੇ ਦੋਸ਼ ਹੇਠ ਅਨੁਸ਼ਾਸਨੀ ਕਾਰਵਾਈ ਕਰ ਕੇ ਦੋਵਾਂ ਨੂੰ ਪਾਰਟੀ 'ਚੋਂ ਕੱਢਿਆ ਜਾਵੇ। ਮਲੂਕਾ ਨੇ ਦੱਸਿਆ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਇਹ ਮਤਾ ਭੇਜਿਆ ਜਾ ਰਿਹਾ ਹੈ। ਮਲੂਕਾ ਨੇ ਕਿਹਾ ਕਿ ਸੁਖਦੇਵ ਸਿੰਘ ਢੀਂਡਸਾ ਤੇ ਪਰਮਿੰਦਰ ਸਿੰਘ ਢੀਂਡਸਾ ਪਾਰਟੀ ਦੀ ਕਿਸੇ ਮੀਟਿੰਗ ਵਿੱਚ ਨਹੀਂ ਆ ਰਹੇ ਸਗੋਂ ਪਾਰਟੀ 'ਚੋਂ ਕੱਢੇ ਹੋਏ ਪਾਰਟੀ ਵਿਰੋਧੀ ਆਗੂਆਂ ਨਾਲ ਮੀਟਿੰਗਾਂ ਕਰ ਕੇ ਅਕਾਲੀ ਦਲ ਨੂੰ ਕਮਜ਼ੋਰ ਕਰ ਰਹੇ ਹਨ।

# ਸੈਕਟਰ-19 ਦੇ ਡੈਂਟਿਸਟ ਵੱਲੋਂ ਕੋਰਟ ਵਿੱਚ ਅਰਜ਼ੀ



ਚੰਡੀਗੜ੍ਹ, 8 ਜਨਵਰੀ (ਪੋਸਟ ਬਿਊਰੋ)- ਸੈਕਟਰ-21 ਦੇ ਡੈਂਟਿਸਟ ਡਾਕਟਰ ਮੋਹਿਤ ਧਵਨ ਨੇ ਸੀ ਬੀ ਆਈ ਦੇ ਸਾਬਕਾ ਸਪੈਸ਼ਲ ਡਾਇਰੈਕਟਰ ਰਾਕੇਸ਼ ਅਸਥਾਨਾ ਅਤੇ ਚੰਡੀਗੜ੍ਹ ਪੁਲਸ ਦੇ ਸਾਬਕਾ ਡੀ ਜੀ ਪੀ ਤੇਜਿੰਦਰ ਸਿੰਘ ਲੂਥਰਾ ਸਮੇਤ ਅੱਠ ਲੋਕਾਂ 'ਤੇ ਧੋਖਾਧੜੀ ਦੇ ਦੋਸ਼ ਲਾਏ ਹਨ। ਇਨ੍ਹਾਂ ਸਭ ਦੇ ਖਿਲਾਫ ਕੇਸ ਦਰਜ ਕਰਨ ਲਈ ਡਾਕਟਰ ਧਵਨ ਨੇ ਡਿਸਟ੍ਰਿਕਟ ਕੋਰਟ ਵਿੱਚ ਧਾਰਾ 156 (3) ਦੀ ਅਰਜ਼ੀ ਦਾਇਰ ਕੀਤੀ ਹੈ।

ਇਸ ਸੰਬੰਧ ਵਿੱਚ ਕੋਰਟ ਨੇ ਪੁਲਸ ਤੋਂ ਪੁੱਛਿਆ ਹੈ ਕਿ ਡਾਕਟਰ ਧਵਨ ਦੀ ਸ਼ਿਕਾਇਤ ਉੱਤੇ ਪੁਲਸ ਨੇ ਅਜੇ ਤੱਕ ਕੀ ਕਾਰਵਾਈ ਕੀਤੀ ਹੈ? ਕੋਰਟ ਨੇ ਪਿਛਲੀ ਤਰੀਕ 'ਤੇ ਵੀ ਪੁਲਸ ਤੋਂ ਜਾਂਚ ਰਿਪੋਰਟ ਮੰਗੀ ਸੀ ਅਤੇ ਸੱਤ ਜਨਵਰੀ ਨੂੰ ਇਸ ਸਬਮਿਟ ਕਰਨ ਲਈ ਕਿਹਾ ਸੀ, ਪਰ ਕੱਲ੍ਹ ਵੀ ਪੁਲਸ ਨੇ ਰਿਪੋਰਟ ਨਹੀਂ ਦਿੱਤੀ। ਫਿਰ ਕੋਰਟ ਨੇ ਪੁਲਸ ਨੂੰ ਤੀਹ ਜਨਵਰੀ ਤੱਕ ਜਾਂਚ ਰਿਪੋਰਟ ਦੇਣ ਨੂੰ ਕਿਹਾ ਹੈ। ਡਾਕਟਰ ਧਵਨ ਦਾ ਦੋਸ਼ ਹੈ ਕਿ ਆਈ ਪੀ ਐੱਸ ਰਾਕੇਸ਼ ਅਸਥਾਨਾ ਨੇ ਉਨ੍ਹਾਂ ਤੋਂ ਪੰਜਾਹ ਲੱਖ ਰੁਪਏ ਉਨ੍ਹਾਂ ਦੀ ਵਿਦੇਸ਼ੀ ਪੇਸ਼ੈਂਟ ਨੂੰ ਦਿਵਾਉਣੇ ਚਾਹੇ। ਇਸ ਦੇ ਲਈ ਡੀ ਐੱਸ ਪੀ ਸਤੀਸ਼ ਕੁਮਾਰ ਅਤੇ ਓਦੋਂ ਦੇ ਐੱਸ ਐੱਚ ਓ ਅਸ਼ਵਨੀ ਕੁਮਾਰ ਨੇ ਹਰ ਤਰ੍ਹਾਂ ਉਨ੍ਹਾਂ ਨੂੰ ਪਰੇਸ਼ਾਨ ਕੀਤਾ। ਕਦੇ ਘਰ ਪੁਲਸ ਭੇਜੀ ਅਤੇ ਕਦੇ ਉਨ੍ਹਾਂ ਨੂੰ ਪੁਲਸ ਹੈਡਕੁਆਰਟਰ ਵਿੱਚ ਡੀ ਜੀ ਪੀ ਦੇ ਕਮਰੇ ਵਿੱਚ ਧਮਕਾਇਆ ਗਿਆ। ਡਾਕਟਰ ਧਵਨ ਨੇ ਸੀ ਬੀ ਆਈ ਡਾਇਰੈਕਟਰ ਨੂੰ ਸ਼ਿਕਾਇਤ ਦਿੱਤੀ ਸੀ ਅਤੇ ਸੀ ਬੀ ਆਈ ਨੇ ਇਸ ਕੇਸ ਵਿੱਚ ਐਡਵਾਇਜ਼ਰ ਨੂੰ ਰਿਪੋਰਟ ਭੇਜੀ ਜਿਸ ਦੇ ਬਾਅਦ ਇਨ੍ਹਾਂ ਅਫਸਰਾਂ ਦੇ ਖਿਲਾਫ ਵਿਜੀਲੈਂਸ ਜਾਂਚ ਸ਼ੁਰੂ ਹੋ ਗਈ ਹੈ।

# ਤਿੰਨ ਮਹੀਨੇ ਪਹਿਲਾਂ ਵਿਆਹੀ ਲੜਕੀ ਵੱਲੋਂ ਖ਼ੁਦਕੁਸ਼ੀ



ਮਕਸੂਦਾਂ, 8 ਜਨਵਰੀ (ਪੋਸਟ ਬਿਊਰੋ)- ਥਾਣਾ ਅੱਠ ਹੇਠਲੇ ਗੁਰੂ ਰਾਮਦਾਸ ਨਗਰ, ਸੰਤੋਖਪੁਰਾ ਵਿੱਚ ਕੱਲ੍ਹ ਸਵੇਰੇ ਉਸ ਸਮੇਂ ਸਨਸਨੀ ਫੈਲ ਗਈ, ਜਦ ਤਿੰਨ ਮਹੀਨੇ ਪਹਿਲਾਂ ਵਿਆਹੀ ਲੜਕੀ ਨੇ ਆਪਣੇ ਘਰ ਵਿੱਚ ਹੀ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕਾ ਦੀ ਪਛਾਣ ਨਵਦੀਪ ਕੌਰ ਪਤਨੀ ਸ਼ਮਸ਼ੇਰ ਸਿੰਘ ਵਾਸੀ ਫਗਫਾੜਾ ਵਜੋਂ ਹੋਈ ਹੈ। ਮ੍ਰਿਤਕ ਦਾ ਕਿਸੇ ਤਰ੍ਹਾਂ ਦਾ ਕੋਈ ਸੁਸਾਈਡ ਨੋਟ ਬਰਾਮਦ ਨਹੀਂ ਹੋਇਆ।

ਉਸ ਦੇ ਪਰਵਾਰਕ ਮੈਂਬਰਾਂ ਨੇ ਪੁਲਸ ਨੂੰ ਦੱਸਿਆ ਕਿ ਉਸ ਦੇ ਸਹੁਰੇ ਘਰ ਵਾਲੇ ਦਹੇਜ ਲਈ ਉਸ ਨੂੰ ਤੰਗ ਕਰ ਰਹੇ ਸਨ, ਜਿਸ ਕਾਰਨ ਉਨ੍ਹਾਂ ਦੀ ਬੇਟੀ ਨੇ ਖ਼ੁਦਕੁਸ਼ੀ ਕੀਤੀ ਹੈ। ਪੁਲਸ ਨੇ ਮ੍ਰਿਤਕਾ ਦੇ ਪਿਤਾ ਦੇ ਬਿਆਨਾਂ ਉਤੇ ਨਵਦੀਪ ਦੇ ਪਤੀ ਸ਼ਮਸ਼ੇਰ ਸਿੰਘ ਤੇ ਸੱਸ ਮਨਜੀਤ ਕੌਰ ਦੇ ਖ਼ਿਲਾਫ਼ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਬਾਰੇ ਮ੍ਰਿਤਕਾ ਦੇ ਪਿਤਾ ਦਰਸ਼ਨ ਸਿੰਘ ਨੇ ਦੱਸਿਆ ਕਿ ਉਸ ਦੇ ਦੋ ਲੜਕੇ ਅਤੇ ਦੋ ਲੜਕੀਆਂ ਸਨ। ਨਵਦੀਪ ਦਾ ਤਿੰਨ ਮਹੀਨੇ ਪਹਿਲਾਂ ਕਿਸੇ ਫੈਕਟਰੀ 'ਚ ਖ਼ਰਾਦ ਦਾ ਕੰਮ ਕਰਦੇ ਸ਼ਮੇਸ਼ਰ ਸਿੰਘ ਨਾਲ ਵਿਆਹ ਹੋਇਆ ਸੀ। ਲੜਕੀ ਨੂੰ ਉਸ ਦ ਸਹੁਰਾ ਪਰਵਾਰ ਬਹੁਤ ਤੰਗ ਕਰਦਾ ਸੀ, ਜਿਸ ਕਾਰਨ ਕਈ ਦਿਨਾਂ ਤੋਂ ਉਸ ਦੀ ਬੇਟੀ ਉਨ੍ਹਾਂ ਨਾਲ ਰਹਿ ਰਹੀ ਸੀ। ਉਸ ਦੇ ਸਹੁਰੇ ਘਰ ਵਾਲੇ ਆਉਂਦੇ ਸਨ ਪਰ ਨਾਲ ਲੈ ਕੇ ਨਹੀਂ ਜਾਂਦੇ ਸਨ। ਉਸ ਦੀ ਸੱਸ ਆਈ ਸੀ ਪਰ ਲੜਕੀ ਨੂੰ ਨਾਲ ਨਹੀਂ ਲੈ ਕੇ ਗਈ। ਦੁਪਹਿਰ 12 ਵਜੇ ਦੇ ਕਰੀਬ ਉਸ ਦੀ ਮਾਂ ਰਸੋਈ 'ਚ ਕੰਮ ਕਰ ਰਹੀ ਸੀ ਕਿ ਨਵਦੀਪ ਨੇ ਕਮਰੇ ਦਾ ਟੀ ਵੀ ਉਚੀ ਆਵਾਜ਼ 'ਚ ਲਗਾ ਲਿਆ ਤੇ ਫਾਹਾ ਲੈ ਲਿਆ। ਘਟਨਾ ਦੇ ਸਮੇਂ ਘਰ 'ਚ ਉਸ ਦੀ ਮਾਂ ਤੋਂ ਇਲਾਵਾ ਕੋਈ ਨਹੀਂ ਸੀ।

# ਕਾਂਗਰਸੀ ਕਹਾਉਂਦੇ ਕਾਲਾ ਰਾਏਪੁਰ ਦਾ ਸ਼ਰਾਬ ਗੋਦਾਮ ਫੜਿਆ, 783 ਪੇਟੀਆਂ ਬਰਾਮਦ

ਜਲੰਧਰ, 8 ਜਨਵਰੀ (ਪੋਸਟ ਬਿਊਰੋ)- ਆਪਣੇ ਆਪ ਨੂੰ ਕਾਂਗਰਸੀ ਆਗੂ ਕਹਿਣ ਵਾਲੇ ਦਲਜੀਤ ਸਿੰਘ ਉਰਫ ਕਾਲਾ ਰਾਏ-ਪੁਰ ਦੇ ਇੰਡਸਟਰੀਅਲ ਅਸਟੇਟ 'ਚ ਸਥਿਤ ਸ਼ਰਾਬ ਦੇ ਗੋਦਾਮ ਵਿੱਚ ਛਾਪੇਮਾਰੀ ਕਰ ਕੇ ਸੀ ਆਈ ਏ ਸਟਾਫ-1 ਨੇ 783 ਪੇਟੀਆਂ ਸ਼ਰਾਬ ਦੀਆਂ ਬਰਾਮਦ ਕੀਤੀਆਂ ਹਨ। ਕਾਲਾ ਨਹੀਂ ਮਿਲਿਆ, ਪਰ ਪੁਲਸ ਨੇ ਉਸ ਦੇ ਸਾਥੀ ਕ੍ਰਿਸ਼ਨ ਕਾਂਤ ਨੂੰ ਗ੍ਰਿਫਤਾਰ ਕਰ ਲਿਆ ਹੈ। ਮੌਕੇ ਤੋਂ ਇੱਕ ਗੱਡੀ ਵੀ ਮਿਲੀ ਹੈ।

ਸੀ ਆਈ ਏ ਸਟਾਫ-1 ਦੇ ਇੰਚਾਰਜ ਹਰਮਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਦਲਜੀਤ ਸਿੰਘ ਉਰਫ ਕਾਲਾ ਰਾਏ-ਪੁਰ ਪੁੱਤਰ ਸੁੱਚਾ ਸਿੰਘ ਵਾਸੀ ਰਾਏ-ਪੁਰ ਰਸੂਲਪੁਰ ਨੇ ਇੰਡਸਟਰੀਅਲ ਅਸਟੇਟ 'ਚ ਚੰਡੀਗੜ੍ਹ ਤੋਂ ਮੰਗਵਾਈ ਨਾਜਾਇਜ਼ ਸ਼ਰਾਬ ਨੂੰ ਡੰਪ ਕਰਨ ਲਈ ਗੋਦਾਮ ਕਿਰਾਏ 'ਤੇ ਲੈ ਰੱਖਿਆ ਹੈ ਅਤੇ ਓਥੇ ਭਾਰੀ ਮਾਤਰਾ ਵਿੱਚ ਸ਼ਰਾਬ ਡੰਪ ਕੀਤੀ ਹੈ। ਹਰਮਿੰਦਰ ਸਿੰਘ ਨੇ ਆਪਣੀ ਟੀਮ ਨਾਲ ਗੋਦਾਮ 'ਚ ਛਾਪੇਮਾਰੀ ਕੀਤੀ ਤਾਂ ਅੰਦਰ ਮੌਜੂਦਾ ਕਾਲਾ ਰਾਏਪੁਰ ਦਾ ਸਾਥੀ ਕ੍ਰਿਸ਼ਨ ਕਾਂਤ ਪੁੱਤਰ ਵਿਨੋਦ ਦੂਬੇ ਵਾਸੀ ਉਪਕਾਰ ਨਗਰ ਨੂੰ ਭੱਜਦੇ ਹੋਏ ਪੁਲਸ ਨੇ ਕਾਬੂ ਕਰ ਲਿਆ। ਗੋਦਾਮ ਦੀ ਤਲਾਸ਼ੀ ਲੈਣ 'ਤੇ ਓਥੋਂ 783 ਪੇਟੀਆਂ ਸ਼ਰਾਬ ਦੀਆਂ ਬਰਾਮਦ ਹੋਈਆਂ। ਗੋਦਾਮ ਤੋਂ ਬਰਾਮਦ ਹੋਈ ਫੀਐਸਟਾ ਕਾਰ 'ਚ ਕਾਲਾ ਅਤੇ ਕ੍ਰਿਸ਼ਨ ਸ਼ਹਿਰ 'ਚ ਸਪਲਾਈ ਕਰਦੇ ਸਨ। ਮੌਕੇ 'ਤੇ ਬੁਲਾਈ ਗਈ ਐਕਸਾਈਜ਼ ਟੀਮ ਤੋਂ ਗੋਦਾਮ ਦੀ ਸਾਰੀ ਵੀਡੀਓਗਰਾਫੀ ਵੀ ਕਰਵਾਈ ਗਈ ਹੈ।

ਪਤਾ ਲੱਗਾ ਹੈ ਕਿ ਕਾਲਾ ਨੇ ਇਸ ਇਲਾਕੇ 'ਚ ਰਹਿਣ ਵਾਲੀ ਇੱਕ ਔਰਤ ਤੋਂ ਸਤੰਬਰ 2019 ਵਿੱਚ ਇਹ ਗੋਦਾਮ ਇੱਕ ਸਾਲ ਲਈ ਕਿਰ-ਾਏ 'ਤੇ ਲਿਆ ਸੀ। ਸੀ ਆਈ ਏ ਸਟਾਫ ਨੇ 19 ਜੁਲਾਈ 2019 ਨੂੰ ਇਸ ਜਗ੍ਹਾ 'ਤੇ ਕਿਰਾਏ 'ਤੇ ਲਏ ਗੋਦਾਮ 'ਚ ਛਾਪੇਮਾਰੀ ਕਰ ਕੇ 675 ਪੇਟੀਆਂ ਸ਼ਰਾਬ ਬਰਾਮਦ ਕੀਤੀ ਸੀ। ਕਾਲਾ ਪੇਸ਼ੇ ਤੋਂ ਸ਼ਰਾਬ ਸਮੱਗਲਰ ਹੈ, ਜਿਸ ਖਿਲਾਫ ਪਹਿਲਾਂ ਵੀ ਕੇਸ ਦਰਜ ਹਨ।




## ਲੜਕੀ ਦੀ ਲੋੜ

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ ਫ੍ਰ ਲੜਕੀ ਲਈ ਪੜ੍ਹਿਆ-ਲਿਖੀਆ ਫ੍ਰ ਜਾਂ ੱਰਕ ਫਰਮਟਿ/ਤਸਿਟਿਰ ਤਸਿਅ ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 9780-167016

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਇ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ ਫ੍ਰ ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710




ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



# ਕਹਾਣੀ- ਹਲਦੀ ਵਾਲਾ ਦੁੱਧ

-ਰਵਿੰਦਰ ਰੁਪਾਲ ਕੌਲਗੜ੍ਹ

ਜੀਵਨ ਮਹਿਰੇ ਦਾ ਵੱਡਾ ਪੁੱਤਰ ਮੈਨੂੰ ਸਾਡੇ ਗੇਟ ਕੋਲੋਂ ਹਾਕਾਂ ਮਾਰਦਾ ਹੋਇਆ, ਘਰ ਅੰਦਰ ਆ ਵੜਿਆ। ਮੈਂ ਮੰਜੇ ਤੋਂ ਉਠ ਕੇ ਉਸ ਨੂੰ ਅੱਗੇ ਹੋ ਕੇ ਮਿਲਿਆ। ਬਰਾਬਰ ਆਉਂਦਿਆਂ ਹੀ ਉਹ ਮੇਰੇ ਗੋਡਿਆਂ ਵੱਲ ਨੂੰ ਝੁਕ ਕੇ ਬੋਲਿਆ, ‘ਬਾਬਾ ਜੀ, ਤੁਹਾਨੂੰ ਪਾਪਾ ਜੀ ਵੱਲੋਂ ਸਪੈਸ਼ਲ ਸੁਨੇਹਾ ਹੈ ਕਿ ਤੁਸੀਂ ਉਨ੍ਹਾਂ ਦੀ ਰਿਟਾਇਰਮੈਂਟ ਪਾਰਟੀ 'ਤੇ ਜ਼ਰੂਰ ਪੁੱਜਣਾ ਹੈ। ਪਾਪਾ ਜੀ ਪਰਸੋਂ ਇਕੱਤੀ ਤਰੀਕ ਨੂੰ ਸੇਵਾਮੁਕਤ ਹੋ ਰਹੇ ਨੇ।'

ਉਮਰ ਵਿੱਚ ਮੈਂ ਜੀਵਨ ਨਾਲੋਂ ਕਾਫੀ ਛੋਟਾ ਹਾਂ, ਪਰ ਸਮਾਜਿਕ ਰਿਸ਼ਤਿਆਂ ਵਿੱਚ ਮੈਂ ਜੀਵਨ ਦੇ ਚਾਚਿਆਂ ਦੇ ਥਾਂ ਹਾਂ। ਇਸ ਕਰਕੇ ਉਸ ਦਾ ਪੁੱਤਰ ਮੈਨੂੰ ਬਾਬਾ ਜੀ ਕਹਿ ਕੇ ਬੁਲਾ ਰਿਹਾ ਹੈ। ‘ਕਿੰਨੇ ਕੁ ਵਜੇ ਧਰਿਆ ਪ੍ਰੋਗਰਾਮ ਮੱਲਾ?' ਮੈਂ ਖੰਘੂਰਾ ਜਿਹਾ ਮਾਰ ਕੇ ਉਸ ਉਸ ਤੋਂ ਪੁੱਛਿਆ।

‘ਬਾਬਾ ਜੀ, ਪ੍ਰੋਗਰਾਮ ਤਾਂ ਆਥਣੇ ਹੋਵੇਗਾ, ਉਹ ਵੀ ਆਪਣੇ ਘਰ ਹੀ ਹੈ, ਪਰ ਤੁਸੀਂ ਜ਼ਰੂਰ ਪੁੱਜਣਾ ਹੈ।' ਉਹ ਮੇਰੇ ਪਾਣੀ ਧਾਣੀ ਪੁੱਛਣ ਤੋਂ ਪਹਿਲਾਂ ਹੀ ਇਉਂ ਕਹਿ ਕੇ ਵਾਪਸ ਚਲਾ ਗਿਆ। ਉਸ ਦੇ ਜਾਣ ਮਗਰੋਂ ਮੈਨੂੰ ਮਿਲੇ ਇਸ ਸਪੈਸ਼ਲ ਸੁਨੇਹੇ ਨੇ ਚੱਕਰ 'ਚ ਪਾ ਦਿੱਤਾ ਕਿ ਸਿਰਫ ਮੈਨੂੰ ਹੀ ਸਪੈਸ਼ਲ, ਬਾਕੀ ਵੀ ਸਾਰਾ ਪਿੰਡ ਵਸਦਾ ਹੈ। ਦਰਅਸਲ ਜਦੋਂ ਦਾ ਮੈਂ ਪੱਕੇ ਅਸੂਲਾਂ ਵਾਲੀ ਪਾਰਟੀ ਦਾ ਸਿਰਕੱਢ ਵਰਕਰ ਬਣਿਆ ਹਾਂ, ਉਦੋਂ ਤੋਂ ਮੇਰਾ ਪਿੰਡ ਨਾਲੋਂ ਸਬੰਧ ਟੁੱਟਣਾ ਸ਼ੁਰੂ ਹੋ ਗਿਆ ਸੀ। ਸਾਰੇ ਪਿੰਡ ਨਾਲ ਬੋਲਚਾਲ ਬੰਦ ਹੋਣ ਕਰਕੇ ਮੈਂ ਆਪਣਾ ਮਕਾਨ ਵੀ ਪਿੰਡੋਂ ਬਾਹਰ ਖੇਤਾਂ 'ਚ ਪਾ ਬੈਠਾ ਹਾਂ। ਮੈਂ ਪਿੰਡ ਦੇ ਹਰ ਬੰਦੇ ਨੂੰ ਸੱਚ ਬੋਲਣ ਤੇ ਇਮਾਨਦਾਰੀ ਦੇ ਰਾਹ ਉਤੇ ਚੱਲਣ ਦੀ ਤਾਕੀਦ ਕਰਦਾ ਰਹਿੰਦਾ ਸਾਂ। ਰਿਸ਼ਵਤਖੋਰੀ, ਝੂਠ, ਚੋਰੀ ਤੋਂ ਵਰਜਦਾ ਰਹਿੰਦਾ ਸਾਂ। ਪਾਰਟੀ ਦੇ ਹੋ ਰਹੇ ਵੱਡੇ-ਵੱਡੇ ਪ੍ਰੋਗਰਾਮਾਂ ਵਿੱਚ ਮੈਂ ਸੱਚ ਦੇ ਪੱਖ ਵਿੱਚ ਧੂੰਆਂਧਾਰ ਲੈਕਚਰ ਦੇ ਕੇ ਵਾਹ-ਵਾਹ ਖੱਟ ਸਕਦਾ ਸਾਂ ਤਾਂ ਇਥੇ ਆਪਣੇ ਪਿੰਡ ਕੋਈ ਗਲਤ ਕੰਮ ਕਿਵੇਂ ਹੋਣ ਦਿੰਦਾ। ਉਥੇ ਮੇਰੀ ਗਰਦਨ ਗਿੱਠ ਉਚੀ ਹੋ ਜਾਂਦੀ, ਪਰ ਇਥੇ ਮੇਰਾ ਪਿੰਡ ਮੇਰੇ ਤੋਂ ਟੁੱਟਿਆ ਹੈ। ਜਦੋਂ ਦਾ ਸਰਪੰਚ ਨੂੰ ਦੁੱਧ 'ਚ ਯੂਰੀਆ ਪਾਉਣ ਤੋਂ ਰੋਕਿਆ ਹੈ, ਉਸ ਦਿਨ ਉਸ ਨੇ ਭੜਕਾਊ ਭਾਸ਼ਣ ਦੇ ਕੇ ਸਾਰਾ ਪਿੰਡ ਮੇਰੇ ਖਿਲਾਫ ਕਰ ਦਿੱਤਾ। ਕਿਸੇ ਨਾ ਮੇਰਾ ਸਾਥ ਦੇਣ ਦੀ ਹਿੰਮਤ ਨਹੀਂ ਦਿਖਾਈ।

ਮੈਂ ਗੇਟ ਕੋਲ ਖੜੇ ਨੇ ਜੀਵਨ ਦੀ ਦਲੇਰੀ ਬਾਰੇ ਸੋਚਿਆ ‘ਇਹ ਭੋਰਾ ਵੀ ਨਹੀਂ ਡਰਿਆ, ਸਰਪੰਚ ਤੋਂ ਵੀ। ਮੈਨੂੰ ਵੀ ਆਪਣੀ ਰਿਟਾਇਰਮੈਂਟ ਪਾਰਟੀ ਦਾ ਸੁਨੇਹਾ ਘੱਲ ਦਿੱਤਾ, ਜਦੋਂ ਕਿ ਮੇਰੇ ਬਾਰੇ ਪਿੰਡ ਵਾਸੀਆਂ ਦੇ ਵਿਚਾਰ ਹੀ ਬੜੇ ਭੈੜੇ ਹਨ ਕਿ ਮੈਂ ਜਿਸ ਦੇ ਵੀ ਮੱਥੇ ਲੱਗ ਜਾਵਾਂ, ਉਸ ਨੂੰ ਪੂਰਾ ਦਿਨ ਰੋਟੀ ਨਸੀਬ ਨਹੀਂ ਹੁੰਦੀ। ਫਿਰ ਜੀਵਨ ਨੇ ਇਹ ਨਿਡਰਤਾ ਕਿਵੇਂ ਦਿਖਾਈ!'

ਅੰਦਰ ਆ ਕੇ ਮੰਜੇ ਉਤੇ ਬੈਠਦੇ ਸਾਰ ਮੈਨੂੰ ਇਕਦਮ ਜੀਵਨ ਨੂੰ ਦੁੱਧ ਪਿਲਾਉਣ ਵਾਲਾ ਸਮਾਂ ਚੇਤੇ ਆ ਗਿਆ। ਦਰਅਸਲ ਜਦੋਂ ਜੀਵਨ ਦਸਵੀਂ ਜਮਾਤ ਵਿੱਚ ਪੜ੍ਹਦਾ ਸੀ, ਉਦੋਂ ਮੈਂ ਹਾਲੇ ਚੌਥੀ ਕਲਾਸ ਪਾਸ ਨਹੀਂ ਸੀ ਕੀਤੀ। ਉਨ੍ਹਾਂ ਦਿਨਾਂ ਵਿੱਚ ਅਸੀਂ ਆਪਣੀ ਜ਼ਮੀਨ ਵਿੱਚ ਬੋਰ ਕਰਵਾਉਣ ਲਈ ਖੂਹੀ ਪਟਵਾ ਰਹੇ ਸਾਂ। ਉਦੋਂ ਜੀਵਨ ਦੇ ਬਾਪੂ ਅਤੇ ਦਾਦਾ ਜੀ ਵੱਲੋਂ ਪਿੰਡ ਲਈ ਖੂਹਾਂ ਉਤੋਂ ਪਾਣੀ ਦੀਆਂ ਮਸ਼ਕਾਂ ਭਰ ਕੇ ਲਿਆਉਣ ਵਾਲਾ ਜੱਦੀ ਪੁਸ਼ਤੀ ਕੰਮ ਘਰਾਂ ਵਿੱਚ ਨਲਕੇ ਲੱਗਣ ਕਰ ਕੇ ਲਗਭਗ ਬੰਦ ਹੋ ਗਿਆ ਸੀ। ਇਸ ਕਰਕੇ ਜੀਵਨ ਦਾ ਬਾਪੂ ਤਾਰਾ ਸਿਹੁੰ ਸਾਡੇ ਦਿਹਾੜੀਏ ਦੇ ਤੌਰ 'ਤੇ ਕੰਮ ਕਰਾਉਣ ਆਇਆ ਸੀ। ਉਨ੍ਹਾਂ ਸਮਿਆਂ ਵਿੱਚ ਖੂਹ ਪੁਟਵਾ ਕੇ ਬੋਰ ਕਰਵਾਉਣ ਨੂੰ ਪੰਜ ਛੇ ਦਿਨ ਲੱਗਣਾ ਮਾਮੂਲੀ ਗੱਲ ਹੁੰਦੀ ਸੀ। ਇਸ ਲਈ ਪਹਿਲੇ ਦੋ ਦਿਨ ਕੰਮ ਵਾਲੇ ਬੰਦਿਆਂ ਦੀ ਘਾਟ ਰੜਕਦੀ ਰਹੀ, ਪਰ ਦੂਜੇ ਦਿਨ ਆਥਣੇ ਬਾਪੂ ਜੀ ਨੇ ਤਾਰਾ ਸਿਹੁੰ ਨੂੰ ਘਰ ਜਾਣ ਵੇਲੇ ਕਿਹਾ, ‘ਤਾਰੇ ਪੁੱਤ, ਕੱਲ੍ਹ ਨੂੰ ਕਿਸੇ ਹੋਰ ਦਿਹਾੜੀਏ ਦਾ ਇੰਤਜ਼ਾਮ ਕਰ ਲਈਂ ਤਾਂ ਹੀ ਛੇਤੀ ਨਿੱਬੜੂ ਆਪਣਾ ਕੰਮ।'

ਉਹ ਬਾਪੂ ਜੀ ਕੋਲ ਖੜਾ ਪੈਰ ਜਿਹੇ ਮਲ ਰਿਹਾ ਸੀ। ਉਹ ਹਲਕਾ ਜਿਹਾ ਖੰਘੂਰਾ ਮਾਰ ਕੇ ਬੋਲਿਆ, ‘ਚਾਚਾ ਜੀ, ਦਿਹਾੜੀਏ ਦਾ ਇੰਤਜ਼ਾਮ ਤਾਂ ਹੋਇਆ ਪਿਆ ਸਮਝੋ।'

‘ਉਹ ਕਿਵੇਂ? ਫਿਰ ਤੂੰ ਕੱਲ੍ਹ ਨਹੀਂ ਦੱਸਿਆ! ਅੱਜ ਆਪਾਂ ਨੂੰ ਇੰਨੇ ਔਖੇ ਕੰਮ ਕਰਨ ਦੀ ਲੋੜ ਨਾ ਪੈਂਦੀ!'

‘ਕੀ ਦੱਸਾਂ ਚਾਚਾ ਜੀ, ਆਪਣਾ ਜੀਵਨ, ਉਹ ਸਕੂਲੋਂ ਪੜ੍ਹਨੋਂ ਹੱਟ ਗਿਆ। ਕਹਿੰਦਾ, ਮੈਂ ਨ੍ਹੀਂ ਸਕੂਲ ਜਾਣਾ ਭਾਵੇਂ ਧਰਤੀ ਪਲਟ ਜਾਏ, ਪਰ ਮੈਨੂੰ ਸਕੂਲ ਜਾਣ ਨੂੰ ਨਾ ਕਹਿਣਾ। ਉਪਰੋਂ ਦਸਵੀਂ ਦੇ ਪੇਪਰਾਂ 'ਚ ਡੇਢ ਕੁ ਮਹੀਨਾ ਬਾਕੀ ਰਹਿੰਦਾ ਹੈ। ਮੈਂ ਉਸ ਨੂੰ ਕਿਹਾ ਕਿ ਤੂੰ ਔਖਾ ਸੌਖਾ ਇਕੇਰਾਂ ਦਸਵੀਂ ਕਰ ਲੈ, ਫਿਰ ਕਰੀਂ ਜਿਹੜਾ ਕੁਝ ਕਰਨਾ, ਪਰ ਉਹ ਕਿਸੇ ਦੀ ਨ੍ਹੀਂ ਮੰਨਦਾ!'

‘ਇਹ ਤਾਂ ਬੜੀ ਮਾੜੀ ਗੱਲ ਐ, ਭਾਈ ਤਾਰਾ ਸਿੰਹਾਂ, ਜੀਵਨ ਦੀ। ਜ਼ਿੰਦਗੀ 'ਚ ਪੜ੍ਹਾਈ ਤਾਂ ਬਹੁਤ ਜ਼ਰੂਰੀ ਐ। ਆਉਣ ਵਾਲੇ ਸਮੇਂ 'ਚ ਇਸ ਦੀ ਬੜੀ ਲੋੜ ਰਹਿਣੀ ਐ,' ਬਾਪੂ ਜੀ ਨੇ ਕਿਹਾ।

‘ਚਾਚਾ ਜੀ, ਦਿਹੜੀ ਕਰ-ਕਰ ਕੇ ਹੁਣ ਤੱਕ ਉਸ ਦੀਆਂ ਫੀਸਾਂ ਭਰਦਾ ਰਿਹਾ, ਕਿਤਾਬਾਂ ਲੈ ਕੇ ਦਿੰਦਾ ਰਿਹਾ। ਵਰਦੀਆਂ, ਬੂਟ ਹੀ ਨ੍ਹੀਂ ਲੋਟ ਆਉਂਦੇ। ਉਪਰੋਂ ਕਹਿੰਦਾ, ਪੜ੍ਹਾਈ ਨ੍ਹੀਂ ਕਰਨੀ। ਦੱਸੋ ਹੈ ਕੋਈ ਹੱਲ?'

ਤਾਰੇ ਨੇ ਜੀਵਨ ਦੇ ਭਵਿੱਖ ਦੀ ਚਿੰਤਾ ਪ੍ਰਗਟਾਈ।

‘ਫਿਰ ਹੁਣ ਕੀ ਕਰਨਾ ਹੈ ਉਸ ਨੇ?' ਬਾਪੂ ਜੀ ਨੇ ਗੰਭੀਰਤਾ ਨਾਲ ਪੁੱਛਿਆ।

‘ਕਰਨਾ ਕੀ ਹੈ! ਸਵੇਰੇ ਆਪਾਂ ਨੂੰ ਇਥੇ ਬੰਦੇ ਦੀ ਲੋੜ ਹੈ। ਨਾਲ ਲਿਆਊਂ ਉਸ ਨੂੰ। ਹੋਰ ਕੀ ਕਰਾਂ..। ਜਦ ਕੰਮ ਕਰਨਾ ਪਿਆ, ਆਪਣੇ ਦੋ ਦਿਨ 'ਚ ਸੁਰਤ ਟਿਕਾਣੇ ਆ ਜਾਣੀ ਐ।'

‘ਰਹਿਣ ਦੇ ਤਾਰਾ ਸਿੰਹਾਂ, ਮੁੰਡਾ ਨਿਆਣਾ ਹਾਲੇ।' ਬਾਪੂ ਜੀ ਨੇ ਉਸ ਦਾ ਪੱਖ ਪੂਰਿਆ।

‘ਚਾਚਾ ਜੀ ਉਹ ਨਿਆਣਾ ਨਹੀਂ। ਬੂਟ ਉਸ ਨੂੰ ਬੰਦਿਆਂ ਤੋਂ ਵੱਡੇ ਨੰਬਰ ਦੇ ਆਉਂਦੇ ਨੇ। ਉਸ ਨੇ ਕੱਦ ਕਾਹਦਾ ਕੱਢਿਆ! ਊਂ..ਹੈ ਨਿਕੰਮਾ। ਜੇ ਇਉਂ ਰਹਿ ਗਿਆ, ਕਿਸੇ ਨੇ ਉਸ ਦਾ ਵਿਆਹ ਨਹੀਂ ਕਰਨਾ। ਮੈਂ ਜਿਹੜਾ ਦੁੱਖ ਲੱਗਣਾ ਸੀ ਉਹ ਤਾਂ ਅਲੱਗ ਰਿਹਾ, ਪਰਸੋਂ ਦੀ ਉਸ ਦੀ ਮਾਂ ਨ੍ਹੀਂ ਮੰਜੇ ਤੋਂ ਉਠੀ।'

‘ਚੱਲ ਠੀਕ ਐ, ਫਿਰ ਲਿਆਈਂ ਨਾਲ। ਪਹਿਲਾਂ ਸਮਝਾ ਕੇ ਦੇਖਾਂਗੇ। ਜੇ ਨਾ ਮੰਨਿਆ ਤਾਂ ਦਿਹਾੜੀ ਲਾ ਲਾਵਾਂਗੇ, ਤਾਰਾ ਵੀਰ ਘਰ ਨੂੰ ਚਲਾ ਗਿਆ।

ਅਗਲੀ ਸਵੇਰੇ ਤਾਰਾ ਸਿੰਹੁ ਨੂੰ ਕੰਮ 'ਤੇ ਇੱਕਲੇ ਆਉਂਦੇ ਦੇਖ ਕੇ ਬਾਪੂ ਜੀ ਨੇ ਪੁੱਛਿਆ, ‘ਕੀ ਗੱਲ ਤਾਰਾ ਸਿੰਹਾਂ ਜੀਵਨ ਨ੍ਹੀਂ ਆਇਆ ਤੇਰੇ ਨਾਲ?'

‘ਉਹ ਆਉਂਦੈ ਚਾਚਾ ਜੀ। ਸਕੂਲ ਜਾਣ ਨੂੰ ਮੰਨਿਆ ਨਹੀਂ, ਦਿਹਾੜੀ 'ਤੇ ਆਉਣ ਨੂੰ ਮੰਨ ਗਿਆ। ਕਹਿੰਦਾ, ਤੁਸੀਂ ਚੱਲੋ ਤੁਹਾਡੇ ਨਾਲ ਤੁਰਦੇ ਨੂੰ ਮੈਨੂੰ ਸੰਗ ਲੱਗਦੀ ਹੈ, ਮੈਂ ਮਗਰੇ ਆਇਆ।'

ਤਾਰਾ ਵੀਰ ਅਜੇ ਕੰਮ ਕਰਨ ਲੱਗਾ ਹੀ ਸੀ ਕਿ ਇੰਨੇ ਚਿਰ ਨੂੰ ਜੀਵਨ ਵੀ ਆ ਗਿਆ। ਕਾਕਾ ਸਿਹੁੰ ਮਿਸਤਰੀ ਵੀ ਨਾਲ ਦੇ ਪਿੰਡੋਂ ਪਹੁੰਚ ਗਿਆ। ਇਕ ਹੋਰ ਦਿਹਾੜੀਆ ਵੀ ਆ ਗਿਆ ਸੀ।

ਅੱਜ ਖੂਹੀ ਵਿੱਚੋਂ ਮਿੱਟੀ ਕੱਢੀ ਜਾ ਰਹੀ ਸੀ। ਇਕ ਬੰਦਾ ਥੱਲੇ ਖੂਹੀ ਵਿੱਚ ਉਤਰ ਗਿਆ ਸੀ। ਜੀਵਨ ਤੇ ਤਾਰਾ ਦੋਵੇਂ ਪਿਉ ਪੁੱਤਰ ਬਾਹਰ ਸਨ। ਮਿੱਟੀ ਖਿੱਚਣ ਵਾਲੇ ਟੋਕਰੇ ਨੂੰ ਤਾਰ ਬੰਨ੍ਹ ਕੇ ਉਪਰ ਚੱਕਰੀ ਰਾਹੀਂ ਪਾਈ ਹੋਈ ਸੀ, ਪਰ੍ਹਾਂ ਥੋੜ੍ਹੇ ਫਰਕ ਨਾਲ ਲੋਹੇ ਦਾ ਇਕ ਵੱਡਾ ਚੱਕਰ, ਇਕ ਲੱਕੜ ਦੇ ਢਾਂਚੇ ਜਿਹੇ 'ਚ ਗੱਡਿਆ ਹੋਇਆ ਸੀ, ਜਿਸ ਉਪਰ ਲੱਕੜ ਦੀ ਦਸ ਕੁ ਫੁੱਟ ਲੰਮੀ ਗਰਦਲ ਘੁੰਮ ਰਹੀ ਸੀ। ਜਿਉਂ-ਜਿਉਂ ਚੱਕਰ ਉਪਰ ਤਾਰ ਲਿਪਟਦੀ, ਤਿਉਂ-ਤਿਉਂ ਓਧਰ ਮਿੱਟੀ ਦਾ ਭਰਿਆ ਟੋਕਰਾ ਬਾਹਰ ਆ ਰਿਹਾ ਹੁੰਦਾ। ਜਦੋਂ ਟੋਕਰਾ ਬਾਹਰ ਆ ਜਾਂਦਾ ਤਾਂ ਤਾਰਾ ਸਿਹੁੰ ਭੱਜ ਕੇ ਆਉਂਦਾ, ਟੋਕਰਾ ਫੜ ਕੇ ਖੂਹੀ ਤੋਂ ਥੋੜ੍ਹਾ ਪਰ੍ਹਾਂ ਢੇਰੀ ਕਰ ਦਿੰਦਾ। ਓਹੀ ਦੇਰ ਓਧਰ ਜੀਵਨ ਗਰਦਲ ਨੂੰ ਫੜ ਕੇ ਖੜਾ ਰਹਿੰਦਾ। ਟੋਕਰਾ ਖਾਲੀ ਹੋਣ ਤੋਂ ਬਾਅਦ ਜੀਵਨ ਓਨੀ ਦੇਰ ਗਰਦਲ ਨੂੰ ਪੁੱਠੇ ਗੇੜੇ ਦਿੰਦਾ, ਜਿੰਨੀ ਦੇਰ ਖੂਹੀ 'ਚ ਬੰਦਾ ਟੋਕਰਾ ਫੜ ਕੇ ਹਾਕ ਨਾ ਮਾਰ ਦਿੰਦਾ।

ਇਹ ਕੰਮ ਲਗਾਤਾਰ ਚੱਲ ਰਿਹਾ ਸੀ। ਜ਼ਿਆਦਾ ਗਰਮੀ ਵੀ ਨਹੀਂ ਸੀ। ਫਿਰ ਵੀ ਕੰਮ ਕਰਦਿਆਂ ਨੂੰ ਪਸੀਨਾ ਆ ਰਿਹਾ ਸੀ। ਜੀਵਨ ਅਤੇ ਤਾਰਾ ਗਰਦਲ ਉਪਰ ਚਾਰੇ ਹੱਥ ਲਾ ਕੇ ਜ਼ੋਰ ਨਾਲ ਧੱਕ ਕੇ ਮਿੱਟੀ ਦੇ ਭਰੇ ਹੋਏ ਟੋਕਰੇ ਨੂੰ ਉਪਰ ਖਿੱਚ ਰਹੇ ਸਨ। ਇਸ ਵਾਰ ਜਦੋਂ ਟੋਕਰਾ ਬਾਹਰ ਆਇਆ ਤਾਂ ਤਾਰਾ ਜੀਵਨ ਨੂੰ ‘ਧਿਆਨ ਰੱਖੀਂ' ਕਹਿ ਕੇ ਆਪ ਟੋਕਰੇ ਵੱਲ ਨੂੰ ਭੱਜਿਆ। ਹਾਲੇ ਤਾਰੇ ਦਾ ਟੋਕਰੇ ਨੂੰ ਸੰਵਾਰ ਕੇ ਹੱਥ ਨਹੀਂ ਪਿਆ ਕਿ ਜੀਵਨ ਦੇ ਕੋਮਲ ਜਿਹੇ ਹੱਥ ਨੂੰ ਆਏ ਪਸੀਨੇ ਕਾਰਨ ਉਸ ਦੇ ਹੱਥਾਂ ਵਿੱਚੋਂ ਗਰਦਲ ਤਿਲਕ ਗਈ। ਓਧਰ ਟੋਕਰਾ ਤੇਜ਼ੀ ਨਾਲ ਹੇਠ ਨੂੰ ਮੁੜਨ ਲੱਗਿਆ। ਚੱਕਰੀ ਉਪਰ ਗਰਦਲ ਇੰਨੀ ਤੇਜ਼ੀ ਨਾਲ ਘੁੰਮੀ ਕਿ ਜੀਵਨ ਦੇ ਕੁਝ ਵੀ ਸੋਚਣ ਤੋਂ ਪਹਿਲਾਂ ਉਹ ਘੁੰਮ ਕੇ ਆ ਕੇ ਉਸ ਦੀ ਕੰਗਰੋੜ ਉਤੇ ਇੰਨੀ ਜ਼ੋਰ ਦੀ ਵੱਜੀ ਕਿ ਜੀਵਨ ਨੂੰ ਚੁੱਕ ਕੇ ਨਾਲ ਦੇ ਕਿਆਰੇ ਵਿੱਚ ਸੁੱਟ ਦਿੱਤਾ ਤੇ ਉਹ ਲੰਮੀ ਚੀਕ ਨਾਲ ਕੁਝ ਪਲਾਂ ਲਈ ਬੇਹੋਸ਼ ਹੋ ਕੇ ਮੂੰਹ ਭਾਰ ਜ਼ਮੀਨ 'ਤੇ ਡਿੱਗ ਪਿਆ। ਅਸੀਂ ਸਾਰੇ ਉਹਦੇ ਵੱਲ ਨੂੰ ਭੱਜੇ। ਮੈਂ ਪਾਣੀ ਦਾ ਗਿਲਾਸ ਭਰ ਲਿਆਇਆ। ਪਹਿਲਾਂ ਉਸ ਦੇ ਮੂੰਹ 'ਤੇ ਛਿੱਟੇ ਮਾਰ ਕੇ ਉਸ ਨੂੰ ਹੋਸ਼ 'ਚ ਲਿਆਂਦਾ। ਬਾਪੂ ਜੀ ਨੇ ਮੈਨੂੰ ਕਿਹਾ, ‘ਤੂੰ ਭੱਜ ਕੇ ਘਰੋਂ ਹਲਦੀ ਵਾਲਾ ਗਰਮ-ਗਰਮ ਦੁੱਧ ਲੈ ਕੇ ਆ।'

ਮੈਂ ਘਰੋਂ ਦੁੱਧ ਲਿਆਉਣ ਲਈ ਸਾਈਕਲ ਭਜਾ ਲਿਆ। ਤਾਰੇ ਵੀਰ ਦਾ ਪਰਵਾਰ ਪਹਿਲੋਂ ਹੀ ਬੜੀ ਮੁਸ਼ਕਿਲ ਨਾਲ ਆਪਣਾ ਗੁਜ਼ਾਰਾ ਚਲਾ ਰਿਹਾ ਸੀ। ਉਪਰੋਂ ਜੀਵਨ ਦੇ ਲੱਗੀ ਸੱਟ ਨੇ ਵੀਰ ਦੀ ਸੁਰਤ ਭੁਲਾ ਦਿੱਤੀ। ਉਹ ਆਪਣਾ ਸਿਰ ਫੜ ਕੇ ਬੈਠ ਗਿਆ, ਜਿਵੇਂ ਇਹ ਸੱਟ ਮੁੰਡੇ ਨੂੰ ਨਹੀਂ ਸਗੋਂ ਉਸ ਦੇ ਹੀ ਲੱਗੀ ਹੋਵੇ। ਜਦੋਂ ਤੀਕ ਮੈਂ ਘਰੋਂ ਦੁੱਧ ਲਿਆਇਆ, ਜੀਵਨ ਦੀ ਪਿੱਠ ਉਤੇ ਸੋਜ਼ਿਸ਼ ਆਉਣ ਕਰਕੇ ਉਸ ਨੂੰ ਮੰਜੇ ਉਪਰ ਉਲਟਾ ਪਾਇਆ ਹੋਇਆ ਸੀ। ਫਿਰ ਉਸ ਨੂੰ ਦੁੱਧ ਪਿਲਾਇਆ ਗਿਆ। ਉਹ ਦੁੱਧ ਪੀ ਕੇ ਕਾਫੀ ਰਾਹਤ ਮਹਿਸੂਸ ਕਰ ਰਿਹਾ ਸੀ। ਬਾਪੂ ਜੀ ਉਸ ਨੂੰ ਸਮਝਾ ਰਹੇ ਸਨ, ‘ਕਾਕਾ, ਜੇ ਤੂੰ ਨਾ ਪੜ੍ਹਨ ਵਾਲਾ ਇਰਾਦਾ ਬਦਲ ਦੇਵੇਂ ਤਾਂ ਸਾਰੀ ਜ਼ਿੰਦਗੀ ਮੌਜਾਂ ਕਰੇਂਗਾ, ਸਮਝਿਆ?' ਫਿਰ ਘੰਟੇ ਕੁ ਮਗਰੋਂ ਜੀਵਨ ਨੂੰ ਉਸੇ ਮੰਜੇ 'ਤੇ ਬਿਠਾ ਕੇ ਘਰ ਛੱਡ ਆਏ। ਬਾਪੂ ਜੀ ਨੇ ਮੈਨੂੰ ਕਿਹਾ, ‘ਸਵੇਰੇ ਸਕੂਲ ਜਾਣ ਵੇਲੇ ਅਤੇ ਸ਼ਾਮੀਂ ਸਕੂਲੋਂ ਮੁੜ ਕੇ ਪੂਰਾ ਹਫਤਾ ਤੇਰੀ ਡਿਊਟੀ ਐ ਕਿ ਬਿਨਾਂ ਨਾਗਾ ਇਸ ਨੂੰ ਹਲਦੀ ਵਾਲਾ ਦੁੱਧ ਪਿਲਾਉਣਾ ਹੈ।'

ਅਗਲੀ ਸਵੇਰ ਮੈਂ ਤਾਜ਼ੇ ਦੁੱਧ ਨੂੰ ਗਰਮ ਕਰਵਾ ਕੇ, ਜੀਵਨ ਨੂੰ ਉਨ੍ਹਾਂ ਦੇ ਘਰ ਦੇਣ ਗਿਆ। ਜਦੋਂ ਮੈਂ ਸ਼ਾਮ ਨੂੰ ਉਸ ਵਾਸਤੇ ਫਿਰ ਦੁੱਧ ਲੈ ਕੇ ਗਿਆ ਤਾਂ ਉਹ ਮੰਜੇ ਉਪਰ ਪਿਆ ਆਪਣੀ ਦਸਵੀਂ ਦੀ ਕਿਤਾਬ ਲੈ ਕੇ ਪੜ੍ਹ ਰਿਹਾ ਸੀ ਤੇ ਪੇਪਰਾਂ ਦੀ ਤਿਆਰੀ 'ਚ ਰੁੱਝ ਗਿਆ ਸੀ। ਦੁੱਧ ਪੀਣ ਤੋਂ ਬਾਅਦ ਮੈਨੂੰ ਕਹਿਣ ਲੱਗਿਆ, ‘ਗੱਜਣ ਚਾਚਾ. ਸੱਟ ਨੇ ਇਕ ਸਬਕ ਸਿਖਾ ਦਿੱਤਾ ਕਿ ਬੱਚੂ ਤੂੰ ਦਿਹਾੜੀ ਨ੍ਹੀਂ ਕਰ ਸਕਦਾ ਕਿਧਰੇ। ਹੁਣ ਜਿੰਨੀ ਦੇਰ ਤੂੰ ਏਦਾਂ ਦਾ ਦੁੱਧ ਪਿਲਾਈ ਜਾਵੇਗਾ ਓਨੀ ਦੇਰ 'ਚ ਮੈਨੂੰ ਆਪਣੇ ਪੇਪਰਾਂ ਦੀ ਤਿਆਰੀ ਕਰ ਲੈਣੀ ਐ। ਸਕੂਲ 'ਚ ਮੈਂ ਪੋਲੇ ਦੇ ਹੱਥ ਬਿਮਾਰੀ ਦੀ ਅਰਜ਼ੀ ਭੇਜ ਦਿੱਤੀ ਹੈ।' ਕੋਈ ਦਸ ਕੁ ਦਿਨਾਂ ਵਿੱਚ ਜੀਵਨ ਨੌਂ-ਬਰ-ਨੌਂ ਹੋ ਗਿਆ ਸੀ ਤੇ ਫਿਰ ਉਸ ਨੇ ਸਕੂਲ ਜਾਣਾ ਵੀ ਸ਼ੁਰੂ ਕਰ ਦਿੱਤਾ ਸੀ। ਨਤੀਜੇ ਵਿੱਚ ਉਸ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਉਹ ਕੱਦਾਵਾਰ ਹੋਣ ਕਰਕੇ ਪੁਲਸ ਵਿੱਚ ਭਰਤੀ ਹੋਣ ਲਈ ਚਲਾ ਗਿਆ ਤੇ ਪਹਿਲੀ ਵਾਰ ਹੀ ਸਾਰੇ ਟੈਸਟ ਪਾਸ ਕਰਕੇ ਚੁਣਿਆ ਗਿਆ ਸੀ। ਅੱਜ ਤਾਰਾ ਵੀਰ ਅਤੇ ਦੇਬੋ ਭਰਜਾਈ ਜਿਊਂਦੇ ਨਹੀਂ ਹਨ, ਜੇ ਹੁੰਦੇ ਤਾਂ ਕਿੰਨਾ ਫਖਰ ਮਹਿਸੂਲ ਕਰਨਾ ਸੀ ਇਸ ਵਕਤ।

ਅੱਜ ਇਕੱਤੀ ਤਾਰੀਖ ਦੀ ਸ਼ਾਮ ਹੈ। ਮੈਂ ਤਿਆਰ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਣ ਲਈ ਘਰੋਂ ਤੁਰ ਪਿਆ ਹਾਂ। ਜਦੋਂ ਮੈਂ ਪਿੰਡ ਦੇ ਦਰਵਾਜ਼ੇ ਵਿੱਚ ਦੀ ਲੰਘਣ ਲੱਗਿਆ ਤਾਂ ਉਥੇ ਬਹੁਤ ਸਾਰੇ ਲੋਕ ਜੀਵਨ ਦੀ ਰਿਟਾਇਰਮੈਂਟ ਪਾਰਟੀ 'ਚ ਸ਼ਾਮਲ ਹੋਣ ਲਈ ਤਿਆਰ ਬੈਠੇ ਸਨ। ਮੇਰੇ ਲੰਘਣ ਦੀ ਦੇਰ ਸੀ, ਉਥੇ ਘੁਸਰ ਮੁਸਰ ਸ਼ੁਰੂ ਹੋ ਗਈ। ਜਦੋਂ ਮੈਂ ਪਹੁੰਚਿਆ ਹਾਲੇ ਪਾਰਟੀ ਸ਼ੁਰੂ ਨਹੀਂ ਸੀ ਹੋਈ। ਫਿਰ ਵੀ ਅੱਧਾ ਪਿੰਡ ਪੁੱਜਿਆ ਹੋਇਆ ਸੀ। ਬਾਕੀ ਲੋਕ ਆਉਣ ਵਾਲੇ ਸਨ। ਇਕ ਪਾਸੇ ਡੀ ਜੇ ਚੱਲ ਰਿਹਾ ਸੀ। ਇਕ ਮੁੰਡਾ ਸਟੇਜ 'ਤੇ ਖੜਾ ਲੋਕਾਂ ਵੱਲੋਂ ਕੀਤੀ ਹੋਈ ਫਰਮਾਇਸ਼ ਦੇ ਗੀਤ ਸੁਣਾ ਰਿਹਾ ਸੀ। ਥੋੜ੍ਹੀ ਦੇਰ ਬਾਅਦ ਸਾਰਾ ਪਿੰਡ ਪਾਰਟੀ 'ਚ ਅੱਪੜ ਗਿਆ। ਸਾਰੇ ਲੋਕ ਮੇਰੇ ਵੱਲ ਕੌੜ ਨਜ਼ਰਾਂ ਨਾਲ ਵੇਖ ਰਹੇ ਸਨ। ਮੈਨੂੰ ਮਹਿਸੂਸ ਹੋਇਆ ਕਿ ਇਹ ਲੋਕ ਪਾਰਟੀ 'ਚ ਘੱਟ ਅਤੇ ਮੇਰੀ ਬੇਇੱਜ਼ਤੀ ਹੁੰਦੀ ਦੇਖਣ ਲਈ ਜ਼ਿਆਦਾ ਹੁੰਮ-ਹੁੰਮਾ ਕੇ ਪੁੱਜੇ ਹੋਏ ਹਨ। ਮੈਨੂੰ ਉਥੇ ਕੋਈ ਬੁਲਾ ਵੀ ਨਹੀਂ ਸੀ ਰਿਹਾ, ਸਗੋਂ ਮੈਂ ਕਿਸੇ ਨੂੰ ਬੁਲਾਉਣ ਦੀ ਕੋਸ਼ਿਸ਼ ਕਰਦਾ ਤਾਂ ਅਗਲਾ ਮੈਥੋਂ ਇਉਂ ਪਰ੍ਹੇ ਹੋ ਜਾਂਦਾ ਜਿਵੇਂ ਮੈਨੂੰ ਛੂਤ ਦੀ ਬਿਮਾਰੀ ਹੋਵੇ।



ਅਚਾਨਕ ਜੀਵਨ ਆਪਣੇ ਘਰੋਂ ਨਿਕਲਿਆ ਅਤੇ ਸਿੱਧਾ ਸਟੇਜ 'ਤੇ ਜਾ ਚੜ੍ਹਿਆ। ਸਭ ਤੋਂ ਪਹਿਲਾਂ ਸਾਡੀਆਂ ਨਜ਼ਰਾਂ ਆਪਸ ਵਿੱਚ ਮਿਲੀਆਂ। ਉਸ ਨੇ ਮੁੰਡੇ ਕੋਲੋਂ ਜਿਉਂ ਹੀ ਮਾਈਕ ਫੜਿਆ, ਚੁਫੇਰੇ ਚੁੱਪ ਪਸਰ ਗਈ। ਉਸ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ, ‘ਮੈਂ ਕੋਈ ਬੁਲਾਰਾ ਤਾਂ ਨਹੀਂ ਅਤੇ ਨਾ ਮੈਨੂੰ ਕੋਈ ਇਸ ਤਰ੍ਹਾਂ ਦਾ ਭਾਸ਼ਣ ਦੇਣਾ ਆਉਂਦਾ ਹੈ। ਫਿਰ ਵੀ ਜੋ ਸੱਚ ਮੇਰੇ ਅੰਦਰੋਂ ਫੁੱਟ ਰਿਹਾ ਹੈ, ਉਸ ਦੇ ਦੋ ਬੋਲ ਅੱਜ ਤੁਹਾਨੂੰ ਦੱਸਣ ਲੱਗਿਆ ਹਾਂ। ਅੱਜ ਮੈਂ ਜੋ ਵੀ ਕੁਝ ਹਾਂ, ਸਭ ਗੱਜਣ ਚਾਚੇ ਦੀ ਬਦੌਲਤ ਹਾਂ।' ਉਸ ਨੇ ਲੋਕਾਂ ਦੇ ਇਕੱਠ 'ਚ ਮੇਰੇ ਵੱਲ ਹੱਥ ਕੀਤਾ, ‘ਇਸ ਦੇ ਪਿਲਾਏ ਹੋਏ ਹਲਦੀ ਵਾਲੇ ਦੁੱਧ ਨੇ ਮੈਨੂੰ ਇੰਨੀ ਤਾਕਤ ਦਿੱਤੀ ਕਿ ਮੈਂ ਛੱਤੀ ਸਾਲ ਦੀ ਨੌਕਰੀ ਕਰਕੇ ਅੱਜ ਰਿਟਾਇਰ ਹੋ ਗਿਆ ਹਾਂ। ਨਹੀਂ ਤਾਂ ਮੇਰੀ ਭੋਗ ਵਾਲੀ ਤਾਰੀਕ ਪਤਾ ਨਹੀਂ ਕਦੋਂ ਦੀ ਲੰਘ ਚੁੱਕੀ ਹੁੰਦੀ। ਅੱਜ ਅਨੇਕਾਂ ਸਮਾਜ ਵਿਰੋਧੀ ਅਨਸਰਾਂ ਨਾਲ ਜੰਗ ਲੜਨ ਲਈ ਇਕੱਲਾ ਗੱਜਣ ਚਾਚਾ ਕੁਝ ਨਹੀਂ ਕਰ ਸਕਦਾ। ਸਾਨੂੰ ਸਾਰਿਆਂ ਨੂੰ ਉਸ ਨੂੰ ਸਹਿਯੋਗ ਦੇਣ ਦੀ ਲੋੜ ਹੈ। ਜੇ ਅਸੀਂ ਸਿਹਤ ਅਤੇ ਮਾਨਸਿਕ ਤੌਰ 'ਤੇ ਕਿਧਰੋਂ ਕਮਜ਼ੋਰ ਹੋ ਗਏ ਹਾਂ ਤਾਂ ਸਾਨੂੰ ਮਜ਼ਬੂਤ ਹੋਣ ਲਈ ਇਸ ਦੇ ਉਸੇ ਹਲਦੀ ਵਾਲੇ ਦੁੱਧ ਦੀ ਫਿਰ ਲੋੜ ਹੈ ਜਿਸ ਨੇ ਮੇਰੇ ਵਰਗੇ ਨਾਜ਼ੁਕ ਬੰਦੇ ਨੂੰ ਲੋਹੇ ਦੀ ਲੱਠ ਵਰਗਾ ਬਣਾ ਦਿੱਤਾ। ਆਓ ਪ੍ਰਣ ਕਰੀਏ ਕਿ ਇਨ੍ਹਾਂ ਲੋਕਾਂ ਦਾ ਸਾਥ ਦੇਈਏ ਜੋ ਸੱਚ ਅਤੇ ਇਮਾਨਦਾਰੀ ਦੇ ਰਾਹ ਉਤੇ ਚੱਲਣ ਦੀ ਹਿੰਮਤ ਰੱਖਦੇ ਹਨ। ਧੰਨਵਾਦ!'

ਜੀਵਨ ਦੇ ਮੂੰਹੋਂ ਮੇਰੇ ਪ੍ਰਤੀ ਇਹ ਸ਼ਬਦ ਸੁਣ ਕੇ ਪਿੰਡ ਦੇ ਲੋਕ ਮੇਰੇ ਨੇੜੇ ਨੂੰ ਢੁੱਕਣ ਲੱਗੇ, ਪਰ ਮੈਂ ਉਨ੍ਹਾਂ ਤੋਂ ਲਗਾਤਾਰ ਪਿੱਛੇ ਹਟਦਾ ਗਿਆ। ਮੈਨੂੰ ਪਿੱਛੇ ਹਟਦਿਆਂ ਦੇਖ ਕੇ ਲੋਕ ਮੇਰੇ ਮੂੰਹ ਵੱਲ ਅਵਾਕ ਝਾਕਣ ਲੱਗੇ। ਪਤਾ ਨਹੀਂ। ਇਸ ਵਕਤ ਉਹ ਫਖਰ ਮਹਿਸੂਸ ਕਰ ਰਹੇ ਜਾਂ ਸ਼ਰਮ। ਮੈਨੂੰ ਕੁਝ ਵੀ ਸਮਝ ਨਹੀਂ ਸੀ ਆ ਰਿਹਾ।


## 2 bedroom basement available

Available from 1st week of February Well clean and fully furnished 2 bedroom basement is available for rent in Malton area near Singh sabha gurdwara. Internet and laundry available.

Call 905-848-5464



ਕੈਨੇਡੀਅਨ ਪੰਜਾਬੀ ਪੌਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- Free valuation & Lowest Commission
- We Help to get mortgage
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Homely Environment
- Biweekly payment
- ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL · TRANSPORT · STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

FOR LEASE
Lease: $2,599
Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- Forklift Driver
- Millwright's
- AZ-DZ Drivers
- Machine Mechanic
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

